






PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
12 ਮਾਰਚ ਤੋਂ 18 ਮਾਰਚ, 2026
Email :- editor@punjabstar.com, Vo. 20. Issue:1228


## ਕੈਨੇਡਾ ਦੇ PM ਮਾਰਕ ਕਾਰਨੀ ਵੱਲੋਂ ਤਿੰਨ ਹਲਕਿਆਂ 'ਚ ਜ਼ਿਮਨੀ ਚੋਣ ਦਾ ਐਲਾਨ



ਓਨਟਾਰੀਓ, (ਪੰਜਾਬ ਸਟਾਰ ਬਿਓਰੋ) :- ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਤਿੰਨ ਪਾਰਲੀਮਾਨੀ ਹਲਕਿਆਂ 'ਚ ਜ਼ਿਮਨੀ ਚੋਣ ਦਾ ਐਲਾਨ ਕੀਤਾ ਕਰ ਦਿੱਤਾ ਗਿਆ ਹੈ, ਜਦਕਿ ਦੂਜੇ ਪਾਸੇ ਮਹਿਲਾ ਜਥੇਬੰਦੀਆਂ ਨੇ ਓਨਟਾਰੀਓ 'ਚ ਮਿਊਂਸਪਲ ਚੋਣਾਂ ਦਾ ਬਿਗਲ ਵਜਾਉਂਦਿਆਂ ਵੱਧ ਤੋਂ ਵੱਧ ਔਰਤਾਂ ਨੂੰ ਮੈਦਾਨ 'ਚ ਉਤਾਰਨ ਦਾ ਸੱਦਾ ਦਿਤਾ ਹੈ। ਸਕਾਰਬ੍ਰੋਅ ਸਾਊਥ-ਵੈਸਟ, ਯੂਨੀਵਰਸਿਟੀ-ਰੋਜ਼ਡੇਲ ਅਤੇ ਮਾਂਟਰੀਅਲ ਦੀ ਟੈਰੇਬੌਨ ਪਾਰਲੀਮਾਨੀ ਰਾਈਡਿੰਗ 'ਤੇ 13 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਇਲੈਕਸ਼ਨਜ਼ ਕੈਨੇਡਾ ਮੁਤਾਬਕ ਐਡਵਾਂਸ ਪੋਲਿੰਗ 3 ਅਪ੍ਰੈਲ ਤੋਂ 6 ਅਪ੍ਰੈਲ ਤੱਕ ਹੋਵੇਗੀ ਅਤੇ 7 ਅਪ੍ਰੈਲ ਤੋਂ ਪਹਿਲਾਂ ਡਾਕ ਰਾਹੀਂ ਵੋਟ ਪਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਇਲੈਕਸ਼ਨਜ਼ ਕੈਨੇਡਾ ਦੇ ਕਿਸੇ ਵੀ ਦਫ਼ਤਰ 'ਚ 7 ਅਪ੍ਰੈਲ ਤੱਕ ਵੋਟ ਪਾਉਣ ਦੀ ਸਹੂਲਤ ਵੱਖਰੇ ਤੌਰ 'ਤੇ ਦਿੱਤੀ ਗਈ ਹੈ। ਸਕਾਰਬ੍ਰੋਅ ਸਾਊਥ-ਵੈਸਟ ਸੀਟ ਲੰਮੇ ਸਮੇਂ ਤੋਂ ਐੱਮ.ਪੀ. ਬਿਲ ਬਲੇਅਰ ਦੇ ਅਸਤੀਫ਼ੇ ਮਗਰੋਂ ਖ਼ਾਲੀ ਹੋਈ, ਜਿਨ੍ਹਾਂ ਨੂੰ ਯੂ.ਕੇ. ਵਿਚ ਕੈਨੇਡਾ ਦਾ ਨਵਾਂ ਹਾਈ ਕਮਿਸ਼ਨਰ ਥਾਪਿਆ ਗਿਆ ਹੈ, ਜਦਕਿ ਯੂਨੀਵਰਸਿਟੀ-ਰੋਜ਼ਡੇਲ ਸੀਟ ਸਾਬਕਾ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ਼ਰੀਲੈਂਡ ਦੇ ਅਸਤੀਫ਼ੇ ਕਰ ਕੇ ਖ਼ਾਲੀ ਹੋਈ, ਜਿਨ੍ਹਾਂ ਵੱਲੋਂ ਯੂਕਰੇਨ ਸਰਕਾਰ ਦੀ ਸਲਾਹਕਾਰ ਵਜੋਂ ਨਾਮਜ਼ਦਗੀ ਹਾਸਲ ਕੀਤੀ। ਇਨ੍ਹਾਂ ਦੋਹਾਂ ਸੀਟਾਂ ਦੇ ਉਲਟ ਟੈਰੇਬੌਨ ਸੀਟ ਦਾ ਚੋਣ ਨਤੀਜਾ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ, ਜਿਥੇ ਪਿਛਲੇ ਸਾਲ ਅਪ੍ਰੈਲ ਵਿਚ ਹੋਈਆਂ ਆਮ ਚੋਣਾਂ ਦੌਰਾਨ ਪਹਿਲਾਂ ਬਲੌਕ ਕਿਊਬੈਕਵਾ ਦੀ ਨੈਟਲੀ ਸਿੰਕਲੇਅਰ ਨੂੰ ਜੇਤੂ ਐਲਾਨਿਆ ਗਿਆ ਅਤੇ ਬਾਅਦ ਵਿਚ ਨਿਆਂਇਕ * ਬਾਕੀ ਸਫ਼ਾ 2 'ਤੇ

# ਇਰਾਨ-ਇਜ਼ਰਾਈਲ ਜੰਗ ਦੌਰਾਨ 1,300 ਤੋਂ ਵੱਧ ਲੋਕਾਂ ਦੀ ਮੌਤ

## ਈਰਾਨ ਯੁੱਧ ਸ਼ੁਰੂ ਹੋਣ ਤੋਂ ਬਾਅਦ 140 ਅਮਰੀਕੀ ਸੈਨਿਕ ਜ਼ਖ਼ਮੀ: ਪੈਂਟਾਗਨ



ਇਰਾਨ, (ਪੰਜਾਬ ਸਟਾਰ ਬਿਓਰੋ) : ਅੱਜ ਅਮਰੀਕਾ-ਇਜ਼ਰਾਈਲ-ਇਰਾਨ ਯੁੱਧ ਦਾ 12ਵਾਂ ਦਿਨ ਹੈ। ਈਰਾਨ ਦਾ ਕਹਿਣਾ ਹੈ ਕਿ ਹੁਣ ਤੱਕ ਹਮਲਿਆਂ ਵਿੱਚ 1,300 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਲਗਭਗ 8,000 ਘਰਾਂ ਨੂੰ ਨੁਕਸਾਨ ਪਹੁੰਚਿਆ ਹੈ।

ਸੰਯੁਕਤ ਰਾਸ਼ਟਰ ਵਿੱਚ ਈਰਾਨ ਦੇ ਰਾਜਦੂਤ ਅਮੀਰ ਸਈਦ ਇਰਾਵਾਨੀ ਦੇ ਅਨੁਸਾਰ, ਦੇਸ਼ ਦੇ ਲਗਭਗ 9,600 ਨਾਗਰਿਕ ਖੇਤਰਾਂ 'ਤੇ ਹਮਲੇ ਕੀਤੇ ਗਏ ਹਨ। ਇਨ੍ਹਾਂ ਵਿੱਚ ਘਰ, ਬਾਜ਼ਾਰ, ਹਸਪਤਾਲ, ਮੈਡੀਕਲ ਸੈਂਟਰ ਅਤੇ ਸਕੂਲ ਸ਼ਾਮਲ ਹਨ।

ਈਰਾਨ ਨੇ ਇਜ਼ਰਾਈਲ ਦੇ ਹਾਈਫਾ, ਯਰੂਸ਼ਲਮ ਅਤੇ ਤੇਲ ਅਵੀਵ 'ਤੇ ਮਿਜ਼ਾਈਲ ਹਮਲੇ ਕਰਨ * ਬਾਕੀ ਸਫ਼ਾ 2 'ਤੇ

### ਈਰਾਨ ਜੰਗ ਨੂੰ ਲੈ ਕੇ ਟਰੰਪ ਦਾ ਸਖ਼ਤ ਐਲਾਨ !

## 'ਕੰਮ ਅਜੇ ਅਧੂਰਾ ਹੈ, ਅਸੀਂ ਜੰਗ ਵਿਚਕਾਰ ਨਹੀਂ ਛੱਡਾਂਗੇ'



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਈਰਾਨ ਵਿਰੁੱਧ ਚੱਲ ਰਹੇ ਅਮਰੀਕੀ ਫੌਜੀ ਅਪ੍ਰੇਸ਼ਨ 'ਐਪਿਕ ਫਿਊਰੀ' (Operation Epic Fury) ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰੁਖ਼ ਵਿੱਚ ਇੱਕ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਕੁੱਝ ਘੰਟੇ ਪਹਿਲਾਂ ਜੰਗ ਦੇ ਜਲਦੀ ਖਤਮ ਹੋਣ ਦਾ ਦਾਅਵਾ ਕਰਨ * ਬਾਕੀ ਸਫ਼ਾ 2 'ਤੇ

## ਟਰੰਪ ਨੇ ਰੋਕੇ 10,000 ਪੰਜਾਬੀਆਂ ਦੇ ਵਿਆਹ !

ਵਾਸ਼ਿੰਗਟਨ/ਤਹਿਰਾਨ, (ਪੰਜਾਬ ਸਟਾਰ ਬਿਓਰੋ) : ਡੌਨਲਡ ਟਰੰਪ ਨੂੰ ਹੁਣ ਪੰਜਾਬ ਰਹਿੰਦੇ ਲੋਕ ਵੀ ਬਦਅਸੀਸਾਂ ਦੇ ਰਹੇ ਹਨ ਜਿਨ੍ਹਾਂ ਦੇ 10 ਹਜ਼ਾਰ ਵਿਆਹਾਂ ਉਤੇ ਵੱਡਾ ਖ਼ਤਰਾ ਮੰਡਰਾਅ ਰਿਹਾ ਹੈ। ਜੀ ਹਾਂ, ਅਮਰੀਕਾ ਦੇ ਰਾਸ਼ਟਰਪਤੀ ਈਰਾਨ ਜੰਗ ਖ਼ਤਮ ਹੋਣ ਐਲਾਨ ਕਰਨ ਤੋਂ ਕੁਝ ਘੰਟੇ ਦੇ ਅੰਦਰ ਹੀ ਮੁੱਕਰ ਗਏ ਅਤੇ ਈਰਾਨ ਉਤੇ ਮੁੜ ਵੱਡਾ ਹਮਲਾ ਕਰਨ ਦੇ ਹੁਕਮ ਦੇ ਦਿਤੇ। ਜੰਗ ਨਾ ਰੁਕੀ ਤਾਂ ਐਲ.ਪੀ.ਜੀ. ਯਾਨੀ ਰਸੋਈ ਗੈਸ ਦੀ ਸਪਲਾਈ ਬਹਾਲ ਨਹੀਂ ਹੋਣੀ ਅਤੇ ਵਿਆਹ ਟਾਲਣੇ ਪੈਣਗੇ ਜਦਕਿ ਪਰਵਾਰਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਹੁਣ ਵਿਆਹ ਵਾਲੇ ਘਰ ਰਸੋਈ ਗੈਸ ਸਿਲੰਡਰਾਂ ਦੇ ਪ੍ਰਬੰਧਾਂ ਲਈ ਦੌੜ-ਭੱਜ ਕਰਦੇ ਨਜ਼ਰ ਆ ਰਹੇ ਹਨ। ਚੇਤੇ ਰਹੇ ਕਿ ਰੂਸ ਦੇ ਰਾਸ਼ਟਰਪਤੀ ਨਾਲ ਗੁੱਝੀ ਫੋਨ ਕਾਲ ਤੋਂ ਬਾਅਦ ਈਰਾਨ ਜੰਗ ਖ਼ਤਮ ਹੋਣ ਦਾ ਜ਼ਿਕਰ ਕਰਨ ਵਾਲੇ ਅਮਰੀਕਾ ਦੇ ਰਾਸ਼ਟਰਪਤੀ ਨੇ * ਬਾਕੀ ਸਫ਼ਾ 2 'ਤੇ

## ਨਿਊਜ਼ੀਲੈਂਡ 'ਚ ਹੋਲੀ ਦੇ ਜਸ਼ਨਾਂ ਲਈ ਪੁੱਜੇ ਸਨ 18 ਭਾਰਤੀ ਕਲਾਕਾਰਾਂ 'ਚੋਂ 15 ਕਲਾਕਾਰ ਗਾਇਬ !, ਭਾਲ ਜਾਰੀ




ਆਕਲੈਂਡ, (ਪੰਜਾਬ ਸਟਾਰ ਬਿਓਰੋ): 'ਇਮੀਗ੍ਰੇਸ਼ਨ ਨਿਊਜ਼ੀਲੈਂਡ' ਨੂੰ ਹੁਣ ਉਨ੍ਹਾਂ ਭਾਰਤੀ ਕਲਾਕਾਰਾਂ ਦੀ ਭਾਲ਼ ਹੈ, ਜਿਹੜੇ ਹੋਲੀ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਭਾਰਤ ਤੋਂ ਖ਼ਾਸ ਤੌਰ ਉਤੇ ਨਿਊਜ਼ੀਲੈਂਡ ਪੁੱਜੇ ਸਨ। ਵੀਜ਼ਾ ਡਾਇਰੈਕਟਰ ਜੌਨ ਗਿਲਰੇਅ ਨੇ ਦੱਸਿਆ ਕਿ ਭਾਰਤ ਤੋਂ ਕੁੱਲ 18 ਕਲਾਕਾਰ ਨਿਊਜ਼ੀਲੈਂਡ ਪੁੱਜੇ ਸਨ। ਉਨ੍ਹਾਂ 'ਚੋਂ ਸਿਰਫ਼ ਚਾਰ ਕੋਲ਼ ਹੀ ਵੈਧ ਵਿਜ਼ਿਟਰ ਵੀਜ਼ਾ ਸਨ। ਇਨ੍ਹਾਂ ਕੋਲ਼ ਸਿਰਫ਼ 6 ਮਾਰਚ ਤੱਕ ਹੀ ਵੀਜ਼ਾ ਸਨ ਪਰ ਉਨ੍ਹਾਂ 'ਚੋਂ ਸਿਰਫ਼ ਤਿੰਨ ਜਣੇ ਹੀ ਭਾਰਤ ਪਰਤੇ ਹਨ। ਬਾਕੀ ਦੇ 15 ਕਲਾਕਾਰਾਂ ਦੀ 'ਇਮੀਗ੍ਰੇਸ਼ਨ ਨਿਊਜ਼ੀਲੈਂਡ' ਨੂੰ ਤਲਾਸ਼ ਹੈ।

ਵੀਜ਼ਾ ਅਧਿਕਾਰੀ ਗਿਲਰੇਅ ਨੇ ਦੱਸਿਆ ਕਿ ਅਜਿਹੇ ਹਰੇਕ ਮਾਮਲੇ ਦੀ ਜਾਂਚ ਵਿਅਕਤੀਗਤ ਆਧਾਰ ਉਤੇ ਹੀ ਕੀਤੀ ਜਾਂਦੀ ਹੈ। ਉਨ੍ਹਾਂ ਇਸ ਮਾਮਲੇ ਦੇ ਹੋਰ ਕੋਈ ਬਹੁਤੇ ਵੇਰਵੇ ਸਾਂਝੇ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਇੱਕ ਰਿਪੋਰਟ ਮੁਤਾਬਕ * ਬਾਕੀ ਸਫ਼ਾ 2 'ਤੇ

## ਅਮਰੀਕਾ : ਮਸ਼ਹੂਰ ਪੌਪ ਸਟਾਰ ਰਿਹਾਨਾ ਦੇ ਘਰ ਦੇ ਬਾਹਰ ਫਾਇਰਿੰਗ



ਅਮਰੀਕਾ, (ਪੰਜਾਬ ਸਟਾਰ ਬਿਓਰੋ): ਦੁਨੀਆ ਦੀਆਂ ਸਭ ਤੋਂ ਮਸ਼ਹੂਰ ਗਾਇਕਾਵਾਂ ਵਿੱਚੋਂ ਇੱਕ ਰਿਹਾਨਾ ਨੇ ਆਪਣੇ ਸੰਗੀਤ ਰਾਹੀਂ ਦੁਨੀਆ ਭਰ ਵਿੱਚ ਇੱਕ ਵੱਖਰੀ ਪਛਾਣ ਬਣਾਈ ਹੈ, ਜਿਸ ਕਾਰਨ ਹਰ ਦੇਸ਼ ਵਿੱਚ ਉਨ੍ਹਾਂ ਦੇ ਹਜ਼ਾਰਾਂ ਪ੍ਰਸ਼ੰਸਕਮੌਜੂਦ ਹਨ। * ਬਾਕੀ ਸਫ਼ਾ 2 'ਤੇ

## ਔਰਤਾਂ ਨੂੰ 1000 ਰੁਪਏ ਦੇਣ ਦੇ ਫ਼ੈਸਲੇ ਤੋਂ ਖਫ਼ਾ ਹੋ ਕੇ ਵਿਰੋਧੀ ਧਿਰ ਬਜਟ 'ਤੇ ਚਰਚਾ ਕਰਨ ਤੋਂ ਭੱਜੀ: ਭਗਵੰਤ ਸਿੰਘ ਮਾਨ

### 'ਜੇਕਰ ਵਿਰੋਧੀਆਂ ਨੂੰ ਗੁਰਬਤ ਬਾਰੇ ਪਤਾ ਹੁੰਦਾ ਤਾਂ ਔਰਤ ਨੂੰ 1000 ਰੁਪਏ ਦੇਣ ਦੀ ਮੁਖਾਲਫ਼ਤ ਨਾ ਕਰਦੇ'



ਚੰਡੀਗੜ੍ਹ, (ਪੰਜਾਬ ਸਟਾਰ ਬਿਓਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਵਿਰੋਧੀ ਧਿਰ ਨੇ ਬਜਟ ਦੀ ਬਹਿਸ ਵਿੱਚ ਇਸ ਕਰਕੇ ਹਿੱਸਾ ਨਹੀਂ ਲਿਆ ਕਿਉਂਕਿ ਮਹਿਲਾਵਾਂ ਨੂੰ 1,000 ਰੁਪਏ ਦੇਣ ਦੇ ਇਤਿਹਾਸਕ ਫੈਸਲੇ ਦਾ ਸਾਹਮਣਾ ਕਰਨ ਤੋਂ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਦਹਾਕਿਆਂ ਤੱਕ ਲੋਕਾਂ ਨੂੰ ਗਰੀਬ 'ਚ ਧੱਕਣ ਵਾਲੀਆਂ ਪਾਰਟੀਆਂ ਹੁਣ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਅਧੀਨ ਆਮ ਪਰਿਵਾਰਾਂ ਦੇ ਸਸ਼ਕਤੀਕਰਨ ਤੋਂ ਬੁਖਲਾਈਆਂ ਹੋਈਆਂ ਹਨ। ਪੰਜਾਬ ਸਰਕਾਰ ਦੇ ਪੰਜਵੇਂ ਸਾਲਾਨਾ ਬਜਟ ਨੂੰ "ਸ਼ਹੀਦਾਂ ਦੇ ਸੁਪਨਿਆਂ ਦਾ ਬਜਟ" ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਜਟ ਦਾ ਉਦੇਸ਼ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੈ। ਇਸ ਦੁਹਰਾਇਆ ਕਿ ਪੰਜਾਬ ਸਰਕਾਰ ਨੇ ਚਾਰ ਸਾਲਾਂ ਦੇ ਅੰਦਰ ਆਪਣੀਆਂ ਸਾਰੀਆਂ ਚੋਣ ਗਰੰਟੀਆਂ ਪੂਰੀਆਂ ਕਰ ਲਈਆਂ ਹਨ ਅਤੇ ਉਹ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਏਜੰਡਾ ਤਿਆਰ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਵਿਰੋਧੀ ਧਿਰ ਪਹਿਲਾਂ ਤੋਂ ਹੀ ਇਹ ਜਾਣਦੀ ਹੈ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ 2027 ਵਿੱਚ ਮੁੜ ਸੱਤਾ 'ਚ ਆਵੇਗੀ, ਇਸ ਲਈ ਵਿਰੋਧੀ ਧਿਰ ਨੇ ਲੋਕਾਂ ਦੇ ਸਾਹਮਣੇ ਸੱਚਾਈ ਦਾ ਸਾਹਮਣਾ ਕਰਨ ਦੀ ਥਾਂ ਬਹਿਸ ਤੋਂ ਭੱਜਣਾ ਚੁਣਿਆ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿੱਤੀ ਸਾਲ 2026-27 ਲਈ ਪੇਸ਼ ਕੀਤੇ ਬਜਟ 'ਤੇ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਚਾਰ ਸਾਲਾਂ ਵਿੱਚ ਸਾਰੀਆਂ ਚੋਣ ਗਾਰੰਟੀਆਂ ਨੂੰ ਪੂਰਾ ਕੀਤਾ ਹੈ। ਰਵਾਇਤੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਖਾਨਾਪੂਰਤੀ ਹੁੰਦੇ ਸਨ। ਅਸੀਂ ਲੋਕਾਂ ਦੇ ਸਹਿਯੋਗ ਨਾਲ ਸਾਲ 2027 ਵਿੱਚ ਏਸੇ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਦੇ ਰਹਾਂਗੇ। ਪਹਿਲੀ ਵਾਰ ਕਿਸੇ ਸਰਕਾਰ ਨੇ ਆਪਣੇ ਬਜਟ ਨੂੰ ਪਵਿੱਤਰ ਦਸਤਾਵੇਜ਼ ਸਮਝਦੇ ਹੋਏ ਲੋਕਾਂ ਨਾਲ ਕੀਤਾ ਇਕ-ਇਕ ਵਾਅਦਾ ਪੂਰਾ ਕੀਤਾ ਹੈ।" * ਬਾਕੀ ਸਫ਼ਾ 2 'ਤੇ

## ਬੀਸੀ ਸਰਕਾਰ ਵੱਲੋਂ ਧਾਰਮਿਕ ਅਦਾਰਿਆਂ ਨੇੜੇ ਪ੍ਰਦਰਸ਼ਨਾਂ 'ਤੇ ਰੋਕ ਲਾਉਣ ਦੀ ਤਿਆਰੀ

(ਪੰਜਾਬ ਸਟਾਰ ਬਿਓਰੋ)




ਬੀਸੀ ਦੀ ਐੱਨ ਡੀ ਪੀ ਸਰਕਾਰ ਵੱਲੋਂ ਸੂਬੇ ਵਿੱਚ ਧਾਰਮਿਕ ਸਥਾਨਾਂ ਦੇ ਨੇੜੇ ਵਿਰੋਧ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਲੈਜਿਸਲੇਟਰ ਵਿਚ ਪੇਸ਼ ਬਿੱਲ 13 ਤਹਿਤ ਸੂਬੇ ਵਿਚ ਧਾਰਮਿਕ ਸਥਾਨਾਂ ਜਿਵੇਂ ਮੰਦਰ, ਮਸਜਿਦ, ਗੁਰਦੁਆਰਾ ਸਾਹਿਬ, ਚਰਚ ਆਦਿ ਦੇ ਬਾਹਰ ਰੋਸ ਮੁਜ਼ਾਹਰਿਆਂ ਦੀ ਮਨਾਹੀ ਹੋਵੇਗੀ। ਇਹ ਬਿੱਲ ਪਾਸ ਹੋਣ 'ਤੇ ਨਵਾਂ ਕਾਨੂੰਨ ਪੂਜਾ ਸਥਾਨਾਂ ਨੂੰ ਉਨ੍ਹਾਂ ਦੀ ਜਾਇਦਾਦ ਦੇ 20 ਮੀਟਰ ਦੇ ਘੇਰੇ ਵਿੱਚ ਇਕ ਵਿਸ਼ੇਸ਼ ਜ਼ੋਨ ਸਥਾਪਤ ਕਰਨ ਵਾਲੇ ਸਾਈਨ ਲਗਾਉਣ ਦੀ ਆਗਿਆ ਦੇਵੇਗਾ।

ਪ੍ਰੀਮੀਅਰ ਡੇਵਿਡ ਈਬੀ, ਅਟਾਰਨੀ ਜਨਰਲ ਨਿੱਕੀ ਸ਼ਰਮਾ ਤੇ ਹੋਰ ਮੰਤਰੀਆਂ ਨੇ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆ ਬਿੱਲ 13 ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਿਹਾ ਕਿ ਦੂਜੀ ਪੜਤ ਤੋਂ ਬਾਅਦ ਬਹਿਸ ਹੋਣ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ ਤੇ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਕੈਨੇਡਾ ਦੇ PM ਮਾਰਕ...

ਸਮੀਖਿਆ ਦੇ ਆਧਾਰ 'ਤੇ ਲਿਬਰਲ ਉਮੀਦਵਾਰ ਤਾਤਿਆਨਾ ਔਗਸਤ ਜੇਤੂ ਕਰਾਰ ਦੇ ਦਿੱਤੀ ਗਈ। ਨੈਟਨੀ ਸਿੰਕਲੇਅਰ ਵੱਲੋਂ ਚੋਣ ਨਤੀਜੇ ਨੂੰ ਚੁਣੌਤੀ ਦਿੱਤੀ ਗਈ ਅਤੇ ਬੀਤੀ 13 ਫ਼ਰਵਰੀ ਨੂੰ ਸੁਣਾਏ ਫ਼ੈਸਲੇ ਵਿਚ ਕੈਨੇਡਾ ਦੀ ਸੁਪਰੀਮ ਕੋਰਟ ਨੇ ਚੋਣ ਨਤੀਜਾ ਹੀ ਰੱਦ ਕਰ ਦਿਤਾ। ਦੱਸ ਦੇਈਏ ਕਿ ਹਾਊਸ ਆਫ਼ ਕਾਮਨਜ਼ ਵਿਚ ਲਿਬਰਲ ਪਾਰਟੀ ਕੋਲ ਇਸ ਵੇਲੇ 169 ਸੀਟਾਂ ਹਨ ਅਤੇ ਤਿੰਨੋਂ ਸੀਟਾਂ 'ਤੇ ਜਿੱਤ ਹਾਸਲ ਹੋਣ ਦੀ ਸੂਰਤ ਵਿਚ ਘੱਟ ਗਿਣਤੀ ਸਰਕਾਰ ਬਹੁਮਤ ਵਿਚ ਆ ਜਾਵੇਗੀ। ਯੂਨੀਵਰਸਿਟੀ-ਰੋਜ਼ਡੇਲ ਸੀਟ ਤੋਂ ਲਿਬਰਲ ਪਾਰਟੀ ਵੱਲੋਂ ਫ਼ੈਮਿਲੀ ਫ਼ਿਜ਼ੀਸ਼ੀਅਨ ਅਤੇ ਹੈਲਥ ਕੇਅਰ ਐਡਵੋਕੇਟ ਡਾ. ਡੈਨੀਅਲ ਮਾਰਟਿਨ ਨੂੰ ਉਮੀਦਵਾਰ ਬਣਾਇਆ ਗਿਆ ਹੈ, ਜਦਕਿ ਓਨਟਾਰੀਓ ਵਿਚ ਐੱਨ.ਡੀ.ਪੀ. ਦੀ ਸਾਬਕਾ ਉਪ ਆਗੂ ਡੌਲੀ ਬੇਗਮ ਸਕਾਰਬ੍ਰੋਅ ਸਾਊਥ-ਵੈਸਟ ਹਲਕੇ ਤੋਂ ਮੈਦਾਨ ਵਿਚ ਹਨ। ਸਿਆਸੀ ਮਾਹਰਾਂ ਮੁਤਾਬਕ ਜ਼ਿਮਨੀ ਚੋਣਾਂ ਦੇ ਨਤੀਜੇ ਮਾਰਕ ਕਾਰਨੀ ਸਰਕਾਰ ਦੀ ਇਕ ਸਾਲ ਦੀ ਕਾਰਗੁਜ਼ਾਰੀ ਨੂੰ ਦਰਸਾਉਣਗੇ। ਟੋਰਾਂਟੋ ਅਤੇ ਜੀ.ਟੀ.ਏ. ਵਿਚ ਭਾਵੇਂ ਲਿਬਰਲ ਪਾਰਟੀ ਨੂੰ ਮਜ਼ਬੂਤ ਮੰਨਿਆ ਜਾ ਸਕਦਾ ਹੈ, ਮਾਂਟਰੀਅਲ ਦੀ ਟੈਰੇਬੋਨ ਸੀਟ ਹੈਰਾਨਕੁੰਨ ਨਤੀਜਾ ਪੇਸ਼ ਕਰ ਸਕਦੀ ਹੈ।

## ਇਰਾਨ-ਇਜ਼ਰਾਈਲ...

ਦਾ ਵੀ ਦਾਅਵਾ ਕੀਤਾ ਹੈ। ਯੁੱਧ ਨੇ ਅਮਰੀਕੀ ਫੌਜ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਮਰੀਕੀ ਰੱਖਿਆ ਵਿਭਾਗ ਦੇ ਅਨੁਸਾਰ, ਹੁਣ ਤੱਕ ਲਗਭਗ 140 ਅਮਰੀਕੀ ਸੈਨਿਕ ਜ਼ਖਮੀ ਹੋਏ ਹਨ।

ਦੁਬਈ: ਅਮਰੀਕੀ ਫੌਜੀ ਹੈੱਡਕੁਆਰਟਰ ਪੈਂਟਾਗਨ ਦੇ ਅਨੁਸਾਰ, ਈਰਾਨ ਨਾਲ 10 ਦਿਨਾਂ ਦੇ ਸੰਘਰਸ਼ ਵਿੱਚ ਲਗਭਗ 140 ਅਮਰੀਕੀ ਸੈਨਿਕ ਜ਼ਖਮੀ ਹੋਏ ਹਨ। "ਇਨ੍ਹਾਂ ਵਿੱਚੋਂ ਜ਼ਿਆਦਾਤਰ ਸੱਟਾਂ ਮਾਮੂਲੀ ਸਨ, ਅਤੇ 108 ਸੇਵਾ ਮੈਂਬਰ ਪਹਿਲਾਂ ਹੀ ਡਿਊਟੀ 'ਤੇ ਵਾਪਸ ਆ ਚੁੱਕੇ ਹਨ," ਪੈਂਟਾਗਨ ਦੇ ਬੁਲਾਰੇ ਸੀਨ ਪਾਰਨੇਲ ਨੇ ਇੱਕ ਈਮੇਲ ਬਿਆਨ ਵਿੱਚ ਕਿਹਾ।

ਪਾਰਨੇਲ ਨੇ ਕਿਹਾ ਕਿ ਅੱਠ ਅਮਰੀਕੀ ਸੇਵਾ ਮੈਂਬਰ ਇਸ ਸਮੇਂ "ਗੰਭੀਰ ਜ਼ਖਮੀ" ਹਨ। ਇਹ ਨਵਾਂ ਅੰਕੜਾ ਈਰਾਨ ਦੁਆਰਾ ਜਵਾਬੀ ਰਾਕੇਟ ਅਤੇ ਡਰੋਨ ਹਮਲਿਆਂ ਤੋਂ ਬਾਅਦ ਅਮਰੀਕੀ ਸੈਨਿਕਾਂ ਨੂੰ ਹੋਏ ਸੱਟਾਂ ਦੇ ਵਿਆਪਕ ਪ੍ਰਭਾਵ ਦੀ ਪਹਿਲੀ ਝਲਕ ਪ੍ਰਦਾਨ ਕਰਦਾ ਹੈ, ਜਿਸ ਵਿੱਚ ਕੁਵੈਤ ਅਤੇ ਸਾਊਦੀ ਅਰਬ ਵਿੱਚ ਸੱਤ ਸੇਵਾ ਮੈਂਬਰਾਂ ਦੀ ਜਾਨ ਵੀ ਗਈ ਸੀ।

## ਕੰਮ ਅਜੇ ਅਧੂਰਾ ਹੈ...

ਵਾਲੇ ਟਰੰਪ ਨੇ ਹੁਣ ਸਾਫ਼ ਕਰ ਦਿੱਤਾ ਹੈ ਕਿ ਅਮਰੀਕੀ ਫੌਜ ਈਰਾਨ ਵਿੱਚ ਆਪਣਾ ਮਿਸ਼ਨ ਪੂਰਾ ਕੀਤੇ ਬਿਨਾਂ ਵਾਪਸ ਨਹੀਂ ਪਰਤੇਗੀ। ਕੈਂਟਕੀ ਦੇ ਹੇਬਰੋਨ ਵਿੱਚ ਇੱਕ ਰੈਲੀ ਦੌਰਾਨ ਉਨ੍ਹਾਂ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਜਲਦਬਾਜ਼ੀ ਵਿੱਚ ਪਿੱਛੇ ਨਹੀਂ ਹਟਣਾ ਚਾਹੁੰਦੇ ਅਤੇ ਅਮਰੀਕਾ ਨੂੰ ਆਪਣਾ 'ਕੰਮ' ਪੂਰਾ ਕਰਨਾ ਪਵੇਗਾ।

ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕੀ ਫੌਜ ਨੇ ਈਰਾਨੀ ਜਲ ਸੈਨਾ ਦੀਆਂ ਰਣਨੀਤਕ ਸਮਰੱਥਾਵਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਅਨੁਸਾਰ ਤੇਲ ਦੀ ਸਪਲਾਈ ਨੂੰ ਸੁਰੱਖਿਅਤ ਰੱਖਣ ਲਈ ਅਮਰੀਕਾ ਨੇ ਈਰਾਨ ਦੇ 58 ਜਲ ਸੈਨਾ ਜਹਾਜ਼ਾਂ ਅਤੇ ਸਮੁੰਦਰ ਵਿੱਚ ਮਾਈਨ ਵਿਛਾਉਣ ਵਾਲੀਆਂ 31 ਕਿਸ਼ਤੀਆਂ ਨੂੰ ਤਬਾਹ ਕਰ ਦਿੱਤਾ ਹੈ। ਟਰੰਪ ਨੇ ਇਹ ਵੀ ਸੰਕੇਤ ਦਿੱਤਾ ਕਿ ਇਨ੍ਹਾਂ ਕਾਰਵਾਈਆਂ ਵਿੱਚ ਇੱਕ ਅਜਿਹੇ ਵਿਸ਼ੇਸ਼ ਹਥਿਆਰ ਦੀ ਵਰਤੋਂ ਕੀਤੀ ਗਈ ਹੈ ਜੋ ਆਮ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਵਰਤਿਆ ਜਾਂਦਾ ਹੈ।

ਇਹ ਜੰਗ ਹੁਣ ਖੇਤਰੀ ਪੱਧਰ 'ਤੇ ਫੈਲਦੀ ਜਾ ਰਹੀ ਹੈ ਕਿਉਂਕਿ ਇਜ਼ਰਾਈਲੀ ਰੱਖਿਆ ਫੋਰਸ (IDF) ਨੇ ਬੇਰੂਤ ਦੇ ਦਹੀਆ ਖੇਤਰ ਵਿੱਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਵੱਡੇ ਹਮਲੇ ਕੀਤੇ ਹਨ। ਇਸ ਦੌਰਾਨ ਇਰਾਕੀ ਪਾਣੀਆਂ ਵਿੱਚ ਇੱਕ ਤੇਲ ਟੈਂਕਰ 'ਤੇ ਹੋਏ ਹਮਲੇ ਨੇ ਊਰਜਾ ਸਪਲਾਈ ਲਈ ਖ਼ਤਰਾ ਹੋਰ ਵਧਾ ਦਿੱਤਾ ਹੈ, ਹਾਲਾਂਕਿ ਉੱਥੋਂ 20 ਚਾਲਕ ਦਲ ਦੇ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਦੂਜੇ ਪਾਸੇ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (UNSC) ਨੇ ਵੀ ਇੱਕ ਇਤਿਹਾਸਕ ਮਤਾ ਪਾਸ ਕਰਕੇ ਈਰਾਨ ਨੂੰ ਖਾੜੀ ਦੇਸ਼ਾਂ 'ਤੇ ਹਮਲੇ ਤੁਰੰਤ ਬੰਦ ਕਰਨ ਦੀ ਚੇਤਾਵਨੀ ਦਿੱਤੀ ਹੈ। ਟਰੰਪ ਦੇ ਬਿਆਨਾਂ ਵਿੱਚ ਆ ਰਹੇ ਇਸ ਵਿਰੋਧਾਭਾਸ ਨੇ ਗਲੋਬਲ ਬਾਜ਼ਾਰਾਂ ਅਤੇ ਰਣਨੀਤੀਕਾਰਾਂ ਨੂੰ ਉਲਝਾ ਦਿੱਤਾ ਹੈ। ਇੱਕ ਪਾਸੇ ਰਾਸ਼ਟਰਪਤੀ ਇਹ ਕਹਿ ਰਹੇ ਹਨ ਕਿ ਨਿਸ਼ਾਨਾ ਬਣਾਉਣ ਲਈ ਹੁਣ ਬਹੁਤ ਘੱਟ ਬਚਿਆ ਹੈ, ਪਰ ਦੂਜੇ ਪਾਸੇ ਲੰਬੀ ਜੰਗ ਦੇ ਸੰਕੇਤ ਦੇ ਕੇ ਉਨ੍ਹਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੱਧ ਪੂਰਬ ਵਿੱਚ ਸ਼ਾਂਤੀ ਅਜੇ ਬਹੁਤ ਦੂਰ ਹੈ।

## ਟਰੰਪ ਨੇ ਰੋਕੇ...

ਦੋ ਦਰਜਨ ਨਵੇਂ ਬੀ-2 ਬੌਂਬਰ ਜਹਾਜ਼ਾਂ ਨਾਲ ਕਾਰਵਾਈ ਕਰਨ ਦੀਆਂ ਹਦਾਇਤਾਂ ਦਿਤੀਆਂ ਪਰ ਈਰਾਨੀ ਫੌਜ ਨੇ ਠੋਕਵਾਂ ਜਵਾਬ ਦਿੰਦਿਆਂ ਕਿਹਾ ਕਿ ਜੰਗ ਸ਼ੁਰੂ ਅਮਰੀਕਾ ਨੇ ਕੀਤੀ ਹੈ ਅਤੇ ਖ਼ਤਮ ਅਸੀਂ ਕਰਾਂਗੇ।

## ਨਿਊਜ਼ੀਲੈਂਡ 'ਚ ਹੋਲੀ...

'ਇਮੀਗ੍ਰੇਸ਼ਨ ਨਿਊਜ਼ੀਲੈਂਡ' ਨੂੰ ਪਹਿਲਾਂ ਭਾਰਤੀਆਂ ਦੀਆਂ 27 ਵੀਜ਼ਾ ਅਰਜ਼ੀਆਂ ਮਿ਼ਲੀਆਂ ਸਨ। ਇਹ ਅਰਜ਼ੀਆਂ ਸ਼ਿਵਾਨੀ ਕੱਸ਼ਯਪ ਨਾ਼ਲ ਸਮੂਹਕ ਤੌਰ ਉਤੇ ਹੋਲੀ ਦੇ ਜਸ਼ਨ ਮਨਾਉਣ ਦੇ ਮੰਤਵ ਨਾ਼ਲ ਪੁੱਜੀਆਂ ਸਨ। ਇਸ ਗਰੁੱਪ ਦਾ ਸਮਾਰੋਹ ਪਿਛਲੇ ਮਹੀਨੇ ਪੁਕੇਕੋਹੇ ਦੇ ਇੱਕ ਪਾਰਕ 'ਚ ਹੋਇਆ ਸੀ। 'ਇਮੀਗ੍ਰੇਸ਼ਨ ਨਿਊਜ਼ੀਲੈਂਡ' ਨੇ ਪੁਸ਼ਟੀ ਕੀਤੀ ਹੈ ਕਿ ਇਹ ਸਮਾਰੋਹ ਹੋਇਆ ਸੀ। ਇਸ ਮਾਮਲੇ ਬਾਰੇ ਆਕਲੈਂਡ ਦੇ ਭਾਰਤੀ ਕੌਂਸਲ ਜਨਰਲ ਨੇ ਵੀ ਆਖਿਆ ਸੀ ਕਿ ਉਹ ਹੋਲੀ ਦੇ ਇਸ ਈਵੈਂਟ ਨੂੰ ਆਪਣਾ ਸਮਰਥਨ ਦੇ ਰਹੇ ਹਨ। ਗਿਲਰੇਅ ਨੇ ਦੱਸਿਆ ਕਿ ਇਸ ਗਰੁੱਪ ਲਈ ਸੱਤ ਵਿਜ਼ਿਟਰ ਵੀਜ਼ਾ ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਸਨ। ਹਰੇਕ ਵੀਜ਼ਾ ਸਿਰਫ਼ ਇੱਕ ਮਹੀਨੇ ਲਈ ਵੈਧ ਸੀ। ਚਾਰ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਸਨ ਅਤੇ ਤਿੰਨ ਨੂੰ ਵਾਪਸ ਲੈ ਲਿਆ ਗਿਆ ਸੀ।

13 ਥੋੜ੍ਹ-ਚਿਰੇ ਸੀਮਤ ਵੀਜ਼ੇ ਨਿਊਜ਼ੀਲੈਂਡ ਦੇ ਹੋਲੀ ਸਮਾਰੋਹ ਲਈ ਪ੍ਰਵਾਨ ਕੀਤੇ ਗਏ ਸਨ। ਅਧਿਕਾਰੀਆਂ ਨੇ ਸੋਚਿਆ ਸੀ ਕਿ ਇਸ ਨਾ਼ਲ ਜੋਖਮ ਘਟੇਗਾ। ਕੁੱਲ ਪ੍ਰਵਾਨਿਤ 20 ਅਰਜ਼ੀਆਂ ਵਿੱਚੋਂ 18 ਕਲਾਕਾਰ ਬੀਤੀ 11 ਫ਼ਰਵਰੀ ਤੇ 24 ਫ਼ਰਵਰੀ ਨੂੰ ਭਾਰਤ ਤੋਂ ਆ ਗਏ ਸਨ। ਇੱਕ ਵੀਜ਼ਾ ਧਾਰਕ ਤਾਂ ਆਇਆ ਹੀ ਨਹੀਂ ਸੀ, ਜਦ ਕਿ ਇੱਕ ਹੋਰ ਨੂੰ ਭਾਰਤ ਤੋਂ ਨਿਊਜ਼ੀਲੈਂਡ ਆਉਣ ਹੀ ਨਹੀਂ ਸੀ ਦਿੱਤਾ ਗਿਆ। 'ਇਮੀਗ੍ਰੇਸ਼ਨ ਨਿਊਜ਼ੀਲੈਂਡ' ਦਾ ਕਹਿਣਾ ਹੈ ਕਿ ਭਾਰਤੀ ਹਾਈ ਕਮਿਸ਼ਨ ਨੂੰ ਇਸ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਹੁਣ ਜਿਹੜੇ ਭਾਰਤੀ ਕਲਾਕਾਰ ਆਪਣੀ ਵੀਜ਼ਾ ਮਿਆਦ ਪੁੱਗਣ ਦੇ ਬਾਵਜੂਦ ਗ਼ੈਰ-ਕਾਨੂੰਨੀ ਢੰਗ ਨਾ਼ਲ ਨਿਊਜ਼ੀਲੈਂਡ 'ਚ ਹੀ ਰਹਿ ਰਹੇ ਹਨ, ਉਨ੍ਹਾਂ ਨਾ਼ਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਿਵਾਨੀ ਕੱਸ਼ਯਪ ਪਿਛਲੇ ਸਾਲ ਨਿਊ ਜ਼ੀਲੈਂਡ ਆਈ ਸੀ ਤੇ ਉਸ ਨੇ ਦਿੱਲੀ ਸਥਿਤ ਸੀਡੀ ਫ਼ਾਊਂਡੇਸ਼ਨ ਵੱਲੋਂ ਆਯੋਜਤ ਆਜ਼ਾਦੀ ਦਿਵਸ ਸਮਾਰੋਹਾਂ ਵਿੱਚ ਭਾਗ ਲਿਆ ਸੀ।

## ਅਮਰੀਕਾ : ਮਸ਼ਹੂਰ ਪੌਪ...

ਪਰ ਹੁਣ ਇਸ ਪੌਪ-ਸਟਾਰ ਨੂੰ ਲੈ ਕੇ ਇੱਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਗਾਇਕਾ ਦੇ ਕੈਲੀਫੋਰਨੀਆ ਦੇ ਬੇਵਰਲੀ ਹਿਲਜ਼ ਵਿੱਚ ਸਥਿਤ ਘਰ ਦੇ ਬਾਹਰ ਫਾਇਰਿੰਗ ਹੋਈ ਹੈ।

ਉਨ੍ਹਾਂ ਦੇ ਘਰ ਵੱਲ ਇੱਕ ਔਰਤ ਨੇ ਕਈ ਰਾਊਂਡ ਫਾਇਰਿੰਗ ਕੀਤੀ। ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ। ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਪੁਲਿਸ ਹਰਕਤ ਵਿੱਚ ਆ ਗਈ ਅਤੇ ਤੁਰੰਤ ਮੌਕੇ 'ਤੇ ਪਹੁੰਚ ਗਈ। ਗੋਲੀ ਚਲਾਉਣ ਵਾਲੀ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਲਾਸ ਏਂਜਲਸ ਪੁਲਿਸ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਇਹ ਘਟਨਾ ਐਤਵਾਰ, 8 ਮਾਰਚ ਨੂੰ ਵਾਪਰੀ ।ਰਿਹਾਨਾ ਦੇ ਘਰ ਦੇ ਕੋਲ ਗੋਲੀਬਾਰੀ ਦੀ ਘਟਨਾ ਵਾਪਰੀ। 5 ਤੋਂ 7 ਗੋਲੀਆਂ ਚੱਲੀਆਂ। ਗੋਲੀਆਂ ਘਰ ਦੇ ਗੇਟ 'ਤੇ ਲੱਗੀਆਂ ਪਰ ਘਰ ਦੇ ਅੰਦਰ ਨਹੀਂ ਲੱਗੀਆਂ। ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ। ਉਸ ਸਮੇਂ ਘਰ ਵਿੱਚ ਲੋਕ ਮੌਜੂਦ ਸਨ। ਪੁਲਿਸ ਨੇ ਦੱਸਿਆ ਕਿ ਇੱਕ 30 ਸਾਲਾ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹਮਲੇ ਤੋਂ ਬਾਅਦ ਪੁਲਿਸ ਨੇ ਇੱਕ ਗੱਡੀ ਨੂੰ ਟ੍ਰੈਕ ਕੀਤਾ। ਇਹ ਇੱਕ ਚਿੱਟੇ ਰੰਗ ਦੀ ਟੈਸਲਾ ਸੀ। ਉਹ ਨੇੜੇ ਹੀ ਇੱਕ ਜਗ੍ਹਾ ਤੋਂ ਮਿਲੀ ਅਤੇ ਮੁਲਜ਼ਮ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਧਿਕਾਰੀਆਂ ਨੇ ਅਜੇ ਤੱਕ ਔਰਤ ਦੀ ਪਛਾਣ ਜਾਂ ਗੋਲੀਬਾਰੀ ਦੇ ਪਿੱਛੇ ਦੇ ਮਕਸਦ ਬਾਰੇ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ। ਦੱਸ ਦਈਏ ਕਿ ਗ੍ਰੈਮੀ-ਜੇਤੂ ਕਲਾਕਾਰ, ਜਿਨ੍ਹਾਂ ਦਾ ਅਸਲੀ ਨਾਮ ਰੌਬਿਨ ਰਿਹਾਨਾ ਫੈਂਟੀ ਹੈ, ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਗਾਇਕਾਂ ਅਤੇ ਉੱਦਮੀਆਂ ਵਿੱਚੋਂ ਇੱਕ ਹਨ। ਆਪਣੇ ਮਿਊਜ਼ਿਕ ਕਰੀਅਰ ਤੋਂ ਇਲਾਵਾ, ਉਨ੍ਹਾਂ ਨੇ ਆਪਣੇ ਬ੍ਰਾਂਡਾਂ ਰਾਹੀਂ ਇੱਕ ਗਲੋਬਲ ਬਿਜ਼ਨਸ ਸਾਮਰਾਜ ਖੜ੍ਹਾ ਕੀਤਾ ਹੈ, ਜਿਸ ਵਿੱਚ ਫੈਸ਼ਨ, ਕਾਸਮੈਟਿਕਸ ਅਤੇ ਬਿਊਟੀ ਵੈਂਚਰ ਸ਼ਾਮਲ ਹਨ।

## ਬੀਸੀ ਸਰਕਾਰ ਵੱਲੋਂ...

ਕਿਸੇ ਵੀ ਧਾਰਮਿਕ ਸਥਾਨ ਦੇ ਬਾਹਰ ਮੁਜ਼ਾਹਰੇ ਨਹੀਂ ਕੀਤੀ ਜਾ ਸਕਣਗੇ। ਇਸ ਦੀ ਮਿਆਦ 2 ਸਾਲ ਵਾਸਤੇ ਹੋਵੇਗੀ ਤੇ ਇਹ ਹਾਲਾਤ ਨੂੰ ਵੇਖਦੇ ਹੋਏ ਵਧਾਈ ਜਾ ਸਕੇਗੀ। ਜਿਵੇਂ ਬਿੱਲ 12 ਜੋ 2024 ਵਿਚ ਸਕੂਲਾਂ ਦੇ ਬਾਹਰ ਸੋਗੀ ਖ਼ਿਲਾਫ਼ ਮੁਜ਼ਾਹਰੇ ਰੋਕਣ ਵਾਸਤੇ ਬਣਾਇਆ ਗਿਆ ਸੀ ਉਹ ਜੁਲਾਈ 2026 ਤੱਕ ਸੀ ਅਤੇ ਉਸ ਦੀ ਮਿਆਦ ਦੋ ਸਾਲ ਵਧਾ ਕੇ ਜੁਲਾਈ 2028 ਕਰ ਦਿੱਤੀ ਗਈ ਹੈ। ਬੀ.ਸੀ ਦੀ ਅਸੈਂਬਲੀ ਵਿਚ ਇਹ ਬਿੱਲ ਨਿੱਕੀ ਸ਼ਰਮਾ ਅਟਾਰਨੀ ਜਨਰਲ ਨੇ ਪੇਸ਼ ਕੀਤਾ। ਪੂਜਾ ਸਥਾਨ ਤੱਕ ਪਹੁੰਚਣ ਵਾਲੇ ਲੋਕਾਂ ਦੀ ਮਾਨਸਿਕ ਜਾਂ ਸਰੀਰਕ ਸੁਰੱਖਿਆ ਨੂੰ ਸੰਭਾਵੀ ਤੌਰ 'ਤੇ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਪੁਲੀਸ ਗ੍ਰਿਫ਼ਤਾਰ ਕਰ ਸਕਦੀ ਹੈ ਜਾਂ ਜੁਰਮਾਨਾ ਕਰ ਸਕਦੀ ਹੈ। ਹੁਣ ਤੱਕ ਇਸ ਸਬੰਧੀ ਵਿਰੋਧੀਆਂ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਵਿਖੇ ਫੰਡਾਮੈਂਟਲ ਫ੍ਰੀਡਮਜ਼ ਪ੍ਰੋਗਰਾਮ ਦੇ ਡਾਇਰੈਕਟਰ, ਐਨਾਸ ਬੁਸੀਅਰਸ ਮੈਕਨਿਕੋਲ ਦਾ ਕਹਿਣਾ ਹੈ ਕਿ ਬੀਸੀ ਨੂੰ ਨੁਕਸਾਨਦੇਹ ਪ੍ਰਦਰਸ਼ਨਾਂ ਨੂੰ ਰੋਕਣ ਲਈ ਨਵੇਂ ਕਾਨੂੰਨ ਦੀ ਲੋੜ ਨਹੀਂ ਹੈ।

## ਔਰਤਾਂ ਨੂੰ 1000 ਰੁਪਏ...

ਲੋਕ ਪੱਖੀ ਬਜਟ ਪੇਸ਼ ਕਰਨ ਲਈ ਵਿੱਤ ਮੰਤਰੀ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਬਜਟ ਵਿੱਚ ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣ ਦੀ ਗੱਲ ਕੀਤੀ ਗਈ ਹੈ, ਜਿਨ੍ਹਾਂ ਲੋਕਾਂ ਦੀ ਤਰੱਕੀ ਵਿੱਚ ਹਮੇਸ਼ਾ ਆਰਥਿਕ ਕਮਜ਼ੋਰੀ ਰੁਕਾਵਟ ਬਣ ਜਾਂਦੀ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ 97 ਫੀਸਦੀ ਮਹਿਲਾਵਾਂ ਨੂੰ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਲਾਭ ਦੇਣ, 40 ਲੱਖ ਪਰਿਵਾਰਾਂ ਨੂੰ ਮੇਰੀ ਰਸੋਈ ਯੋਜਨਾ ਤਹਿਤ ਮੁਫਤ ਰਾਸ਼ਨ ਦੇਣ, 10 ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਦੀ ਸਹੂਲਤ ਦੇਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਔਰਤਾਂ ਨੂੰ 1000-1500 ਰੁਪਏ ਦੇਣ ਦਾ ਐਲਾਨ ਕੀਤਾ ਹੈ, ਵਿਰੋਧੀ ਪਾਰਟੀਆਂ ਘਬਰਾਈਆਂ ਹੋਈਆਂ ਹਨ ਜਿਸ ਕਰਕੇ ਉਹ ਸਦਨ ਦਾ ਬਾਈਕਾਟ ਕਰਕੇ ਭੱਜ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਬਜਟ ਗਲੀਆਂ-ਨਾਲੀਆਂ ਪੱਕੀਆਂ ਕਰਨ ਤੱਕ ਸੀਮਿਤ ਹੁੰਦੇ ਸਨ ਪਰ ਅਸੀਂ ਆਪਣੇ ਬੱਚਿਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਦੇਣ, ਮਿਆਰੀ ਸਿਹਤ ਸਹੂਲਤਾਂ ਦੇਣ ਅਤੇ ਮੈਡੀਕਲ ਕਾਲਜ ਬਣਾਉਣ ਦੇ ਪ੍ਰਸਤਾਵ ਰੱਖੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਮਿਆਰੀ ਸਹੂਲਤਾਂ ਦੇਣ ਅਤੇ ਨੌਜਵਾਨਾਂ ਨੂੰ ਇੱਥੇ ਰਹਿ ਕੇ ਡਾਕਟਰ ਬਣਨ ਦਾ ਸੁਪਨਾ ਸਾਕਾਰ ਕਰਨ ਲਈ ਸੂਬੇ ਵਿੱਚ 7 ਮੈਡੀਕਲ ਕਾਲਜ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕਾਲਜ ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਲਹਿਰਾਗਾਗਾ, ਮਲੇਰਕੋਟਲਾ ਅਤੇ ਲੁਧਿਆਣਾ ਵਿੱਚ ਬਣਨਗੇ ਅਤੇ ਇਨ੍ਹਾਂ ਕਾਲਜਾਂ ਦੇ ਬਣਨ ਨਾਲ ਐਮ.ਬੀ.ਬੀ.ਐਸ. ਦੀਆਂ 600 ਸੀਟਾਂ ਵਧ ਜਾਣਗੀਆਂ। ਉਨ੍ਹਾਂ ਕਿਹਾ ਕਿ 881 ਆਮ ਆਦਮੀ ਕਲੀਨਿਕਾਂ ਵਿੱਚ 5 ਕਰੋੜ ਓ.ਪੀ.ਡੀ. ਐਂਟਰੀ ਦਰਜ ਕੀਤੀ ਹੈ ਜੋ ਸਿਹਤ ਸੇਵਾਵਾਂ ਵਿੱਚ ਲੋਕਾਂ ਦਾ ਭਰੋਸਾ ਜ਼ਾਹਰ ਕਰਦਾ ਹੈ।

'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਦਾ ਮਜ਼ਾਕ ਉਡਾਉਣ ਵਾਲਿਆਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਧਨਾਢ ਆਗੂਆਂ ਵੱਲੋਂ ਜਾਣਬੁੱਝ ਕੇ ਗਰੀਬ ਲੋਕਾਂ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਗਰੀਬਾਂ ਦੀ ਭਲਾਈ ਲਈ ਕਦੇ ਵੀ ਕੋਈ ਕੰਮ ਨਹੀਂ ਕੀਤਾ ਜਿਸ ਕਰਕੇ ਅੱਜ ਵੀ ਬਹੁਤ ਪਰਿਵਾਰ ਗੁਰਬਤ ਦੀ ਜ਼ਿੰਦਗੀ ਹੰਢਾ ਰਹੇ ਹਨ ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਦਾ ਬੰਦੋਬਸਤ ਕਰਨਾ ਔਖਾ ਹੋ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਗਰੀਬ ਲੋਕਾਂ ਦੀ ਆਰਥਿਕ ਆਜ਼ਾਦੀ ਤੋਂ ਤਕਲੀਫ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਲੀਡਰ ਆਪਣੇ ਬੱਚਿਆਂ ਨੂੰ ਪਹਾੜਾਂ ਦੇ ਕਾਨਵੈਂਟ ਸਕੂਲਾਂ ਤੋਂ ਪੜ੍ਹਾਉਂਦੇ ਹਨ ਪਰ ਗਰੀਬ ਲੋਕਾਂ ਨੂੰ ਅਨਪੜ੍ਹ ਰੱਖਣਾ ਚਾਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਕੀਤੀ ਤਾਂ ਪੱਛੜੇ ਪਰਿਵਾਰਾਂ ਦੇ ਬੱਚੇ ਜੇ.ਈ.ਈ., ਜੇ.ਈ.ਈ. ਮੇਨਜ਼ ਅਤੇ ਨੀਟ ਵਰਗੀਆਂ ਪ੍ਰੀਖਿਆਵਾਂ ਪਾਸ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਮੇਰੀ ਰਸੋਈ ਸਕੀਮ 40 ਲੱਖ ਪਰਿਵਾਰਾਂ ਖਾਸ ਕਰਕੇ ਉਨ੍ਹਾਂ ਦੇ ਬੱਚਿਆਂ ਲਈ ਪੌਸ਼ਟਿਕ ਖੁਰਾਕ ਯਕੀਨੀ ਬਣਾਏਗੀ। ਇਸ ਸਕੀਮ ਹੇਠ ਪਰਿਵਾਰ ਨੂੰ ਦੋ ਕਿਲੋ ਖੰਡ, ਦੋ ਕਿਲੋ ਦਾਲ, ਇਕ ਲੀਟਰ ਸਰ੍ਹੋਂ ਦਾ ਤੇਲ, 200 ਗ੍ਰਾਮ ਹਲਦੀ ਅਤੇ ਇਕ ਕਿਲੋ ਲੂਣ ਦੀ ਕਿੱਟ ਮਿਲੇਗੀ। ਪੰਜਾਬ ਪੁਲਿਸ ਵਿੱਚ 10,000 ਅਸਾਮੀ ਸਿਰਜਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮਿਲਣਗੇ ਅਤੇ ਪੰਜਾਬ ਪੁਲਿਸ ਦੇ ਹੱਥ ਹੋਰ ਮਜ਼ਬੂਤ ਹੋਣਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਹੁਣ ਤੱਕ ਲਗਪਗ 64000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਖੇ ਸਰਦਾਰ ਬਹਾਦਰ ਅਮੀਨ ਚੰਦ ਆਰਮਿਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਬਣ ਕੇ ਤਿਆਰ ਹੋ ਚੁੱਕਾ ਅਤੇ ਇਸ ਸਾਲ ਤੋਂ ਸੰਸਥਾ ਵਿੱਚ ਦਾਖਲੇ ਸ਼ੁਰੂ ਹੋਣਗੇ। ਇਸ ਨਾਲ ਸਾਡੇ ਨੌਜਵਾਨਾਂ ਨੂੰ ਫੌਜ ਵਿੱਚ ਸੇਵਾ ਨਿਭਾਉਣ ਦਾ ਮੌਕਾ ਮਿਲੇਗਾ। ਸੂਬੇ ਵਿੱਚ ਟੇਲਾਂ ਉਤੇ ਨਹਿਰੀ ਪਾਣੀ ਪਹੁੰਚਾਉਣ ਅਤੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਘਟਾਉਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਮੁੱਚੇ ਪੰਜਾਬ ਲਈ ਖੁਸ਼ਖਬਰੀ ਹੈ ਕਿ ਰਾਜ ਸਭਾ ਵਿੱਚ ਪੇਸ਼ ਕੀਤੇ ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਮਾਪਣ ਲਈ ਬਣੇ ਖੂਹਾਂ ਵਿੱਚੋਂ 57 ਫ਼ੀਸਦ ਵਿੱਚ ਪਾਣੀ ਦਾ ਪੱਧਰ ਵਧਿਆ ਹੈ। ਇਹ ਵਾਧਾ 0 ਤੋਂ 4 ਮੀਟਰ ਤੱਕ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾ ਰਹੀ ਹੈ ਜੋ ਸਹੀ ਮਾਅਨਿਆਂ ਵਿੱਚ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵਿਆਪਕ ਪੱਧਰ ਉਤੇ ਮਨਾਇਆ ਜਾ ਰਿਹਾ ਹੈ ਜਿਸ ਲਈ ਬਜਟ ਵਿੱਚ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਉਨ੍ਹਾਂ ਦੇ ਹਰ ਫੈਸਲੇ ਵਿੱਚ ਨੁਕਸ ਕੱਢਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਇਹ ਕਹਿੰਦੇ ਸਨ ਕਿ ਮੁਫਤ ਬਿਜਲੀ ਨਹੀਂ ਦਿੱਤੀ ਜਾ ਸਕਦੀ, ਅਸੀਂ ਇਸ ਵਾਅਦੇ ਨੂੰ ਲਾਗੂ ਕਰਕੇ ਦਿਖਾਇਆ। ਫੇਰ ਕਹਿੰਦੇ ਕਿ ਭਗਵੰਤ ਸਿੰਘ ਮਾਨ ਇਕ ਸਾਲ ਲਈ ਵੀ ਮੁੱਖ ਮੰਤਰੀ ਨਹੀਂ ਰਹੇਗਾ, ਮੈਂ ਚਾਰ ਸਾਲਾਂ ਤੋਂ ਮੁੱਖ ਮੰਤਰੀ ਹਾਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਵਿਰੋਧੀਆਂ ਨੂੰ ਦੱਸ ਦੇਣਾ ਚਾਹੁੰਦੇ ਕਿ ਸਾਲ 2027 ਵਿੱਚ ਵੀ ਉਹੀ ਮੁੱਖ ਮੰਤਰੀ ਬਣਨਗੇ।

ਪੰਜਾਬ ਦੇ ਮਸਲਿਆਂ ਲਈ ਆਪਣੇ ਸਟੈਂਡ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਆਂਢੀ ਸੂਬੇ ਪੰਜਾਬ ਨੂੰ ਵੱਡਾ ਭਰਾ ਬਣਾ ਕੇ ਸਾਡੇ ਕੀਮਤੀ ਸਰੋਤਾਂ ਤੇ ਡਾਕਾ ਮਾਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕਦੇ ਹਿਮਾਚਲ ਵੱਡਾ ਭਰਾ ਕਹਿ ਕੇ ਚੰਡੀਗੜ੍ਹ ਵਿੱਚੋਂ ਹਿੱਸਾ ਮੰਗਦਾ ਹੈ, ਪਾਣੀ ਤੇ ਰਾਇਲਟੀ ਮੰਗਦਾ ਹੈ ਅਤੇ ਕਦੇ ਹਰਿਆਣਾ ਐਸ.ਵਾਈ.ਐਲ. ਨਹਿਰ ਦੀ ਮੰਗ ਕਰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਸਟੈਂਡ ਕਾਰਨ ਪਹਿਲੀ ਵਾਰ ਹਰਿਆਣਾ ਨੇ ਆਪਣੇ ਬਜਟ ਵਿੱਚ ਐਸ.ਵਾਈ.ਐਲ ਨਹਿਰ ਦੀ ਉਸਾਰੀ ਲਈ ਫੰਡ ਨਹੀਂ ਰੱਖੇ। ਸਦਨ ਵਿੱਚ ਵਿਰੋਧੀ ਧਿਰ ਦੀ ਗੈਰ-ਹਾਜ਼ਰੀ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਆਪਣੇ ਇਲਾਕੇ ਦੇ ਲੋਕਾਂ ਦੇ ਮਸਲੇ ਚੁੱਕਣ ਲਈ ਕਦੇ ਵੀ ਗੰਭੀਰ ਨਹੀਂ ਹੋਏ ਅਤੇ ਸਾਲ 2027 ਵਿੱਚ ਸਿਆਸੀ ਨਕਸ਼ੇ ਤੋਂ ਵੀ ਗੈਰ-ਹਾਜ਼ਰ ਨਜ਼ਰ ਆਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਟੋਧਾੜ ਦਾ ਸ਼ਿਕਾਰ ਹੈ ਜੋ ਕਦੇ ਵੀ ਸੱਤਾ ਵਿੱਚ ਨਹੀਂ ਆ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਹਾਲਤ ਏਨੀ ਮਾੜੀ ਹੋ ਚੁੱਕੀ ਹੈ ਕਿ ਇਸ ਦੀ ਸਾਰੀ ਹਾਈਕਮਾਂਡ ਇਕ ਇਨੋਵਾ ਵਿੱਚ ਸਵਾਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਕਲੇਸ਼ ਕਾਰਨ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦੇ ਚਿਹਰੇ ਤੋਂ ਬਿਨਾਂ ਲੜਨਾ ਚਾਹੁੰਦੇ ਹਨ।

ਅਕਾਲੀ ਦਲ ਨੂੰ ਪੰਜਾਬ ਦੀ ਨਸਲਕੁਸ਼ੀ ਲਈ ਸਿੱਧੇ ਤੌਰ ਉਤੇ ਜ਼ਿੰਮੇਵਾਰ ਠਹਿਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਿਆ, ਗੈਂਗਸਟਰ ਬਣਨ ਦੇ ਰਾਹ ਤੋਰਿਆ ਜਿਸ ਨਾਲ ਸਾਡੀਆਂ ਪੀੜ੍ਹੀਆਂ ਬਰਬਾਦ ਹੋ ਗਈਆਂ। ਉਨ੍ਹਾਂ ਕਿਹਾ ਕਿ ਜ਼ੋਮੈਟੋ ਕੰਪਨੀ ਤਾਂ ਬਾਅਦ ਵਿੱਚ ਬਣੀ ਹੈ, ਅਕਾਲੀ ਸਰਕਾਰ ਮੌਕੇ ਸਰਕਾਰੀ ਗੱਡੀਆਂ ਵਿੱਚ ਨਸ਼ਾ ਸਪਲਾਈ ਹੁੰਦਾ ਸੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਤੀਜੇ ਸਥਾਨ ਉਤੇ ਰਹਿਣ ਵਾਲੇ ਅਕਾਲੀ ਸੂਬੇ ਵਿੱਚ ਸਰਕਾਰ ਬਣਾਉਣ ਦੇ ਸੁਪਨੇ ਦੇਖ ਰਹੇ ਹਨ ਜੋ ਕਦੇ ਵੀ ਪੂਰਾ ਨਹੀਂ ਹੋਣੇ।

# ਅਮਰੀਕਾ : ਵਾ-ਵਰੋਲਿਆਂ ਨੇ ਦੂਜੀ ਵਾਰ ਮਚਾਈ ਤਬਾਹੀ

### * ਤੇਜ਼ ਹਵਾਵਾਂ ਨੇ ਪਲਟਾਏ ਟਰੱਕ, ਘਰਾਂ ਦਾ ਵੱਡਾ ਨੁਕਸਾਨ
### * 10 ਰਾਜਾਂ ਦੇ 82 ਮਿਲੀਅਨ ਲੋਕਾਂ ਨੂੰ ਚਿਤਾਵਨੀ



ਸ਼ਿਕਾਗੋ : ਅਮਰੀਕਾ ਵਿਚ ਵਾ-ਵਰੋਲਿਆਂ ਨੇ ਦੂਜੀ ਵਾਰ ਤਬਾਹੀ ਮਚਾ ਦਿਤੀ ਜਦੋਂ ਇਲੀਨੌਇ ਅਤੇ ਇੰਡਿਆਨਾ ਰਾਜਾਂ ਵਿਚ ਘਰਾਂ ਦੀਆਂ ਛੱਤਾਂ ਉਡ ਗਈਆਂ, ਦਰੱਖਤ ਜੜ੍ਹੋਂ ਪੁੱਟੇ ਗਏ ਅਤੇ ਬਿਜਲੀ ਸਪਲਾਈ ਠੱਪ ਹੋ ਗਈ। ਸ਼ਿਕਾਗੋ ਦੇ ਦੱਖਣ ਵੱਲ ਕੈਨਕਕੀ ਕਾਊਂਟੀ ਵਿਚ ਆਏ ਟੌਰਨੈਡੋ ਨੇ ਵੱਡਾ ਨੁਕਸਾਨ ਕੀਤਾ ਅਤੇ ਕਈ ਜਣਿਆਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ। ਦੂਜੇ ਪਾਸੇ ਇੰਡਿਆਨਾ ਦੀ ਨਿਊਟਨ ਕਾਊਂਟੀ ਵਿਚ ਵੱਖਰੇ ਟੌਰਨੈਡੋ ਨੇ ਲੋਕਾਂ ਦੇ ਸਾਹ ਸੂਤ ਦਿਤੇ। ਨਿਊਟਨ ਕਾਊਂਟੀ ਦੀ ਸ਼ੈਰਿਫ਼ ਸ਼ੈਨਨਲ ਕੌਥਰਨ ਮੁਤਾਬਕ ਵੱਡੀ ਗਿਣਤੀ ਵਿਚ ਘਰ ਨੁਕਸਾਨੇ ਗਏ ਅਤੇ ਸਭ ਤੋਂ ਵੱਧ ਮਾਰ ਲੇਕ ਵਿਲੇਜ ਵਿਖੇ ਨਜ਼ਰ ਆਈ। 10 ਰਾਜਾਂ ਦੇ 80 ਮਿਲੀਅਨ ਲੋਕਾਂ ਨੂੰ ਬੇਹੱਦ ਖ਼ਰਾਬ ਮੌਸਮ ਦੀ ਚਿਤਾਵਨੀ ਦੇ ਘੇਰੇ ਵਿਚ ਰੱਖਿਆ ਗਿਆ ਹੈ ਜਿਨ੍ਹਾਂ ਵਿਚ ਮਿਸ਼ੀਗਨ, ਓਹਾਇਓ, ਵਿਸਕੌਨਸਿਨ, ਓਕਲਾਹੋਮਾ, ਮਜ਼ੂਰੀ, ਆਇਓਵਾ, ਟੈਨੇਸੀ ਅਤੇ ਟੈਕਸਸ ਦੇ ਇਲਾਕੇ ਸ਼ਾਮਲ ਹਨ। ਮੌਸਮ ਵਿਗਿਆਨੀਆਂ ਮੁਤਾਬਕ ਅਮਰੀਕਾ ਦੇ ਕੇਂਦਰੀ ਇਲਾਕਿਆਂ ਵਿਚ ਆਉਣ ਵਾਲੇ ਵਾਵਰੋਲਿਆਂ ਦੌਰਾਨ ਹਵਾਵਾਂ ਦੀ ਰਫ਼ਤਾਰ 110 ਮੀਲ ਪ੍ਰਤੀ ਘੰਟਾ ਤੱਕ ਹੋ ਸਕਦੀ ਹੈ ਜਦਕਿ ਟੈਕਸਸ ਵਰਗੇ ਦੱਖਣੀ ਇਲਾਕਿਆਂ ਵਿਚ ਹਾਲਾਤ ਵਧੇਰੇ ਖ਼ਤਰਨਾਕ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਟੈਕਸਸ ਦੇ ਪੱਛਮੀ ਇਲਾਕਿਆਂ ਵਿਚ ਉਠ ਰਹੇ ਤੂਫ਼ਾਨ ਦਾ ਘੇਰਾ ਕਿਸੇ ਵਾਵਰੋਲੇ ਤੋਂ ਕਿਤੇ ਜ਼ਿਆਦਾ ਹੋ ਸਕਦਾ ਹੈ ਅਤੇ ਇਸ ਦੌਰਾਨ ਗੌਲਫ ਬੌਲ ਦੇ ਸਾਈਜ਼ ਬਰਾਬਰ ਗੜੇ ਵੀ ਡਿੱਗ ਸਕਦੇ ਹਨ। ਓਕਲਾਹੋਮਾ ਅਤੇ ਕੈਨਸਸ ਵਿਖੇ ਉਠਣ ਵਾਲੇ ਤੂਫ਼ਾਨ ਵੀ ਗੜੇਮਾਰੀ ਦਾ ਕਾਰਨ ਬਣ ਸਕਦੇ ਹਨ ਅਤੇ ਹਾਈਵੇਜ਼ 'ਤੇ ਮੁਸਾਫ਼ਰਾਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੌਸਮ ਵਿਗਿਆਨੀ ਐਡਮ ਡੂਟੀ ਦਾ ਕਹਿਣਾ ਸੀ ਕਿ ਮੌਜੂਦਾ ਵਰ੍ਹੇ ਦੌਰਾਨ ਗਰਮੀਆਂ ਆਉਣ ਤੋਂ ਪਹਿਲਾਂ ਹੀ ਵਾਵਰੋਲੇ ਅਤੇ ਤੂਫ਼ਾਨ ਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਅਤੇ ਇਹ ਲੰਮਾ ਸਮਾਂ ਜਾਰੀ ਰਹਿ ਸਕਦਾ ਹੈ। ਇਥੇ ਦਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਆਏ ਵਾ-ਵਰੋਲਿਆਂ ਨੇ ਗੱਡੀਆਂ ਮੂਧੀਆਂ ਮਾਰ ਦਿਤੀਆ ਪਰ ਤਾਜ਼ਾ ਹਵਾਵਾਂ ਵੀ ਘੱਟ ਤਾਕਤਵਰ ਨਹੀਂ ਸਨ ਅਤੇ ਕਈ ਥਾਵਾਂ 'ਤੇ ਖੜ੍ਹੇ ਟਰੱਕ ਪਲਟ ਗਏ। ਨੈਸ਼ਨਲ ਵੈਦਰ ਸਰਵਿਸ ਦਾ ਕਹਿਣਾ ਹੈ ਕਿ ਮਿਸ਼ੀਗਨ ਵਿਚ ਸਾਲਾਨਾ 15 ਟੌਰਨੈਡੋ ਆਉਂਦੇ ਹਨ ਅਤੇ ਜ਼ਿਆਦਾ ਨੁਕਸਾਨ ਨਹੀਂ ਹੁੰਦਾ ਪਰ ਇਸ ਵਾਰ ਟੌਰਨੈਡੋ ਦੀ ਤੀਬਰਤਾ ਕੁਝ ਜ਼ਿਆਦਾ ਹੀ ਦਰਜ ਕੀਤੀ ਗਈ।

ਦੂਜੇ ਪਾਸੇ ਟੈਕਸਸ ਵਰਗੇ ਰਾਜਾਂ ਵਿਚ ਇਕ ਸਾਲ ਦੌਰਾਨ ਔਸਤਨ 155 ਵਾਵਰੋਲੇ ਵੀ ਆ ਸਕਦੇ ਹਨ। ਓਕਲਾਹੋਮਾ ਦਾ ਜ਼ਿਕਰ ਕੀਤਾ ਜਾਵੇ ਤਾਂ ਇਥੇ 4 ਮੀਲ ਦੇ ਘੇਰੇ ਵਾਲੇ ਟੌਰਨੈਡੋ ਨੇ ਤਬਾਹੀ ਮਚਾਈ। ਤੂਫ਼ਾਨ ਅਤੇ ਵਾ ਵਰੋਲਿਆਂ ਨੇ ਜਿਥੇ ਵੱਡਾ ਨੁਕਸਾਨ ਕੀਤਾ, ਉਥੇ ਹੀ ਕੁਝ ਥਾਵਾਂ 'ਤੇ ਲੋਕਾਂ ਨੂੰ ਅਤਿ ਦੀ ਗਰਮੀ ਤੋਂ ਰਾਹਤ ਵੀ ਮਿਲੀ। ਅਮਰੀਕਾ ਦੇ ਦੱਖਣੀ ਇਲਾਕਿਆਂ ਵਿਚ ਤਾਪਮਾਨ ਆਮ ਨਾਲੋਂ ਉਤੇ ਦਰਜ ਕੀਤਾ ਗਿਆ ਹੈ ਪਰ ਮੌਜੂਦਾ ਮੌਸਮੀ ਖਰਾਬੀ ਗਰਮੀ ਨੂੰ ਕਿਸੇ ਤੱਕ ਠੱਲ੍ਹਣ ਵਿਚ ਕਾਮਯਾਬ ਰਹੀ।

# 16 ਈਰਾਨੀ ਬਾਰੂਦੀ ਸੁਰੰਗਾਂ ਵਿਛਾਉਣ ਵਾਲੇ ਜਹਾਜ਼ ਤਬਾਹ: ਅਮਰੀਕੀ ਫੌਜ



ਦੁਬਈ: ਸੰਯੁਕਤ ਰਾਜ ਅਮਰੀਕਾ ਨੇ ਕਿਹਾ ਕਿ ਉਸਨੇ 16 ਈਰਾਨੀ ਮਾਈਨ ਵਿਛਾਉਣ ਵਾਲੇ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ ਹੈ, ਜਦੋਂ ਕਿ ਈਰਾਨ ਨੇ ਇਸ ਖੇਤਰ ਤੋਂ ਤੇਲ ਨਿਰਯਾਤ ਰੋਕਣ ਦੀ ਸਹੁੰ ਖਾਧੀ ਹੈ, ਇਹ ਕਹਿੰਦੇ ਹੋਏ ਕਿ ਉਹ ਆਪਣੇ ਦੁਸ਼ਮਣਾਂ ਨੂੰ "ਇੱਕ ਲੀਟਰ" ਵੀ ਤੇਲ ਭੇਜਣ ਦੀ ਇਜਾਜ਼ਤ ਨਹੀਂ ਦੇਵੇਗਾ।

ਹੋਰਮੁਜ਼ ਜਲਡਮਰੂ 'ਤੇ ਯੁੱਧ ਦੇ ਪ੍ਰਭਾਵ ਬਾਰੇ ਵਧਦੀਆਂ ਚਿੰਤਾਵਾਂ ਦੇ ਵਿਚਕਾਰ, ਅਮਰੀਕੀ ਫੌਜ ਨੇ ਵੀਡੀਓ ਜਾਰੀ ਕੀਤੇ ਹਨ ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ 16 ਈਰਾਨੀ ਮਾਈਨ ਵਿਛਾਉਣ ਵਾਲੇ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਵਿੱਚ ਵਿਸਫੋਟਕ ਲਗਾਉਣ ਬਾਰੇ ਕੋਈ ਜਾਣਕਾਰੀ ਨਹੀਂ ਹੈ, ਜੋ ਦੁਨੀਆ ਦੇ ਲਗਭਗ 20 ਪ੍ਰਤੀਸ਼ਤ ਤੇਲ ਦੀ ਢੋਆ-ਢੁਆਈ ਕਰਦਾ ਹੈ।

ਇਸ ਦੌਰਾਨ, ਈਰਾਨ ਦੇ ਅਰਧ ਸੈਨਿਕ ਰੈਵੋਲਿਊਸ਼ਨਰੀ ਗਾਰਡ ਨੇ ਕਿਹਾ ਕਿ ਉਹ "ਅਗਲੇ ਆਦੇਸ਼ਾਂ ਤੱਕ ਦੁਸ਼ਮਣ ਅਤੇ ਉਸਦੇ ਸਹਿਯੋਗੀਆਂ ਨੂੰ ਖੇਤਰ ਤੋਂ ਇੱਕ ਲੀਟਰ ਵੀ ਤੇਲ ਨਿਰਯਾਤ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ।"

ਜਿਵੇਂ ਹੀ ਟਕਰਾਅ ਆਪਣੇ 11ਵੇਂ ਦਿਨ ਵਿੱਚ ਦਾਖਲ ਹੋਇਆ, ਦੋਵਾਂ ਧਿਰਾਂ ਨੇ ਇੱਕ ਦੂਜੇ ਵਿਰੁੱਧ ਆਪਣੀ ਬਿਆਨਬਾਜ਼ੀ ਤੇਜ਼ ਕਰ ਦਿੱਤੀ। ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਵੀ ਹੁਣ ਤੱਕ ਦੇ ਸਭ ਤੋਂ ਘਾਤਕ ਹਮਲੇ ਕਰਨ ਦੇ ਆਪਣੇ ਇਰਾਦੇ ਨੂੰ ਦੁਹਰਾਇਆ।

ਇਸ ਟਕਰਾਅ ਦਾ ਪ੍ਰਭਾਵ ਪੱਛਮੀ ਏਸ਼ੀਆ ਅਤੇ ਇਸ ਤੋਂ ਬਾਹਰ ਮਹਿਸੂਸ ਕੀਤਾ ਜਾ ਰਿਹਾ ਹੈ। ਈਰਾਨੀ ਨੇਤਾਵਾਂ ਨੇ ਗੱਲਬਾਤ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ ਅਤੇ ਟਰੰਪ ਨੂੰ ਚੇਤਾਵਨੀ ਦਿੰਦੇ ਹੋਏ, ਇਜ਼ਰਾਈਲ ਅਤੇ ਖਾੜੀ ਅਰਬ ਦੇਸ਼ਾਂ 'ਤੇ ਨਵੇਂ ਹਮਲੇ ਸ਼ੁਰੂ ਕਰ ਦਿੱਤੇ ਹਨ।

ਸਾਊਦੀ ਅਰਬ ਦੇ ਰੱਖਿਆ ਮੰਤਰਾਲੇ ਨੇ ਬੁੱਧਵਾਰ ਨੂੰ ਕਿਹਾ ਕਿ ਪ੍ਰਿੰਸ ਸੁਲਤਾਨ ਏਅਰ ਬੇਸ ਸਮੇਤ ਉਸਦੇ ਕਈ ਠਿਕਾਣਿਆਂ ਵੱਲ ਦਾਗੀਆਂ ਗਈਆਂ ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਰੋਕ ਦਿੱਤਾ ਗਿਆ। ਲੇਬਨਾਨ ਦੇ ਸਿਹਤ ਮੰਤਰਾਲੇ ਨੇ ਬੁੱਧਵਾਰ ਨੂੰ ਕਿਹਾ ਕਿ ਦੱਖਣੀ ਲੇਬਨਾਨ ਵਿੱਚ ਕਈ ਇਜ਼ਰਾਈਲੀ ਹਮਲਿਆਂ ਵਿੱਚ ਸੱਤ ਲੋਕ ਮਾਰੇ ਗਏ ਹਨ।

ਸਿਹਤ ਮੰਤਰਾਲੇ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਰੈੱਡ ਕਰਾਸ ਦਾ ਇੱਕ ਮੈਂਬਰ ਵੀ ਸ਼ਾਮਲ ਹੈ। ਅਧਿਕਾਰੀਆਂ ਦੇ ਅਨੁਸਾਰ, ਈਰਾਨ ਵਿੱਚ ਘੱਟੋ-ਘੱਟ 1,230 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਲੇਬਨਾਨ ਵਿੱਚ 480 ਤੋਂ ਵੱਧ ਅਤੇ ਇਜ਼ਰਾਈਲ ਵਿੱਚ 12 ਲੋਕਾਂ ਦੀ ਮੌਤ ਹੋ ਗਈ ਹੈ।









# ਮਿਡਲ ਈਸਟ 'ਚ ਜੰਗ ਵਿਚਾਲੇ ਰਾਸ਼ਟਰਪਤੀ ਟਰੰਪ ਨੇ ਰੂਸੀ ਹਮਰੁਤਬਾ ਪੁਤਿਨ ਨਾਲ ਫ਼ੋਨ 'ਤੇ ਕੀਤੀ ਗੱਲਬਾਤ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ। ਦੋਵਾਂ ਆਗੂਆਂ ਨੇ ਈਰਾਨ ਅਤੇ ਯੂਕਰੇਨ ਜਾਰੀ ਤਣਾਅ ਬਾਰੇ ਚਰਚਾ ਕੀਤੀ। ਦੋਵਾਂ ਵਿਚਕਾਰ ਗੱਲਬਾਤ ਈਰਾਨ ਟਕਰਾਅ ਅਤੇ ਯੂਕਰੇਨ ਸੰਘਰਸ਼ ਨੂੰ ਹੱਲ ਕਰਨ ਦੇ ਉਦੇਸ਼ ਨਾਲ ਵਾਸ਼ਿੰਗਟਨ, ਮਾਸਕੋ ਅਤੇ ਕੀਵ ਵਿਚਕਾਰ ਤਿੰਨ-ਪੱਖੀ ਗੱਲਬਾਤ 'ਤੇ ਕੇਂਦ੍ਰਿਤ ਸੀ। ਕ੍ਰੇਮਲਿਨ ਦੇ ਵਿਦੇਸ਼ ਨੀਤੀ ਸਲਾਹਕਾਰ ਯੂਰੀ ਉਸ਼ਾਕੋਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਟਰੰਪ ਨੇ ਈਰਾਨ ਅਤੇ ਯੂਕਰੇਨ ਜੰਗ 'ਤੇ ਚਰਚਾ ਕਰਨ ਲਈ ਪੁਤਿਨ ਨੂੰ ਫ਼ੋਨ ਕੀਤਾ। ਇਹ ਗੱਲਬਾਤ ਲਗਭਗ ਇੱਕ ਘੰਟੇ ਤੱਕ ਚੱਲੀ। ਗੱਲਬਾਤ ਰਚਨਾਤਮਕ ਅਤੇ ਸਪਸ਼ਟ ਸੀ। ਕ੍ਰੇਮਲਿਨ ਦਾ ਕਹਿਣਾ ਹੈ ਕਿ ਰੂਸੀ ਸੈਨਾ ਯੂਕਰੇਨ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਇਸ ਲਈ ਕੀਵ ਨੂੰ ਗੱਲਬਾਤ ਲਈ ਸਹਿਮਤ ਹੋਣਾ ਪਵੇਗਾ। ਟਰੰਪ ਨੇ ਯੂਕਰੇਨ ਸੰਘਰਸ਼ ਨੂੰ ਜਲਦੀ ਖ਼ਤਮ ਕਰਨ ਵਿੱਚ ਮੁੜ ਤੋਂ ਦਿਲਚਸਪੀ ਦਿਖਾਈ ਹੈ। ਇਸ ਤੋਂ ਇਲਾਵਾ ਪੁਤਿਨ ਨੇ ਈਰਾਨ ਵਿੱਚ ਚੱਲ ਰਹੇ ਟਕਰਾਅ 'ਤੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਟਰੰਪ ਨੂੰ ਪਿਛਲੇ ਹਫ਼ਤੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਅਤੇ ਖਾੜੀ ਦੇਸ਼ਾਂ ਦੇ ਨੇਤਾਵਾਂ ਨਾਲ ਆਪਣੀ ਗੱਲਬਾਤ ਬਾਰੇ ਜਾਣਕਾਰੀ ਦਿੱਤੀ। ਉਸ਼ਾਕੋਵ ਨੇ ਕਿਹਾ ਕਿ ਟਰੰਪ ਨੇ ਸਥਿਤੀ 'ਤੇ ਆਪਣੀ ਰਾਏ ਪ੍ਰਗਟ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਇਸ ਮੁੱਦੇ 'ਤੇ ਬਹੁਤ "ਮਹੱਤਵਪੂਰਨ" ਚਰਚਾ ਕੀਤੀ। ਉਸ਼ਾਕੋਵ ਨੇ ਦੱਸਿਆ ਕਿ ਦੋਵਾਂ ਨੇਤਾਵਾਂ ਨੇ ਵਿਸ਼ਵ ਪੱਧਰੀ ਤੇਲ ਬਾਜ਼ਾਰ ਦੀ ਸਥਿਤੀ ਦੇ ਸੰਦਰਭ ਵਿੱਚ ਯੂਕਰੇਨ ਸੰਘਰਸ਼ ਅਤੇ ਵੇਨੇਜ਼ੁਏਲਾ ਦੀ ਸਥਿਤੀ 'ਤੇ ਵੀ ਚਰਚਾ ਕੀਤੀ। ਦੱਸ ਦਈਏ ਕਿ ਦੋਵਾਂ ਰਾਸ਼ਟਰਪਤੀਆਂ ਨੇ ਆਖਰੀ ਵਾਰ ਦਸੰਬਰ ਵਿੱਚ ਫੋਨ 'ਤੇ ਗੱਲ ਕੀਤੀ ਸੀ, ਜਿਸ ਨੂੰ ਵ੍ਹਾਈਟ ਹਾਊਸ ਨੇ ਉਸ ਸਮੇਂ "ਸਕਾਰਾਤਮਕ" ਦੱਸਿਆ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਮੋਜਤਬਾ ਖਾਮੇਨੇਈ ਨੂੰ ਈਰਾਨ ਦੇ ਨਵੇਂ ਸੁਪਰੀਮ ਲੀਡਰ ਵਜੋਂ ਨਿਯੁਕਤੀ 'ਤੇ ਵਧਾਈ ਦਿੱਤੀ।

# ਜੰਗ ਕਾਰਨ ਤੇਲ ਦੀਆਂ ਕੀਮਤਾਂ ਨੂੰ ਲੱਗੀ ਅੱਗ !

## ਪਹਿਲੀ ਵਾਰ ਕੀਮਤ 100 ਡਾਲਰ ਤੋਂ ਪਾਰ, ਪਾਕਿਸਤਾਨ-ਬੰਗਲਾਦੇਸ਼ 'ਚ ਹਾਹਾਕਾਰ




ਈਰਾਨ : ਅਮਰੀਕਾ-ਇਜ਼ਰਾਈਲ ਅਤੇ ਈਰਾਨ ਦੇ ਵਿਚਕਾਰ ਜਾਰੀ ਜੰਗ ਨੇ ਦੁਨੀਆ ਦੀ ਚਿੰਤਾ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ। ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ ਹਨ। ਮੁਜਤਬਾ ਖ਼ਾਮੇਨੇਈ ਦੇ ਸੁਪਰੀਮ ਲੀਡਰ ਬਣਨ ਤੋਂ ਬਾਅਦ ਈਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਆਤਮ-ਸਮਰਪਣ ਨਹੀਂ ਕਰੇਗਾ। ਈਰਾਨ ਨੇ ਇਜ਼ਰਾਈਲ ਅਤੇ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲੇ ਵੀ ਤੇਜ਼ ਕਰ ਦਿੱਤੇ ਹਨ। ਅਜਿਹੀ ਸਥਿਤੀ ਵਿੱਚ ਤੇਲ ਦੀਆਂ ਕੀਮਤਾਂ ਲਗਭਗ 120 ਡਾਲਰ ਪ੍ਰਤੀ ਬੈਰਲ ਤੱਕ ਵਧ ਗਈਆਂ, ਜਿਸ ਨਾਲ ਮਿਡਲ ਈਸਟ ਵਿੱਚ ਉਤਪਾਦਨ ਅਤੇ ਸ਼ਿਪਿੰਗ 'ਤੇ ਖ਼ਤਰਾ ਪੈਦਾ ਹੋ ਗਿਆ ਹੈ ਅਤੇ ਵਿੱਤੀ ਬਾਜ਼ਾਰਾਂ ਵਿੱਚ ਭਾਰੀ ਗਿਰਾਵਟ ਆਈ ਹੈ। ਇਸ ਦੌਰਾਨ ਬੰਗਲਾਦੇਸ਼ ਅਤੇ ਪਾਕਿਸਤਾਨ ਨੇ ਫਿਊਲ ਬਚਾਉਣ ਲਈ ਸਕੂਲ-ਕਾਲਜ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇੰਟਰਨੈਸ਼ਨਲ ਸਟੈਂਡਰਡ ਬਰੈਂਟ ਕਰੂਡ ਦੇ ਇੱਕ ਬੈਰਲ ਦੀ ਕੀਮਤ ਦਿਨ ਦੀ ਸ਼ੁਰੂਆਤ ਵਿੱਚ 119.50 ਡਾਲਰ ਪ੍ਰਤੀ ਬੈਰਲ ਤੱਕ ਵਧ ਗਈ, ਪਰ ਬਾਅਦ ਵਿੱਚ ਇਹ 9% ਵਧ ਕੇ 101 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਟ੍ਰੇਡ ਕਰ ਰਿਹਾ ਸੀ।ਦੱਸ ਦਈਏ ਕਿ ਈਰਾਨ ਅਤੇ ਅਮਰੀਕਾ-ਇਜ਼ਰਾਈਲ ਦੇ ਵਿਚਕਾਰ ਜਾਰੀ ਜੰਗ ਦੂਜੇ ਹਫਤੇ ਵਿੱਚ ਪਹੁੰਚ ਚੁੱਕੀ ਹੈ। ਇਹ ਜੰਗ ਉਨ੍ਹਾਂ ਦੇਸ਼ਾਂ ਅਤੇ ਥਾਵਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਹੈ ਜੋ ਫਾਰਸ ਦੀ ਖਾੜੀ (Persian Gulf) ਤੋਂ ਤੇਲ ਅਤੇ ਗੈਸ ਦੇ ਉਤਪਾਦਨ ਅਤੇ ਆਵਾਜਾਈ ਲਈ ਜ਼ਰੂਰੀ ਹਨ। ਇਸੇ ਕਾਰਨ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ। ਇੰਡੀਪੈਂਡੈਂਟ ਰਿਸਰਚ ਫਰਮ 'ਰਿਸਟੈਡ ਐਨਰਜੀ' ਦੇ ਮੁਤਾਬਕ, ਦੁਨੀਆ ਦੇ ਤੇਲ ਦਾ ਲਗਭਗ 20% ਯਾਨੀ ਤਕਰੀਬਨ 15 ਮਿਲੀਅਨ ਬੈਰਲ ਕੱਚਾ ਤੇਲ ਰੋਜ਼ਾਨਾ ਹੋਰਮੁਜ਼ ਸਟ੍ਰੇਟ ਰਾਹੀਂ ਭੇਜਿਆ ਜਾਂਦਾ ਹੈ। ਈਰਾਨੀ ਮਿਜ਼ਾਈਲ ਅਤੇ ਡਰੋਨ ਹਮਲਿਆਂ ਦੇ ਖ਼ਤਰੇ ਨੇ ਸਾਊਦੀ ਅਰਬ, ਕੁਵੈਤ, ਇਰਾਕ, ਕਤਰ, ਬਹਿਰੀਨ, ਸੰਯੁਕਤ ਅਰਬ ਅਮੀਰਾਤ ਅਤੇ ਈਰਾਨ ਤੋਂ ਤੇਲ ਅਤੇ ਗੈਸ ਲੈ ਕੇ ਜਾਣ ਵਾਲੇ ਟੈਂਕਰਾਂ ਨੂੰ ਇਸ ਰਸਤੇ ਤੋਂ ਗੁਜ਼ਰਨ ਤੋਂ ਰੋਕ ਦਿੱਤਾ ਹੈ, ਜਿਸਦੀ ਉੱਤਰੀ ਸੀਮਾ ਈਰਾਨ ਨਾਲ ਲੱਗਦੀ ਹੈ। ਇਰਾਕ, ਕੁਵੈਤ ਅਤੇ ਯੂ.ਏ.ਈ. ਨੇ ਤੇਲ ਉਤਪਾਦਨ ਵਿੱਚ ਕਟੌਤੀ ਕੀਤੀ ਹੈ, ਕਿਉਂਕਿ ਕੱਚੇ ਤੇਲ ਨੂੰ ਐਕਸਪੋਰਟ ਕਰਨ ਦੀ ਸਮਰੱਥਾ ਘਟਣ ਕਾਰਨ ਸਟੋਰੇਜ ਟੈਂਕ ਭਰ ਰਹੇ ਹਨ। ਜੰਗ ਸ਼ੁਰੂ ਹੋਣ ਤੋਂ ਬਾਅਦ ਈਰਾਨ, ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਨੇ ਵੀ ਤੇਲ ਅਤੇ ਗੈਸ ਫੈਸੀਲਿਟੀਜ਼ 'ਤੇ ਹਮਲੇ ਕੀਤੇ ਹਨ, ਜਿਸ ਨਾਲ ਸਪਲਾਈ ਦੀਆਂ ਚਿੰਤਾਵਾਂ ਹੋਰ ਵਧ ਗਈਆਂ ਹਨ।

# ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਖ਼ਿਲਾਫ਼ ਮਹਿਲਾ ਕਮਿਸ਼ਨ ਨੇ ਲਿਆ ਸੋ-ਮੋਟੋ ਨੋਟਿਸ, ਮਹਿਲਾਵਾਂ ਬਾਰੇ ਕੀਤੀ ਸੀ ਵਿਵਾਦਤ ਟਿੱਪਣੀ



ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਏ ਹਨ। ਮਹਿਲਾਵਾਂ ਨੂੰ ਦਿੱਤੀ ਜਾਣ ਵਾਲੀ 1000-1000 ਰੁਪਏ ਦੀ ਵਿੱਤੀ ਸਹਾਇਤਾ ਬਾਰੇ ਦਿੱਤੇ ਗਏ ਇੱਕ ਬਿਆਨ ਨੇ ਸਿਆਸੀ ਭੂਚਾਲ ਲਿਆ ਦਿੱਤਾ ਹੈ। ਜਿਸ ਤੋਂ ਬਾਅਦ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਮਾਮਲੇ 'ਚ ਐਕਸ਼ਨ ਲੈਂਦਿਆਂ ਸੁਖਪਾਲ ਖਹਿਰਾ ਖ਼ਿਲਾਫ਼ ਸੋ-ਮੋਟੋ ਨੋਟਿਸ ਲਿਆ ਹੈ। ਇਸ ਦੇ ਨਾਲ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵੀ ਤਲਬ ਕੀਤਾ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਘਟਨਾ ਦਾ ਸੂ-ਮੋਟੋ ਨੋਟਿਸ ਲਿਆ ਹੈ। ਕਮਿਸ਼ਨ ਦੀ ਚੇਅਰਪਰਸਨ ਨੇ ਸਪੱਸ਼ਟ ਕੀਤਾ ਹੈ ਕਿ ਸਿਆਸੀ ਲਾਹੇ ਲਈ ਔਰਤਾਂ ਖਿਲਾਫ ਭੱਦੀ ਸ਼ਬਦਾਵਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਐਸ.ਐਸ.ਪੀ. ਕਪੂਰਥਲਾ ਰਾਹੀਂ ਦੋਵਾਂ ਆਗੂਆਂ ਨੂੰ ਨੋਟਿਸ ਭੇਜ ਕੇ 12 ਮਾਰਚ ਨੂੰ ਮਹਿਲਾ ਕਮਿਸ਼ਨ ਦੇ ਦਫ਼ਤਰ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਸੁਖਪਾਲ ਖਹਿਰਾ ਨੇ ਪਿਛਲੇ ਦਿਨੀਂ ਮਹਿਲਾਵਾਂ ਨੂੰ ਮਿਲਣ ਵਾਲੇ 1000 ਰੁਪਏ ਦੇ ਭੱਤੇ ਸਬੰਧੀ ਇੱਕ ਟਿੱਪਣੀ ਕੀਤੀ ਸੀ, ਜਿਸ ਨੂੰ ਮਹਿਲਾ ਕਮਿਸ਼ਨ ਨੇ ਔਰਤਾਂ ਦਾ ਅਪਮਾਨ ਮੰਨਿਆ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਅਜਿਹੀ ਸ਼ਬਦਾਵਲੀ ਔਰਤਾਂ ਦੀ ਮਾਨ-ਮਰਿਆਦਾ ਨੂੰ ਸੱਟ ਮਾਰਦੀ ਹੈ। ਇਸ ਮਾਮਲੇ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਵੀ ਹੰਗਾਮਾ ਹੋਇਆ।

# ਲੁਧਿਆਣਾ ਦੇ ਕਈ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਮਿਲੀਆਂ ਧਮਕੀਆਂ; ਜਾਂਚ ਜਾਰੀ




ਲੁਧਿਆਣਾ : ਸ਼ਹਿਰ ਭਰ ਦੇ ਕਈ ਸਕੂਲਾਂ ਵਿੱਚ ਅੱਜ ਸਵੇਰੇ ਉਸ ਸਮੇਂ ਹਫੜਾ-ਦਫੜੀ ਮੱਚ ਗਈ ਜਦੋਂ ਉਨ੍ਹਾਂ ਨੂੰ ਬੰਬ ਦੀ ਧਮਕੀ ਵਾਲਾ ਈਮੇਲ ਮਿਲਿਆ। ਸਕੂਲ ਪ੍ਰਬੰਧਨ ਨੂੰ ਭੇਜੇ ਗਏ ਇਸ ਈਮੇਲ ਵਿੱਚ ਸਕੂਲਾਂ ਨੂੰ ਚੇਤਾਵਨੀ ਦਿੱਤੀ ਗਈ ਤਿੰਨ ਸਕੂਲ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਲੁਧਿਆਣਾ ਪੁਲਿਸ, ਬੰਬ ਸਕੁਐਡ ਅਤੇ ਡੌਗ ਸਕੁਐਡ ਸਕੂਲਾਂ ਵਿੱਚ ਪਹੁੰਚੇ। ਸਾਵਧਾਨੀ ਦੇ ਤੌਰ 'ਤੇ ਸਕੂਲਾਂ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਪੁਲਿਸ ਟੀਮਾਂ ਪੂਰੇ ਖੇਤਰ ਦੀ ਚੰਗੀ ਤਰ੍ਹਾਂ ਤਲਾਸ਼ੀ ਲੈ ਰਹੀਆਂ ਹਨ। ਸਕੂਲਾਂ ਦੇ ਬਾਹਰ ਭਾਰੀ ਪੁਲਿਸ ਤਾਇਨਾਤ ਕਰ ਦਿੱਤੀ ਗਈ ਹੈ। ਸੁਰੱਖਿਆ ਦੇ ਮੱਦੇਨਜ਼ਰ ਡੀਏਵੀ ਸਕੂਲ ਅਤੇ ਕੇਵੀਐਮ ਸਕੂਲਾਂ ਚ ਛੁੱਟੀ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਸੀਬੀਐਸਈ ਨਾਲ ਸਬੰਧਤ ਤਿੰਨ ਸਕੂਲਾਂ ਨੂੰ ਮੰਗਲਵਾਰ ਸਵੇਰੇ 7 ਵਜੇ ਦੇ ਕਰੀਬ ਈਮੇਲ ਰਾਹੀਂ ਇੱਕ ਧਮਕੀ ਭਰਿਆ ਸੁਨੇਹਾ ਮਿਲਿਆ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਕੂਲ ਵਿੱਚ ਬੰਬ ਮੌਜੂਦ ਹੈ। ਸਕੂਲਾਂ ਦੇ ਨਾਲ ਨਾਲ ਟ੍ਰੇਨਾਂ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਸਕੂਲਾਂ ਨੂੰ ਭੇਜੇ ਗਏ ਈਮੇਲ ਵਿੱਚ ਕਿਹਾ ਗਿਆ ਹੈ ਕਿ ਸਕੂਲਾਂ ਵਿੱਚ ਦੁਪਹਿਰ 1:11 ਵਜੇ ਅਤੇ ਟ੍ਰੇਨਾਂ ਵਿੱਚ ਦੁਪਹਿਰ 3:11 ਵਜੇ ਧਮਾਕੇ ਹੋਣਗੇ।ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੂਰੇ ਮਾਮਲੇ ਦੀ ਇਸ ਵੇਲੇ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਨੇ ਜਨਤਾ ਨੂੰ ਨਾ ਘਬਰਾਉਣ ਦੀ ਅਪੀਲ ਕੀਤੀ ਹੈ, ਕਿਉਂਕਿ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹਨ ਅਤੇ ਸਥਿਤੀ 'ਤੇ ਨਜ਼ਰ ਰੱਖ ਰਹੀਆਂ ਹਨ।

# ਦਿੱਲੀ ਹਵਾਈ ਅੱਡੇ ਨੇ ਯਾਤਰੀਆਂ ਲਈ ਐਡਵਾਈਜ਼ਰੀ ਕੀਤੀ ਜਾਰੀ

## ਘਰੋਂ ਨਿਕਲਣ ਤੋਂ ਪਹਿਲਾ ਪੜ੍ਹੋ ਇਹ ਦਿਸ਼ਾ – ਨਿਰਦੇਸ਼



ਨਵੀ ਦਿੱਲੀ : ਦਿੱਲੀ ਇੰਟਰਨੈਸ਼ਨਲ ਏਅਰਪੋਰਟ ਨੇ ਯਾਤਰੀਆਂ ਲਈ ਇੱਕ ਮਹੱਤਵਪੂਰਨ ਐਡਵਾਈਜ਼ਰੀ ਜਾਰੀ ਕੀਤੀ ਹੈ। ਏਅਰਪੋਰਟ ਪ੍ਰਸ਼ਾਸਨ ਨੇ ਦੱਸਿਆ ਕਿ ਮੌਜੂਦਾ ਹਾਲਾਤਾਂ ਕਾਰਨ ਪੱਛਮੀ ਦਿਸ਼ਾ (ਵੈਸਟਬਾਉਂਡ) ਦੀਆਂ ਕੁਝ ਅੰਤਰਰਾਸ਼ਟਰੀ ਉਡਾਣਾਂ ਵਿੱਚ ਦੇਰੀ ਹੋ ਸਕਦੀ ਹੈ ਜਾਂ ਉਨ੍ਹਾਂ ਦੇ ਸ਼ੈਡਿਊਲ ਵਿੱਚ ਬਦਲਾਅ ਕੀਤਾ ਜਾ ਸਕਦਾ ਹੈ। ਇਸ ਲਈ ਯਾਤਰੀਆਂ ਨੂੰ ਏਅਰਪੋਰਟ ਆਉਣ ਤੋਂ ਪਹਿਲਾਂ ਆਪਣੀ-ਆਪਣੀ ਏਅਰਲਾਈਨ ਤੋਂ ਉਡਾਣ ਦੀ ਤਾਜ਼ਾ ਜਾਣਕਾਰੀ ਜ਼ਰੂਰ ਜਾਂਚਣ ਦੀ ਸਲਾਹ ਦਿੱਤੀ ਗਈ ਹੈ।

ਦਿੱਲੀ ਏਅਰਪੋਰਟ ਨੇ ਸਵੇਰੇ ਕਰੀਬ 9:00 ਵਜੇ ਪੈਸੰਜਰ ਐਡਵਾਈਜ਼ਰੀ ਜਾਰੀ ਕਰਦੇ ਹੋਏ ਕਿਹਾ ਕਿ ਯਾਤਰੀਆਂ ਦੀ ਸਹੂਲਤ ਲਈ ਕਈ ਆਨਲਾਈਨ ਸੇਵਾਵਾਂ ਉਪਲਬਧ ਕਰਵਾਈਆਂ ਗਈਆਂ ਹਨ।ਯਾਤਰੀ ਆਪਣੀ ਫਲਾਈਟ ਦਾ ਲਾਈਵ ਸਟੇਟਸ ਅਧਿਕਾਰਤ ਲਿੰਕ 'ਤੇ ਜਾ ਕੇ ਦੇਖ ਸਕਦੇ ਹਨ।ਇਮੀਗ੍ਰੇਸ਼ਨ ਨਾਲ ਜੁੜੀ ਕਿਸੇ ਵੀ ਸਹਾਇਤਾ ਲਈ ਯਾਤਰੀ ਇਸ ਹੈਲਪ ਡੈਸਕ ਦੀ ਵਰਤੋਂ ਕਰ ਸਕਦੇ ਹਨ।

ਇਸ ਤੋਂ ਇਲਾਵਾ ਇਮੀਗ੍ਰੇਸ਼ਨ ਸਹਾਇਤਾ ਲਈ ਯਾਤਰੀ ਐੱਫ.ਆਰ.ਆਰ.ਓ. (FRRO – ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ) ਨੂੰ ਈਮੇਲ ਵੀ ਕਰ ਸਕਦੇ ਹਨ। ਇਸ ਲਈ ਅਧਿਕਾਰਤ ਈਮੇਲ ਆਈਡੀ ਵੀ ਦਿੱਤੀ ਗਈ ਹੈ।

ਜੇਕਰ ਯਾਤਰੀਆਂ ਨੂੰ ਏਅਰਪੋਰਟ ਦੇ ਨੇੜੇ ਥੋੜ੍ਹੇ ਸਮੇਂ ਲਈ ਠਹਿਰਨ ਦੀ ਲੋੜ ਹੋਵੇ, ਤਾਂ ਉਹ 'ਰਾਊਂਡ ਦਾ ਕਲਾਕ' ਜਾਂ ਐਰੋਸਿਟੀ ਦੇ ਹੋਟਲਾਂ ਦਾ ਵਿਕਲਪ ਚੁਣ ਸਕਦੇ ਹਨ। ਇਸ ਬਾਰੇ ਵਧੇਰੇ ਜਾਣਕਾਰੀ ਲਈ ਲਿੰਕ ਉਪਲਬਧ ਕਰਵਾਏ ਗਏ ਹਨ। ਦਿੱਲੀ ਏਅਰਪੋਰਟ ਨੇ ਯਾਤਰੀਆਂ ਨੂੰ ਇਹ ਵੀ ਦੱਸਿਆ ਕਿ ਯਾਤਰਾ ਨੂੰ ਆਸਾਨ ਬਣਾਉਣ ਲਈ 'HOI' ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਐਪ ਯਾਤਰੀਆਂ ਲਈ ਇੱਕ ਜ਼ਰੂਰੀ ਟਰੈਵਲ ਸਾਥੀ ਵਾਂਗ ਕੰਮ ਕਰਦੀ ਹੈ।

ਏਅਰਪੋਰਟ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਬਾਕੀ ਸਾਰੀਆਂ ਉਡਾਣਾਂ ਫਿਲਹਾਲ ਨਿਰਧਾਰਤ ਸਮੇਂ ਅਨੁਸਾਰ ਹੀ ਚੱਲ ਰਹੀਆਂ ਹਨ। ਨਾਲ ਹੀ ਯਾਤਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਏਅਰਪੋਰਟ ਪ੍ਰਸ਼ਾਸਨ ਦੇ ਨਾਲ ਸਹਿਯੋਗ ਕਰਨ।

# ਗੁਰੂਗ੍ਰਾਮ ਦੇ ਸਿਧਰਾਵਲੀ 'ਚ ਵੱਡਾ ਹਾਦਸਾ

## ਉਸਾਰੀ ਅਧੀਨ ਸੋਸਾਇਟੀ ਦੀ ਡਿੱਗੀ ਕੰਧ; 7 ਮਜ਼ਦੂਰਾਂ ਦੀ ਹੋਈ ਮੌਤ



ਗੁਰੂਗ੍ਰਾਮ ਵਿੱਚ ਸੋਮਵਾਰ ਰਾਤ ਨੂੰ ਨਿਰਮਾਣ ਅਧੀਨ ਗਲੋਬਲ ਸਿਗਨੇਚਰ ਸੋਸਾਇਟੀ ਦੀ ਇੱਕ ਕੰਧ ਅਚਾਨਕ ਹੀ ਡਿੱਗ ਗਈ। ਇਸ ਹਾਦਸੇ ਵਿੱਚ ਸੱਤ ਮਜ਼ਦੂਰਾਂ ਦੀ ਮੌਤ ਹੋ ਗਈ, ਅਤੇ ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕਾਂ ਅਤੇ ਜ਼ਖਮੀਆਂ ਨੂੰ ਰਾਜਸਥਾਨ ਦੇ ਭਿਵਾੜੀ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ ਹੈ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਬਿਲਾਸਪੁਰ ਪੁਲਿਸ ਸਟੇਸ਼ਨ ਅਤੇ ਐਸਡੀਆਰਐਫ ਮੌਕੇ 'ਤੇ ਪਹੁੰਚੇ। ਬਚਾਅ ਟੀਮਾਂ ਨੇ ਮਜ਼ਦੂਰਾਂ ਨੂੰ ਚਿੱਕੜ ਅਤੇ ਮਲਬੇ ਵਿੱਚੋਂ ਕੱਢਣ ਲਈ ਇੱਕ ਘੰਟੇ ਦਾ ਆਪ੍ਰੇਸ਼ਨ ਕੀਤਾ। ਪੁਲਿਸ ਅਧਿਕਾਰੀ ਵੀ ਮੌਕੇ 'ਤੇ ਪਹੁੰਚੇ ਅਤੇ ਉਸ ਰਾਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਘਟਨਾ ਤੋਂ ਬਾਅਦ, ਬਿਲਡਰ ਨੇ ਸੋਸਾਇਟੀ ਦੇ ਮੁੱਖ ਗੇਟ 'ਤੇ ਬਾਊਂਸਰ ਤਾਇਨਾਤ ਕੀਤੇ, ਜਿਸ ਨਾਲ ਕਿਸੇ ਨੂੰ ਵੀ ਅੰਦਰ ਜਾਣ ਤੋਂ ਰੋਕਿਆ ਗਿਆ। ਇਸ ਦੌਰਾਨ, ਸਿਦਰਾਵਲੀ ਪਿੰਡ ਦੇ ਸਰਪੰਚ ਦਾ ਕਹਿਣਾ ਹੈ ਕਿ ਐਸਟੀਪੀ (ਸੀਵਰੇਜ ਟ੍ਰੀਟਮੈਂਟ ਪਲਾਂਟ) ਲਈ 30 ਤੋਂ 40 ਫੁੱਟ ਹੇਠਾਂ ਇੱਕ ਬੇਸਮੈਂਟ ਬਣਾਇਆ ਜਾ ਰਿਹਾ ਸੀ। ਰੀਬਾਰ ਦੀ ਵਰਤੋਂ ਕਰਕੇ 5 ਫੁੱਟ ਦੀ ਕੰਧ ਬਣਾਈ ਗਈ ਸੀ। ਇਸ ਕੰਧ ਦੇ ਡਿੱਗਣ ਨਾਲ ਇਹ ਹਾਦਸਾ ਹੋਇਆ। ਐਸਟੀਪੀ ਦਾ ਕੰਮ ਚੱਲ ਰਿਹਾ ਸੀ। ਰਿਪੋਰਟਾਂ ਅਨੁਸਾਰ, ਗਲੋਬਲ ਸਿਗਨੇਚਰ ਸੋਸਾਇਟੀ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ (STP) 'ਤੇ ਕੰਮ ਚੱਲ ਰਿਹਾ ਸੀ। ਰਾਤ 8 ਵਜੇ, ਬੇਸਮੈਂਟ ਵਿੱਚ ਅਚਾਨਕ ਇੱਕ ਮਿੱਟੀ ਦੀ ਕੰਧ ਡਿੱਗ ਗਈ, ਜਿਸ ਨਾਲ 10 ਮਜ਼ਦੂਰ ਦੱਬ ਗਏ। ਘਟਨਾ ਤੋਂ ਤੁਰੰਤ ਬਾਅਦ, ਮੌਕੇ 'ਤੇ ਮੌਜੂਦ ਹੋਰ ਮਜ਼ਦੂਰਾਂ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਿਸ ਟੀਮਾਂ ਵੀ ਮੌਕੇ 'ਤੇ ਪਹੁੰਚੀਆਂ, ਅਤੇ ਪੀੜਤਾਂ ਨੂੰ ਬਾਅਦ ਵਿੱਚ ਚਿੱਕੜ ਅਤੇ ਮਲਬੇ ਵਿੱਚੋਂ ਬਾਹਰ ਕੱਢਿਆ ਗਿਆ। ਐਂਬੂਲੈਂਸਾਂ ਨੇ ਉਨ੍ਹਾਂ ਨੂੰ ਰਾਜਸਥਾਨ ਦੇ ਭਿਵਾੜੀ ਦੇ ਸਰਕਾਰੀ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਸੱਤ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ, ਜਿਨ੍ਹਾਂ ਵਿੱਚ ਇੰਦਰਾਜੀ ਸਦਾ (32), ਭਾਗੀਰਥ ਗੋਪੀ, ਛੋਟਾ ਲਾਲ ਸਦਾ (37), ਸ਼ਿਵ ਸ਼ੰਕਰ (31), ਸ਼ਿਵਕਾਂਤ ਚੌਧਰੀ (47), ਅਤੇ ਮੰਗਤਰਾਮ (32) ਸ਼ਾਮਲ ਹਨ। ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ। ਸਾਰੇ ਮ੍ਰਿਤਕ ਮਜ਼ਦੂਰਾਂ ਦੇ ਪਛਾਣ ਪੱਤਰਾਂ 'ਤੇ ਮਾਨੇਸਰ ਦੇ ਪਤੇ ਸਨ। ਉਹ ਮਦਦਗਾਰ, ਫਿਟਰ ਅਤੇ ਆਪਰੇਟਰ ਸਮੇਤ ਵੱਖ-ਵੱਖ ਅਹੁਦਿਆਂ 'ਤੇ ਸਨ।

# ਪੰਜਾਬ ਯੂਨੀਵਰਸਿਟੀ 'ਚ ਵਿਦਿਆਰਥੀਆਂ 'ਤੇ ਲਾਠੀਚਾਰਜ ਅਤੇ ਦਸਤਾਰਾਂ ਉਤਰਨ ਦਾ ਮਾਮਲਾ: ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੀਤੀ ਨਿਖੇਧੀ



ਅੰਮ੍ਰਿਤਸਰ: ਪੰਜਾਬ ਯੂਨੀਵਰਸਿਟੀ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ 'ਤੇ ਕਰਵਾਏ ਗਏ ਪ੍ਰੋਗਰਾਮ ਵਿੱਚ ਸ਼ਸ਼ ਦੇ ਅਹੁਦੇਦਾਰ ਨੂੰ ਮੁੱਖ ਮਹਿਮਾਨ ਸੱਦਣ 'ਤੇ ਹੰਗਾਮਾ ਹੋ ਗਿਆ। ਯੂਨੀਵਰਸਿਟੀ ਕੈਂਪਸ ਵਿੱਚ 'ਸੱਥ' ਜਥੇਬੰਦੀ ਨਾਲ ਜੁੜੇ ਵਿਦਿਆਰਥੀਆਂ ਨੇ ਪ੍ਰੋਗਰਾਮ ਦਾ ਵਿਰੋਧ ਕਰਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ। ਸਥਿਤੀ ਨੂੰ ਦੇਖਦੇ ਹੋਏ ਯੂਨੀਵਰਸਿਟੀ ਪ੍ਰਸ਼ਾਸਨ ਨੇ ਥਾਣਾ 11 ਨੂੰ ਸੂਚਨਾ ਦਿੱਤੀ। ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ। ਪੁਲਿਸ ਨੇ ਨਾਅਰੇਬਾਜ਼ੀ ਕਰ ਰਹੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਪੁਲਿਸ ਅਤੇ ਵਿਦਿਆਰਥੀਆਂ ਵਿਚਾਲੇ ਖਿੱਚ-ਧੂਹ ਹੋਈ। 'ਸੱਥ' ਜਥੇਬੰਦੀ ਅਨੁਸਾਰ ਧੱਕਾਮੁੱਕੀ ਦੌਰਾਨ ਕਈ ਵਿਦਿਆਰਥੀਆਂ ਦੀਆਂ ਪੱਗਾਂ ਉਤਰ ਗਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਪੁਲਿਸ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਅਤੇ ਦਸਤਾਰਾਂ ਉਤਾਰੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਦਸਤਾਰ ਸਿੱਖ ਦੇ ਜੀਵਨ ਦਾ ਅਹਿਮ ਅੰਗ ਹੈ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਜ਼ੋਰ ਦਾ ਪ੍ਰਯੋਗ ਕਰਦਿਆਂ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰੇ ਜਾਣਾ ਸਿੱਖ ਭਾਵਨਾਵਾਂ ਅਤੇ ਸਿੱਖੀ ਦੇ ਗੌਰਵ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਸ਼ਾਂਤਮਈ ਤਰੀਕੇ ਨਾਲ ਆਪਣੀ ਗੱਲ ਰੱਖਣਾ ਹੱਕ ਹੈ, ਜਿਸ 'ਤੇ ਕਿਸੇ ਤਰ੍ਹਾਂ ਦੀ ਰੋਕ ਲਗਾਉਣੀ ਪ੍ਰਸ਼ਾਸਨ ਦੀ ਧੱਕੇਸ਼ਾਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਸਿੱਖ ਭਾਵਨਾਵਾਂ ਨੂੰ ਲੈ ਕੇ ਲਗਾਤਾਰ ਮੰਗ ਕਰ ਰਹੇ ਸਨ, ਜਿਸ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅਣਸੁਣਿਆ ਕੀਤਾ ਗਿਆ ਅਤੇ ਪੁਲਿਸ ਦੁਆਰਾ ਲਾਠੀਚਾਰਜ ਕਰਕੇ ਵਿਦਿਆਰਥੀਆਂ ਦੀ ਅਵਾਜ਼ ਨੂੰ ਦਬਾਉਣ ਦਾ ਯਤਨ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਵੱਡੀ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨਾ ਪ੍ਰਸ਼ਾਸਨ ਦੀ ਵੀ ਜ਼ੁੰਮੇਵਾਰੀ ਹੈ। ਉਨ੍ਹਾਂ ਸਿੱਖ ਨੌਜੁਆਨਾਂ ਦੀਆਂ ਦਸਤਾਰਾਂ ਉਤਾਰਨ ਵਾਲੇ ਦੋਸ਼ੀ ਮੁਲਾਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਸਿੱਖ ਦੀ ਦਸਤਾਰ ਦਾ ਨਿਰਾਦਰ ਕਰਨ ਵਾਲੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ।

# ਤਰਨਜੀਤ ਸਿੰਘ ਸੰਧ ਬਣੇ ਦਿੱਲੀ ਦੇ 23ਵੇਂ ਉਪ-ਰਾਜਪਾਲ



ਦਿੱਲੀ ਦੇ ਨਵ-ਨਿਯੁਕਤ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਦੁਪਹਿਰ 1:30 ਵਜੇ ਲੋਕ ਨਿਵਾਸ ਵਿਖੇ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁੱਕੀ। ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਨੇ ਸਹੁੰ ਚੁਕਾਈ। ਤਰਨਜੀਤ ਸੰਧੂ ਨੂੰ ਵੀ. ਕੇ. ਸਕਸੈਨਾ ਦੀ ਥਾਂ ਉਪ ਰਾਜਪਾਲ ਵੱਜੋਂ ਨਿਯੁਕਤ ਕੀਤਾ ਗਿਆ ਹੈ। ਵੀਕੇ ਸਕਸੈਨਾ ਨੂੰ ਲੱਦਾਖ ਭੇਜਿਆ ਗਿਆ ਹੈ। ਸੰਧੂ ਵੱਲੋਂ ਆਪਣੀ ਵਿਦੇਸ਼ਾਂ ਵਿੱਚ ਨੌਕਰੀ ਦੌਰਾਨ ਕਈ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ ਗਈਆਂ ਸਨ। ਉਨ੍ਹਾਂ ਦੀ ਉਪ ਰਾਜਪਾਲ ਵੱਜੋਂ ਦਿੱਲੀ ਵਿੱਚ ਕੀਤੀ ਗਈ ਨਿਯੁਕਤੀ ਤੋਂ ਕੌਮੀ ਰਾਜਧਾਨੀ ਦੇ ਸਿੱਖ ਹਲਕਿਆਂ ਵਿੱਚ ਉਤਸ਼ਾਹ ਪਾਇਆ ਗਿਆ ਹੈ ਕਿਉਂਕਿ ਦਿੱਲੀ ਵਿੱਚ ਉਪ ਰਾਜਪਾਲ ਕੋਲ ਹੀ ਦਿੱਲੀ ਸਰਕਾਰ ਨੂੰ ਚਲਾਉਣ ਦੇ ਵੱਧ ਅਧਿਕਾਰ ਹਨ। ਕੌਮੀ ਰਾਜਧਾਨੀ ਦਿੱਲੀ ਨੂੰ ਸਭ ਤੋਂ ਵੱਧ ਸਿੱਖਾਂ ਵਾਲੇ ਸ਼ਹਿਰ ਹੋਣ ਦਾ ਮਾਣ ਹਾਸਲ ਹੈ।

ਆਪਣੀ ਨਿਯੁਕਤੀ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੰਧੂ ਨੇ ਕਿਹਾ ਕਿ ਦਿੱਲੀ ਉਨ੍ਹਾਂ ਦੀ 'ਕਰਮ ਭੂਮੀ' ਰਹੀ ਹੈ। ਇਹ ਸਾਡਾ ਫਰਜ਼ ਹੈ ਕਿ ਦਿੱਲੀ ਦੇ ਵਿਕਾਸ ਲਈ ਕੰਮ ਕਰੀਏ। ਉਨ੍ਹਾਂ ਕਿਹਾ ਕਿ ਚੁਣੌਤੀਆਂ ਨੂੰ ਮੌਕਿਆਂ ਵਿੱਚ ਬਦਲਣ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਅਤੇ ਸਾਰਿਆਂ ਨੂੰ ਭਾਵੇਂ ਪਾਰਟੀ ਕੋਈ ਵੀ ਹੋਵੇ, ਵੱਖ-ਵੱਖ ਸਮੱਸਿਆਵਾਂ ਦੇ ਹੱਲ ਲੱਭਣ ਲਈ ਇਕੱਠੇ ਕੰਮ ਕਰਨਾ ਚਾਹੀਦਾ ਹੈ।

ਇਸ ਮੌਕੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ, "ਮੈਂ ਉਪ ਰਾਜਪਾਲ ਦਾ ਸਵਾਗਤ ਕਰਦੀ ਹਾਂ। ਤੁਸੀਂ ਦਿੱਲੀ ਨੂੰ ਹੋਰ ਵੀ ਤੇਜ਼ ਰਫ਼ਤਾਰ ਨਾਲ ਅੱਗੇ ਵਧਾਉਣ ਲਈ ਇੱਥੇ ਆਏ ਹੋ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਤੁਹਾਡੀ ਮੌਜੂਦਗੀ ਦਿੱਲੀ ਦੀ ਤਰੱਕੀ ਨੂੰ ਹੋਰ ਤੇਜ਼ ਕਰੇਗੀ। ਦਿੱਲੀ ਦੀਆਂ ਸਮੱਸਿਆਵਾਂ ਦੇ ਹੱਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲੱਭੇ ਜਾਣਗੇ। ਤੁਹਾਡੀ ਅਗਵਾਈ ਹੇਠ, ਦਿੱਲੀ ਸਰਕਾਰ ਨਿਰਦੇਸ਼ਾਂ ਅਨੁਸਾਰ ਕੰਮ ਕਰੇਗੀ।"

1988 ਬੈਚ ਦੇ ਭਾਰਤੀ ਵਿਦੇਸ਼ ਸੇਵਾ ਅਧਿਕਾਰੀ, ਸੰਧੂ ਅਮਰੀਕੀ ਮਾਮਲਿਆਂ 'ਤੇ ਸਭ ਤੋਂ ਤਜਰਬੇਕਾਰ ਭਾਰਤੀ ਡਿਪਲੋਮੈਟਾਂ ਵਿੱਚੋਂ ਇੱਕ ਰਹੇ ਹਨ ਜਿਨ੍ਹਾਂ ਦਾ ਕਰੀਅਰ ਤਿੰਨ ਦਹਾਕਿਆਂ ਤੋਂ ਵੱਧ ਦਾ ਸੀ। ਉਨ੍ਹਾਂ ਨੇ ਵਾਸ਼ਿੰਗਟਨ, ਡੀ.ਸੀ. ਵਿੱਚ ਭਾਰਤੀ ਮਿਸ਼ਨ ਵਿੱਚ ਕਈ ਵਾਰ ਸੇਵਾ ਨਿਭਾਈ।

ਉਹ ਫਰਵਰੀ 2020 ਤੋਂ ਜਨਵਰੀ 2024 ਤੱਕ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਸਨ। 63 ਸਾਲਾ ਸਾਬਕਾ ਡਿਪਲੋਮੈਟ ਜੁਲਾਈ 2005 ਤੋਂ ਫਰਵਰੀ 2009 ਤੱਕ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਵਿੱਚ ਵੀ ਰਹਿ ਚੁੱਕੇ ਹਨ। ਸੰਧੂ ਸ਼੍ਰੀਲੰਕਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਡਿਪਲੋਮੈਟ ਸੇਵਾ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਸੰਧੂ ਨੇ 2024 ਵਿੱਚ ਪੰਜਾਬ ਦੇ ਅੰਮ੍ਰਿਤਸਰ ਹਲਕੇ ਤੋਂ ਭਾਜਪਾ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਲੜੀਆਂ ਸਨ ਪਰ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ ਤੋਂ ਹਾਰ ਗਏ ਸਨ।

# ਸਿੱਧੂ ਮੂਸੇਵਾਲਾ ਕਤਲ ਕੇਸ 'ਚ ਸੁਪਰੀਮ ਕੋਰਟ ਨੇ 2 ਮੁਲਜ਼ਮਾਂ ਨੂੰ ਦਿੱਤੀ ਜ਼ਮਾਨਤ



ਨਵੀਂ ਦਿੱਲੀ: ਮਰਹੂਮ ਪੰਜਾਬੀ ਪੰਜਾਬੀ ਸਿੱਧੂ ਮੂਸੇਵਾਲਾ ਕਤਲ ਕੇਸ ਦੇ 2 ਮੁਲਜ਼ਮਾਂ ਨੂੰ ਸੁਪਰੀਮ ਕਰੋਟ ਤੋਂ ਜ਼ਮਾਨਤ ਮਿਲ ਗਈ ਹੈ। ਇਨ੍ਹਾਂ ਦੋਵਾਂ ਦੇ ਨਾਂ ਪਵਨ ਬਿਸ਼ਨੋਈ ਅਤੇ ਜਗਤਾਰ ਸਿੰਘ ਹਨ। ਇਨ੍ਹਾਂ ਦੋਵਾਂ ਦੀ ਜਮਾਨਤ ਕਈ ਵਾਰ ਸੈਸ਼ਨ ਕੋਰਟ ਤੋਂ ਖਾਰਜ ਹੋ ਚੁੱਕੀ ਸੀ। ਜਿਸ ਤੋਂ ਬਾਅਦ ਇਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਜਮਾਨਤ ਦੀ ਪਟੀਸ਼ਨ ਪਾਈ ਸੀ। ਪਵਨ ਕੁਮਾਰ ਬਿਸ਼ਨੋਈ 'ਤੇ ਆਰੋਪ ਹੈ ਕਿ ਉਸਨੇ ਮੂਸੇਵਾਲਾ ਕਤਲ ਕੇਸ ਦੇ ਮੁਲਜ਼ਮਾਂ ਨੂੰ ਬੋਲੇਰੋ ਗੱਡੀ ਮੁਹੱਈਆ ਕਰਵਾਈ ਸੀ। ਮੁਲਜ਼ਮ ਬਿਸ਼ਨੋਈ ਨੇ ਆਪਣੀ ਜ਼ਮਾਨਤ ਪਟੀਸ਼ਨ ਵਿੱਚ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਸਨੂੰ ਮੋਗਾ ਦੇ ਐਸਐਸਪੀ ਨੇ ਫਸਾਇਆ ਸੀ। ਪਵਨ ਬਿਸ਼ਨੋਈ ਨੇ ਕਿਹਾ ਕਿ ਉਸਨੇ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਕੋਈ ਗੱਡੀ ਮੁਹੱਈਆ ਨਹੀਂ ਕਰਵਾਈ ਸੀ।









# Paralympics 'ਚ ਕਨੇਡਾ ਦੇ ਖਿਡਾਰੀਆਂ ਦੀ ਬੱਲੇ ਬੱਲੇ




ਵੈਨਕੂਵਰ : ਇਟਲੀ ਦੇ ਮਿਲਾਨੋ-ਕੋਰਟੀਨਾ ਵਿੱਚ ਚੱਲ ਰਹੀਆਂ ਪੈਰਾ ਓਲੰਪਿਕ ਖੇਡਾਂ ਦੌਰਾਨ ਕਨੇਡਾ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕ੍ਰਾਸ-ਕੰਟਰੀ ਸਕੀਇੰਗ ਮੁਕਾਬਲਿਆਂ ਵਿੱਚ ਦੋ ਕਾਂਸੀ ਦੇ ਤਮਗੇ ਆਪਣੇ ਨਾਮ ਕਰਕੇ ਬੱਲੇ ਬੱਲੇ ਕਰਵਾ ਦਿੱਤੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕਨੇਡਾ ਦੇ ਮਾਰਕ ਅਰੇਂਡਜ਼ ਨੇ ਆਪਣੇ ਕੈਰੀਅਰ ਦਾ 14ਵਾਂ ਪੈਰਾ ਓਲੰਪਿਕ ਤਮਗਾ ਜਿੱਤ ਕੇ ਇੱਕ ਨਵਾਂ ਮੀਲ ਪੱਥਰ ਹਾਸਲ ਕੀਤਾ ਹੈ। ਇਸੇ ਮੁਕਾਬਲੇ ਵਿੱਚ ਉਸ ਦੀ ਸਾਥੀ ਖਿਡਾਰਨ ਬ੍ਰਿਟਨੀ ਹੁਡੈਕ ਨੇ ਵੀ ਸ਼ਾਨਦਾਰ ਦੌੜ ਦਿਖਾਉਂਦਿਆਂ ਆਪਣਾ ਚੌਥਾ ਪੈਰਾ ਓਲੰਪਿਕ ਤਮਗਾ ਜਿਤਣ ਚ ਸਫਲਤਾ ਪ੍ਰਾਪਤ ਕੀਤੀ ਹੈ।

ਦੱਸਣਯੋਗ ਹੈ ਕਿ ਕਨੇਡਾ ਦੀ ਨੋਰਡਿਕ ਸਕੀਇੰਗ ਟੀਮ ਨੇ ਇਟਲੀ ਵਿੱਚ ਹੋ ਰਹੀਆਂ ਇਨ੍ਹਾਂ ਖੇਡਾਂ ਦੌਰਾਨ ਹੁਣ ਤੱਕ ਕਨੇਡਾ ਦੇ ਕੁੱਲ 10 ਤਮਗਿਆਂ ਵਿੱਚੋਂ 6 ਤਮਗੇ ਆਪਣੇ ਨਾਮ ਕੀਤੇ ਹਨ, ਜੋ ਟੀਮ ਦੀ ਮਜ਼ਬੂਤ ਪ੍ਰਦਰਸ਼ਨਸ਼ੀਲਤਾ ਨੂੰ ਦਰਸਾਉਂਦਾ ਹੈ।

ਕਨੇਡਾ ਦੇ ਖਿਡਾਰੀਆਂ ਦੀ ਇਸ ਕਾਮਯਾਬੀ ਨਾਲ ਦੇਸ਼ ਭਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਖੇਡ ਪ੍ਰੇਮੀ ਉਨ੍ਹਾਂ ਨੂੰ ਵਧਾਈ ਦੇ ਰਹੇ ਹਨ। ਫੋਟੋ ਕੈਪਸ਼ਨ: ਕਨੇਡਾ ਦੀ ਖਿਡਾਰਨ ਬ੍ਰਿਟਨੀ ਹੁਡੈਕ ਕ੍ਰਾਸ-ਕੰਟਰੀ ਸਕੀਇੰਗ ਵਿੱਚ ਕਾਂਸੀ ਦਾ ਤਮਗਾ ਜਿੱਤਣ ਮਗਰੋਂ ਕਨੇਡੀਅਨ ਝੰਡੇ ਨਾਲ ਖੁਸ਼ੀ ਮਨਾਉਂਦੀ ਹੋਈ।

# ਕੈਨੇਡੀਅਨਾਂ ਨੂੰ 2025 'ਚ ਧੋਖਾਧੜੀ ਕਾਰਨ $704 ਮਿਲੀਅਨ ਦਾ ਨੁਕਸਾਨ ਹੋਇਆ




ਕੈਨੇਡੀਅਨ ਐਂਟੀ ਫਰਾਡ ਸੈਂਟਰ ਦੇ ਅੰਕੜਿਆਂ ਅਨੁਸਾਰ, 2025 ਵਿੱਚ ਕੈਨੇਡੀਅਨਾਂ ਨੂੰ ਧੋਖਾਧੜੀ ਵਿੱਚ ਘੱਟੋ-ਘੱਟ $704 ਮਿਲੀਅਨ ਦਾ ਨੁਕਸਾਨ ਹੋਇਆ। ਪ੍ਰਤੀਯੋਗਿਤਾ ਬਿਊਰੋ ਨੇ ਇੱਕ ਰੀਲੀਜ਼ ਵਿੱਚ ਕਿਹਾ ਕਿ ਰਿਪੋਰਟ ਕੀਤੇ ਗਏ ਨੁਕਸਾਨ ਨੁਕਸਾਨ ਦਾ ਸਿਰਫ ਇੱਕ ਹਿੱਸਾ ਹਨ, ਕਿਉਂਕਿ 10 ਵਿੱਚੋਂ ਇੱਕ ਧੋਖਾਧੜੀ ਦੀ ਰਿਪੋਰਟ ਕੀਤੀ ਗਈ ਹੈ। ਚੋਟੀ ਦੀਆਂ ਤਿੰਨ ਸਭ ਤੋਂ ਵੱਧ ਰਿਪੋਰਟ ਕੀਤੀਆਂ ਕਿਸਮਾਂ ਸਨ ਪਛਾਣ ਧੋਖਾਧੜੀ, ਨਿਵੇਸ਼ ਧੋਖਾਧੜੀ ਅਤੇ ਸੇਵਾ ਧੋਖਾਧੜੀ। ਇਹ ਸਭ ਪੀੜਤਾਂ ਨੂੰ ਭੁਗਤਾਨ ਕਰਨ ਜਾਂ ਉਹਨਾਂ ਦੇ ਸਮਾਜਿਕ ਬੀਮਾ ਨੰਬਰ, ਪਾਸਵਰਡ ਜਾਂ ਬੈਂਕਿੰਗ ਵੇਰਵਿਆਂ ਵਰਗੀ ਸੰਵੇਦਨਸ਼ੀਲ ਜਾਣਕਾਰੀ ਪ੍ਰਗਟ ਕਰਨ ਲਈ ਤਿਆਰ ਕੀਤੇ ਗਏ ਸਨ।

ਸਭ ਤੋਂ ਵੱਧ ਵਿੱਤੀ ਪ੍ਰਭਾਵਾਂ ਦੇ ਨਾਲ ਰਿਪੋਰਟ ਕੀਤੇ ਗਏ ਚੋਟੀ ਦੇ ਤਿੰਨ ਧੋਖਾਧੜੀ ਸਨ ਨਿਵੇਸ਼ ਧੋਖਾਧੜੀ, ਰੋਮਾਂਸ ਧੋਖਾਧੜੀ ਅਤੇ ਨੌਕਰੀ ਦੀ ਧੋਖਾਧੜੀ।

ਮੁਕਾਬਲੇ ਦੀ ਕਾਰਜਕਾਰੀ ਕਮਿਸ਼ਨਰ ਜੀਨ ਪ੍ਰੈਟ ਨੇ ਇੱਕ ਬਿਆਨ ਵਿੱਚ ਕਿਹਾ, "ਏਆਈ ਕੋਲ ਬਹੁਤ ਜ਼ਿਆਦਾ ਭਰੋਸੇਮੰਦ ਰੂਪ ਅਤੇ ਧੋਖੇਬਾਜ਼ ਮਾਰਕੀਟਿੰਗ ਸਕੀਮਾਂ ਬਣਾਉਣ ਲਈ ਸ਼ਕਤੀਸ਼ਾਲੀ ਸਾਧਨਾਂ ਨਾਲ ਧੋਖੇਬਾਜ਼ਾਂ ਨੂੰ ਹਥਿਆਰਬੰਦ ਕੀਤਾ ਗਿਆ ਹੈ।

ਇੱਕ ਨਵੇਂ ਸਕੋਸ਼ੀਆ ਬੈਂਕ ਫਰਾਡ ਅਵੇਅਰਨੈਸ ਪੋਲ ਦੇ ਅਨੁਸਾਰ, 18-34 ਸਾਲ ਦੀ ਉਮਰ ਦੇ ਕੈਨੇਡੀਅਨ ਸਾਰੇ ਉਮਰ ਸਮੂਹਾਂ ਵਿੱਚ ਈ ਦੁਆਰਾ ਤਿਆਰ ਕੀਤੇ ਗਏ ਘੁਟਾਲਿਆਂ ਦੀ ਪਛਾਣ ਕਰਨ ਦੀ ਆਪਣੀ ਯੋਗਤਾ ਵਿੱਚ ਸਭ ਤੋਂ ਵੱਧ ਭਰੋਸਾ ਰੱਖਦੇ ਹਨ (76%)। ਹਾਲਾਂਕਿ, ਸਕੋਸ਼ੀਆਬੈਂਕ ਦੇ ਸਰਵੇਖਣ ਅਨੁਸਾਰ, ਨੌਜਵਾਨ ਕੈਨੇਡੀਅਨ ਵੀ ਸਭ ਤੋਂ ਵੱਧ ਕਮਜ਼ੋਰ ਹਨ, ਲਗਭਗ ਤਿੰਨ ਵਿੱਚੋਂ ਇੱਕ (29%) ਨੇ ਕਿਹਾ ਕਿ ਉਹ ਪਿਛਲੇ ਸਾਲ ਇੱਕ ਘੁਟਾਲੇ ਦਾ ਸ਼ਿਕਾਰ ਹੋਏ ਹਨ।

ਬੈਂਕ ਨੇ ਇੱਕ ਰੀਲੀਜ਼ ਵਿੱਚ ਕਿਹਾ, "ਇਹ ਧਾਰਨਾਵਾਂ ਦੇ ਬਾਵਜੂਦ ਕਿ ਬਜ਼ੁਰਗ ਵਿੱਤੀ ਧੋਖਾਧੜੀ ਲਈ ਸਭ ਤੋਂ ਵੱਧ ਕਮਜ਼ੋਰ ਹਨ, ਛੋਟੇ ਕੈਨੇਡੀਅਨ ਵੱਧ ਤੋਂ ਵੱਧ ਸ਼ਿਕਾਰ ਹੋ ਰਹੇ ਹਨ," ਬੈਂਕ ਨੇ ਇੱਕ ਰਿਲੀਜ਼ ਵਿੱਚ ਕਿਹਾ। "ਸੋਸ਼ਲ ਮੀਡੀਆ ਅਤੇ ਈਮੇਲ ਘੁਟਾਲੇ ਇਸ ਸੂਚੀ ਵਿੱਚ ਸਿਖਰ 'ਤੇ ਹਨ, ਇਹ ਸੁਝਾਅ ਦਿੰਦੇ ਹਨ ਕਿ ਧੋਖਾਧੜੀ ਕਰਨ ਵਾਲੇ ਨੌਜਵਾਨ, ਵਧੇਰੇ ਡਿਜੀਟਲੀ ਨਾਲ ਜੁੜੀਆਂ ਪੀੜ੍ਹੀਆਂ ਨੂੰ ਨਿਸ਼ਾਨਾ ਬਣਾਉਣ ਲਈ ਨਵੇਂ ਚੈਨਲ ਵਿਕਸਤ ਕਰ ਰਹੇ ਹਨ।"

# ਕੈਨੇਡਾ ਦੀ politics 'ਚ ਮੁੜ ਵੱਡੀ ਹਿਲਜੁਲ

## ਐਨ.ਡੀ.ਪੀ. ਦੀ ਐਮ.ਪੀ. ਵੱਲੋਂ ਲਿਬਰਲ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ



ਔਟਵਾ : ਕੈਨੇਡਾ ਵਿਚ ਮਾਰਕ ਕਾਰਨੀ ਦੀ ਅਗਵਾਈ ਵਾਲੀ ਘੱਟ ਗਿਣਤੀ ਸਰਕਾਰ ਨੇ ਬਹੁਮਤ ਵੱਲ ਇਕ ਹੋਰ ਕਦਮ ਵਧਾ ਦਿਤਾ ਜਦੋਂ ਨਿਊ ਡੈਮੋਕ੍ਰੈਟਿਕ ਪਾਰਟੀ ਦੀ ਐਮ.ਪੀ. ਲੌਰੀ ਇਡਲੂਟ ਨੇ ਪਾਲਾ ਬਦਲਦਿਆਂ ਲਿਬਰਲ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿਤਾ। ਐਨ.ਡੀ.ਪੀ. ਦੇ ਅੰਤਰਮ ਆਗੂ ਡੌਨ ਡੇਵੀਜ਼ ਆਪਣੀ ਐਮ.ਪੀ. ਦੇ ਕਦਮ ਤੋਂ ਗੁੱਸੇ ਵਿਚ ਨਜ਼ਰ ਆਏ ਅਤੇ ਕਿਹਾ ਕਿ ਵੋਟਰਾਂ ਦੇ ਫੈਸਲੇ ਨੂੰ ਨਕਾਰਨ ਵਾਲਿਆਂ ਨੂੰ ਅਸਤੀਫ਼ਾ ਦੇਣ ਮਗਰੋਂ ਪਾਰਟੀ ਬਦਲਣੀ ਚਾਹੀਦੀ ਹੈ। ਦੱਸ ਦੇਈਏ ਕਿ ਲੌਰੀ ਇਡਲੂਟ ਦੇ ਫ਼ੈਸਲੇ ਮਗਰੋਂ ਹਾਊਸ ਆਫ਼ ਕਾਮਨਜ਼ ਵਿਚ ਲਿਬਰਲ ਪਾਰਟੀ ਦੇ ਐਮ.ਪੀਜ਼ ਦੀ ਗਿਣਤੀ 170 ਹੋ ਗਈ ਜਦਕਿ ਐਨ.ਡੀ.ਪੀ. ਦੇ ਐਮ.ਪੀ. ਘਟ ਕੇ ਸਿਰਫ਼ 6 ਰਹਿ ਗਏ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਤਿੰਨ ਪਾਰਲੀਮਾਨੀ ਹਲਕਿਆਂ ਵਿਚ ਚੋਣਾਂ ਦਾ ਐਲਾਨ ਕਰ ਚੁੱਕੇ ਹਨ ਅਤੇ ਸਿਰਫ਼ ਦੋ ਹਲਕਿਆਂ ਵਿਚ ਲਿਬਰਲ ਪਾਰਟੀ ਦੀ ਜਿੱਤ ਸਰਕਾਰ ਨੂੰ ਬਹੁਮਤ 'ਤੇ ਲਿਆ ਖੜ੍ਹਾ ਕਰੇਗੀ। ਇਸ ਤੋਂ ਪਹਿਲਾਂ ਕੰਜ਼ਰਵੇਟਿਵ ਪਾਰਟੀ ਦੇ ਨੋਵਾ ਸਕੋਸ਼ੀਆ ਤੋਂ ਐਮ.ਪੀ. ਕ੍ਰਿਸ ਡੈਂਟਰੇਮੌਂਟ, ਟੋਰਾਂਟੋ ਤੋਂ ਐਮ.ਪੀ. ਮਾਈਕਲ ਮਾਅ ਅਤੇ ਐਡਮਿੰਟਨ ਤੋਂ ਐਮ.ਪੀ. ਮੈਟ ਜੈਨਰੋ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਹਨ। ਉਧਰ, ਨੁਨਾਵਤ ਤੋਂ ਮੂਲ ਬਾਸ਼ਿੰਦਿਆਂ ਨਾਲ ਸਬੰਧਤ ਐਮ.ਪੀ. ਲੌਰੀ ਇਡਲੂਟ ਦਾ ਕਹਿਣਾ ਸੀ ਕਿ ਮੁਲਕ ਦੀ ਖੁਦਮੁਖਤਿਆਰੀ ਨੂੰ ਦਰਪੇਸ਼ ਨਵੇਂ ਖਤਰਿਆਂ ਵੇਖਦਿਆਂ ਅਤੇ ਉਤਰੀ ਇਲਾਕਿਆਂ ਵਿਚ ਵਸਦੇ ਲੋਕਾਂ ਭਲਾਈ ਵਾਸਤੇ ਇਕ ਮਜ਼ਬੂਤ ਸਰਕਾਰ ਦੀ ਜ਼ਰੂਰਤ ਹੈ ਜਿਸ ਨੂੰ ਹਰ ਮੁੱਦੇ 'ਤੇ ਡੇਗਣ ਦਾ ਡਰਾਵਾ ਨਾ ਦਿਤਾ ਜਾ ਸਕੇ। ਕਮਿਊਨਿਟੀ, ਆਪਣੇ ਹਮਾਇਤੀਆਂ ਅਤੇ ਪਰਵਾਰ ਦੀਆਂ ਸਹਿਮਤੀ ਨਾਲ ਹੀ ਇਹ ਵੱਡਾ ਫੈਸਲਾ ਲਿਆ ਹੈ ਤਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਹੱਥ ਮਜ਼ਬੂਤ ਕੀਤੇ ਜਾ ਸਕਣ।

# ਕੈਨੇਡਾ ਵੱਲੋਂ ਭਾਰਤ ਨੂੰ ਤੇਲ, ਐਲਐਨਜੀ ਅਤੇ ਐਲਪੀਜੀ ਦੀ ਪੇਸ਼ਕਸ਼



ਟੋਰਾਂਟੋ (ਬਲਜਿੰਦਰ ਸੇਖਾ) : ਇਜ਼ਰਾਈਲ-ਈਰਾਨ ਯੁੱਧ ਦੇ ਵਿਚਕਾਰ, ਭਾਰਤ ਦੀ ਊਰਜਾ ਦਰਾਮਦ ਪ੍ਰਭਾਵਿਤ ਹੋ ਚੁੱਕੀ ਹੈ। ਇਸ ਵਿਸ਼ਵਵਿਆਪੀ ਊਰਜਾ ਸੰਕਟ ਦੇ ਵਿਚਕਾਰ ਉਮੀਦ ਦੀ ਕਿਰਨ ਪੇਸ਼ ਕਰਦੇ ਹੋਏ, ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਦੇਸ਼ ਨੂੰ "ਊਰਜਾ ਮਹਾਂਸ਼ਕਤੀ" ਵਜੋਂ ਪੇਸ਼ ਕੀਤਾ। ਇੱਕ ਵੀਡੀਓ ਸੰਦੇਸ਼ ਵਿੱਚ, ਉਨ੍ਹਾਂ ਨੇ ਭਾਰਤ ਨੂੰ ਆਪਣੀਆਂ ਵਧਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੈਨੇਡਾ ਤੋਂ ਤਰਲ ਕੁਦਰਤੀ ਗੈਸ (ਐਲਐਨਜੀ) ਆਯਾਤ ਕਰਨ ਦਾ ਵਿਕਲਪ ਪੇਸ਼ ਕੀਤਾ। ਭਾਰਤ ਐਲਐਨਜੀ ਦਾ ਚੌਥਾ ਸਭ ਤੋਂ ਵੱਡਾ ਆਯਾਤਕ ਹੋਣ ਦੇ ਨਾਲ ਅਤੇ ਇਸਦੀ ਸਪਲਾਈ ਦਾ ਲਗਭਗ 60% ਪੱਛਮੀ ਏਸ਼ੀਆ ਤੋਂ ਆਉਂਦਾ ਹੈ, ਇਸ ਪੇਸ਼ਕਸ਼ ਨਾਲ ਮਹੱਤਵਪੂਰਨ ਰਾਹਤ ਮਿਲ ਸਕਦੀ ਹੈ।

ਯਾਦ ਰਹੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਬੀਤੇ ਹਫਤੇ ਹੀ ਭਾਰਤ ਦਾ ਦੌਰਾ ਕੀਤਾ ਸੀ। ਭਵਿੱਖ ਵਿੱਚ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿੱਚ ਵੱਡਾ ਵਪਾਰ ਹੋ ਸਕਦਾ ਹੈ।

# ਅਮਰੀਕਾ ਪਾਕਿਸਤਾਨ ਦੇ ਪੇਸ਼ਾਵਰ 'ਚ ਆਪਣਾ ਕੌਂਸਲੇਟ ਸਥਾਈ ਤੌਰ 'ਤੇ ਕਰੇਗਾ ਬੰਦ



ਵਾਸ਼ਿੰਗਟਨ: ਅਮਰੀਕੀ ਵਿਦੇਸ਼ ਵਿਭਾਗ ਪਾਕਿਸਤਾਨ ਦੇ ਪੇਸ਼ਾਵਰ ਵਿੱਚ ਅਮਰੀਕੀ ਕੌਂਸਲੇਟ ਨੂੰ ਸਥਾਈ ਤੌਰ 'ਤੇ ਬੰਦ ਕਰ ਦੇਵੇਗਾ, ਜੋ ਕਿ 2001 ਵਿੱਚ ਅਫਗਾਨਿਸਤਾਨ 'ਤੇ ਅਮਰੀਕੀ ਹਮਲੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਫਗਾਨ ਸਰਹੱਦ ਦੇ ਸਭ ਤੋਂ ਨੇੜੇ ਅਮਰੀਕੀ ਕੂਟਨੀਤਕ ਮਿਸ਼ਨ ਅਤੇ ਇੱਕ ਪ੍ਰਾਇਮਰੀ ਸੰਚਾਲਨ ਅਤੇ ਲੌਜਿਸਟਿਕ ਹੱਬ ਸੀ। ਐਸੋਸੀਏਟਿਡ ਪ੍ਰੈਸ (ਏਪੀ) ਦੁਆਰਾ ਬੁੱਧਵਾਰ ਨੂੰ ਪ੍ਰਾਪਤ ਨੋਟੀਫਿਕੇਸ਼ਨ ਦੀ ਇੱਕ ਕਾਪੀ ਦੇ ਅਨੁਸਾਰ, ਵਿਭਾਗ ਨੇ ਇਸ ਹਫ਼ਤੇ ਕਾਂਗਰਸ ਨੂੰ ਕੌਂਸਲੇਟ ਨੂੰ ਬੰਦ ਕਰਨ ਦੇ ਆਪਣੇ ਇਰਾਦੇ ਬਾਰੇ ਸੂਚਿਤ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਇਸ ਨਾਲ ਸਾਲਾਨਾ 7.5 ਮਿਲੀਅਨ ਡਾਲਰ ਦੀ ਬਚਤ ਹੋਵੇਗੀ ਅਤੇ ਪਾਕਿਸਤਾਨ ਵਿੱਚ ਅਮਰੀਕੀ ਰਾਸ਼ਟਰੀ ਹਿੱਤਾਂ ਨੂੰ ਅੱਗੇ ਵਧਾਉਣ ਦੀ ਇਸਦੀ ਯੋਗਤਾ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ।

ਟਰੰਪ ਪ੍ਰਸ਼ਾਸਨ ਵੱਲੋਂ ਲਗਭਗ ਸਾਰੀਆਂ ਸੰਘੀ ਏਜੰਸੀਆਂ ਨੂੰ ਕੱਟਣਾ ਸ਼ੁਰੂ ਕਰਨ ਤੋਂ ਬਾਅਦ ਇਹ ਕਦਮ ਇੱਕ ਸਾਲ ਤੋਂ ਵੱਧ ਸਮੇਂ ਤੋਂ ਵਿਚਾਰ ਅਧੀਨ ਹੈ ਅਤੇ ਇਹ ਈਰਾਨ ਯੁੱਧ ਨਾਲ ਸਬੰਧਤ ਨਹੀਂ ਹੈ। ਈਰਾਨ ਯੁੱਧ ਨੇ ਕਰਾਚੀ ਅਤੇ ਪੇਸ਼ਾਵਰ ਸਮੇਤ ਵੱਖ-ਵੱਖ ਪਾਕਿਸਤਾਨੀ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹਨ, ਜਿਸ ਕਾਰਨ ਅਮਰੀਕੀ ਕੌਂਸਲੇਟਾਂ ਨੇ ਆਪਣੇ ਕੰਮਕਾਜ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ। ਮੰਗਲਵਾਰ ਨੂੰ ਜਾਰੀ ਕੀਤੇ ਗਏ ਇੱਕ ਨੋਟਿਸ ਦੇ ਅਨੁਸਾਰ, ਪੇਸ਼ਾਵਰ ਕੌਂਸਲੇਟ ਵਿੱਚ 18 ਅਮਰੀਕੀ ਡਿਪਲੋਮੈਟ ਅਤੇ ਹੋਰ ਸਰਕਾਰੀ ਕਰਮਚਾਰੀ ਅਤੇ 89 ਸਥਾਨਕ ਕਰਮਚਾਰੀ ਰਹਿੰਦੇ ਹਨ।

ਨੋਟਿਸ ਵਿੱਚ ਕਿਹਾ ਗਿਆ ਹੈ ਕਿ ਮੰਤਰਾਲਾ ਕੌਂਸਲੇਟ ਨੂੰ ਬੰਦ ਕਰਨ ਲਈ 3 ਮਿਲੀਅਨ ਡਾਲਰ ਖਰਚ ਕਰੇਗਾ।

# ਅਮਰੀਕਾ 'ਚ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਸੰਬੰਧੀ ਨਵੇਂ ਹੁਕਮ ਹੋਣਗੇ ਲਾਗੂ



ਵਾਸ਼ਿੰਗਟਨ : ਅਮਰੀਕਾ ਵਿਚ ਇੱਕ ਨਵਾਂ ਨਿਯਮ ਲਾਗੂ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਜਿਨ੍ਹਾਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਦੇ ਹੁਕਮ ਦਿੱਤੇ ਗਏ ਹਨ, ਉਨ੍ਹਾਂ ਕੋਲ ਅਦਾਲਤ ਵਿਚ ਅਪੀਲ ਕਰਨ ਲਈ ਹੁਣ ਸਿਰਫ਼ 10 ਦਿਨ ਦਾ ਸਮਾਂ ਹੋਵੇਗਾ। ਪਹਿਲਾਂ ਪ੍ਰਵਾਸੀਆਂ ਕੋਲ ਆਪਣਾ ਪੱਖ ਰੱਖਣ ਲਈ ਵਧੇਰੇ ਸਮਾਂ ਹੁੰਦਾ ਸੀ, ਪਰ ਹੁਣ ਉਨ੍ਹਾਂ ਨੂੰ ਆਪਣੇ ਡਿਪੋਰਟੇਸ਼ਨ ਆਰਡਰ ਦੇ ਖਿਲਾਫ ਅਪੀਲ ਦਰਜ ਕਰਨ ਲਈ ਸਿਰਫ਼ 10 ਦਿਨ ਦਿੱਤੇ ਜਾਣਗੇ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ ਅਤੇ ਅਦਾਲਤੀ ਕੇਸਾਂ ਦੇ ਬੋਝ ਨੂੰ ਘਟਾਉਣਾ ਹੈ।

ਕਈ ਕਾਨੂੰਨੀ ਮਾਹਿਰਾਂ ਅਤੇ ਸੰਗਠਨਾਂ ਨੇ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 10 ਦਿਨਾਂ ਦਾ ਸਮਾਂ ਇੱਕ ਵਕੀਲ ਲੱਭਣ, ਕਾਨੂੰਨੀ ਦਸਤਾਵੇਜ਼ ਤਿਆਰ ਕਰਨ ਅਤੇ ਸਬੂਤ ਇਕੱਠੇ ਕਰਨ ਲਈ ਬਹੁਤ ਘੱਟ ਹੈ। ਇਸ ਨਿਯਮ ਨਾਲ ਹਜ਼ਾਰਾਂ ਪ੍ਰਵਾਸੀ ਪ੍ਰਭਾਵਿਤ ਹੋ ਸਕਦੇ ਹਨ, ਖਾਸ ਕਰਕੇ ਉਹ ਲੋਕ ਜੋ ਅੰਗਰੇਜ਼ੀ ਭਾਸ਼ਾ ਨਹੀਂ ਜਾਣਦੇ ਜਾਂ ਜਿਨ੍ਹਾਂ ਕੋਲ ਮਹਿੰਗੇ ਵਕੀਲ ਕਰਨ ਲਈ ਪੈਸੇ ਨਹੀਂ ਹਨ।

# ਗ੍ਰੇਟਰ ਟੋਰਾਂਟੋ ਏਰੀਆ (GTA) ਹਾਊਸਿੰਗ ਮਾਰਕਿਟ - ਫ਼ਰਵਰੀ ਅਪਡੇਟ



* ਘਰਾਂ ਦੀ ਵਿਕਰੀ: ਫ਼ਰਵਰੀ ਵਿੱਚ 3,868 ਘਰ ਵਿਕੇ, ਜੋ ਪਿਛਲੇ ਸਾਲ ਦੇ ਫ਼ਰਵਰੀ ਨਾਲੋਂ 6.3% ਘੱਟ ਹਨ।

* ਮਹੀਨਾ-ਦਰ-ਮਹੀਨਾ: ਜਨਵਰੀ ਨਾਲੋਂ ਵਿਕਰੀ 1% ਘੱਟ ਰਹੀ (seasonally adjusted)।

* ਔਸਤ ਵਿਕਰੀ ਕੀਮਤ: $1,008,968, ਜੋ ਪਿਛਲੇ ਸਾਲ ਨਾਲੋਂ 7.1% ਘੱਟ ਹੈ।

* ਬੈਂਚਮਾਰਕ ਕੀਮਤ: ਆਮ ਘਰ ਦੀ ਕੀਮਤ ਦਰਸਾਉਣ ਵਾਲੀ ਕੰਪੋਜ਼ਿਟ ਬੈਂਚਮਾਰਕ ਕੀਮਤ 7.9% ਘੱਟ ਰਹੀ।

* ਨਵੀਆਂ ਲਿਸਟਿੰਗਜ਼: ਫ਼ਰਵਰੀ ਵਿੱਚ 10,705 ਨਵੀਆਂ ਲਿਸਟਿੰਗਜ਼ ਆਈਆਂ, ਜੋ ਪਿਛਲੇ ਸਾਲ ਨਾਲੋਂ 17.7% ਘੱਟ ਹਨ।

* ਇਨਵੈਂਟਰੀ: ਕੁੱਲ 19,414 ਐਕਟਿਵ ਲਿਸਟਿੰਗਜ਼ ਸਨ, ਜੋ 2.4% ਘੱਟ ਹਨ।

* ਭਵਿੱਖ ਦੀ ਸੰਭਾਵਨਾ: Daniel Steinfeld ਮੁਤਾਬਕ ਜੇਕਰ ਬਸੰਤ (spring) ਦੌਰਾਨ ਨਵੀਆਂ ਲਿਸਟਿੰਗਜ਼ ਘੱਟ ਰਹੀਆਂ, ਤਾਂ ਖਰੀਦਦਾਰਾਂ ਵਿੱਚ ਮੁਕਾਬਲਾ ਵਧ ਸਕਦਾ ਹੈ, ਜਿਸ ਨਾਲ ਕੀਮਤਾਂ ਅਤੇ ਵਿਕਰੀ ਵਧ ਸਕਦੀ ਹੈ।

ਆਪਣੀਆਂ ਰੀਅਲ ਐਸਟੇਟ ਦੀਆਂ ਲੋੜਾਂ ਬਾਰੇ ਹੋਰ ਜਾਣਕਾਰੀ ਜਾਂ ਗੱਲਬਾਤ ਲਈ ਬੇਝਿਜਕ ਸੰਪਰਕ ਕਰੋ।

Baljinder Sara
Salesperson
4165096200
Baljindersara.com





# ਕੈਨੇਡਾ 'ਚ ਪੰਜਾਬੀ ਮੂਲ ਦਾ ਹਰਸ਼ਰਨ ਸਿੰਘ ਬਣਿਆ ਮੋਸਟ ਵਾਂਟੇਡ, ਲੱਗੇ ਪੋਸਟਰ



ਓਨਟਾਰੀਓ : ਕੈਨੇਡਾ ਵਿਚ ਪੰਜਾਬੀ ਮੂਲ ਦੇ ਸਿੱਖ ਵਿਅਕਤੀ ਨੇ ਕੈਨੇਡਾ ਵਿਚ ਫਰਜ਼ੀ ਐਡਵੋਕੇਟ ਬਣ ਕੇ ਲੋਕਾਂ ਦੀ ਵੀਜ਼ੇ ਲਗਵਾਉਣ ਦੇ ਨਾਮ 'ਤੇ ਵੱਡੀ ਠੱਗੀ ਕੀਤੀ। ਕੇਸ ਦਰਜ ਹੋਣ ਤੋਂ ਬਾਅਦ ਮੁਲਜ਼ਮ ਰੂਪੋਸ਼ ਹੋ ਗਿਆ ਹੈ। ਹੁਣ ਕੈਨੇਡਾ ਦੀ ਕਿਚਨਰ ਪੁਲਸ ਉਸ ਦੀ ਭਾਲ ਕਰ ਰਹੀ ਹੈ। ਪੁਲਸ ਨੇ ਮੁਲਜ਼ਮ ਦੀ ਪਛਾਣ ਇਕ 34 ਸਾਲਾ ਹਰਸ਼ਰਨ ਸਿੰਘ ਆਹਲੂਵਾਲੀਆ ਵਜੋਂ ਕੀਤੀ ਹੈ। ਪੁਲਸ ਨੇ ਉਸ ਦੇ ਵਿਰੁੱਧ ਵਾਰੰਟ ਜਾਰੀ ਕਰਦਿਆਂ ਉਸ ਨੂੰ 'ਵਾਂਟੇਡ' ਐਲਾਨਿਆ ਹੈ ।

ਮੁਲਜ਼ਮ ਨੇ ਖ਼ੁਦ ਨੂੰ ਇਕ ਪੇਸ਼ੇਵਰ ਇਮੀਗ੍ਰੇਸ਼ਨ ਵਕੀਲ ਦੱਸ ਕੇ ਲੋਕਾਂ ਨੂੰ ਵਰਕ ਵੀਜ਼ਾ ਦਿਵਾਉਣ ਦੇ ਨਾਮ 'ਤੇ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ। ਹਰਸ਼ਰਨ ਆਹਲੂਵਾਲੀਆ ਨੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਖ਼ੁਦ ਨੂੰ ਓਨਟਾਰੀਓ ਦਾ ਰਜਿਸਟਰਡ ਵਕੀਲ ਦੱਸਿਆ। ਉਹ ਪੀੜਤਾਂ ਤੋਂ ਵੀਜ਼ਾ ਪ੍ਰੋਸੈਸਿੰਗ ਅਤੇ ਕਾਨੂੰਨੀ ਫ਼ੀਸ ਦੇ ਨਾਮ 'ਤੇ 5-5 ਹਜ਼ਾਰ ਕੈਨੇਡੀਅਨ ਡਾਲਰ ਵਸੂਲਦਾ ਸੀ। ਜਾਂਚ 'ਚ ਪਤਾ ਲੱਗਿਆ ਹੈ ਕਿ ਪੈਸੇ ਲੈਣ ਦੇ ਬਾਵਜੂਦ ਉਸ ਨੇ ਸਰਕਾਰੀ ਪੋਰਟਲ 'ਤੇ ਵੀਜ਼ਾ ਦੀ ਕੋਈ ਅਰਜ਼ੀ ਦਾਇਰ ਨਹੀਂ ਕੀਤੀ ਸੀ।

ਓਨਟਾਰੀਓ ਦੀ ਵਾਟਰਲੂ ਰੀਜਨਲ ਪੁਲਸ ਨੇ ਮੁਲਜ਼ਮ ਵਿਰੁੱਧ ਧੋਖਾਧੜੀ ਅਤੇ ਫਰਜ਼ੀ ਪਛਾਣ ਦੱਸਣ ਦੇ 6 ਗੰਭੀਰ ਅਪਰਾਧਿਕ ਮਾਮਲੇ ਦਰਜ ਕੀਤੇ ਹਨ। ਪੁਲਸ ਨੇ ਉਸ ਦੇ ਖ਼ਿਲਾਫ਼ ਅਧਿਕਾਰਤ ਵਾਰੰਟ ਜਾਰੀ ਕੀਤਾ ਹੈ। ਪੁਲਸ ਨੂੰ ਸ਼ੱਕ ਹੈ ਕਿ ਉਸ ਨੇ ਮਾਰਚ 2025 ਤੋਂ ਜਨਵਰੀ 2026 ਦੇ ਵਿਚਕਾਰ ਕਈ ਹੋਰ ਲੋਕਾਂ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਹੋ ਸਕਦਾ ਹੈ। 34 ਸਾਲਾ ਹਰਸ਼ਰਨ ਆਹਲੂਵਾਲੀਆ ਜੋ ਕਿਚਨਰ (ਓਨਟਾਰੀਓ) ਦਾ ਰਹਿਣ ਵਾਲਾ ਹੈ ਅਤੇ ਉਸ ਕੋਲ ਕੈਨੇਡੀਅਨ ਪਾਸਪੋਰਟ ਹੈ। ਉਹ ਕੋਈ ਰਜਿਸਟਰਡ ਵਕੀਲ ਨਹੀਂ ਹੈ ਪਰ ਕਾਨੂੰਨੀ ਸ਼ਬਦਾਵਲੀ ਦੀ ਵਰਤੋਂ ਕਰਕੇ ਲੋਕਾਂ ਨੂੰ ਗੁੰਮਰਾਹ ਕਰਦਾ ਸੀ।

ਉਹ ਇਕ ਵਾਰ 'ਚ ਵੱਡੀ ਰਕਮ ਲੈਣ ਦੀ ਬਜਾਏ, 'ਪ੍ਰਕਿਰਿਆ ਜਾਰੀ ਹੈ' ਦਾ ਬਹਾਨਾ ਬਣਾ ਕੇ ਮਹੀਨਿਆਂ ਤੱਕ ਕਿਸ਼ਤਾਂ ਵਿੱਚ ਪੈਸੇ ਲੈਂਦਾ ਸੀ। ਕੈਨੇਡਾ ਪੁਲਸ ਨੇ ਮੁਲਜ਼ਮ ਦੀ ਫੋਟੋ ਜਾਰੀ ਕਰਦਿਆਂ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੂੰ ਵੀ ਇਸ ਵਿਅਕਤੀ ਬਾਰੇ ਕੋਈ ਜਾਣਕਾਰੀ ਮਿਲੇ ਜਾਂ ਕੋਈ ਹੋਰ ਵਿਅਕਤੀ ਇਸ ਦੀ ਠੱਗੀ ਦਾ ਸ਼ਿਕਾਰ ਹੋਇਆ ਹੈ ਤਾਂ ਉਹ ਤੁਰੰਤ ਪੁਲਸ ਨਾਲ ਸੰਪਰਕ ਕਰੇ। ਫਿਲਹਾਲ ਮੁਲਜ਼ਮ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

# ਕੈਂਸਰ ਦੇ ਰੋਗੀਆਂ ਤੇ ਸੀਨੀਅਰਾਂ ਦੀ ਸਹਾਇਤਾ ਲਈ ਐੱਫ਼.ਸੀ.ਐੱਫ਼.ਸੀ. ਸੀਨੀਅਰਜ਼ ਕਲੱਬ ਨੇ ਪ੍ਰਾਜੈੱਕਟ 'ਗੋਲਡਨ ਹੈਂਡਜ਼- ਨਿੱਟਿੰਗ ਹੋਪ' ਸ਼ੁਰੂ ਕੀਤਾ







ਬਰੈਂਪਟਨ, ਡਾ. ਝੰਡ – ਦਿਆਲਤਾ ਅਤੇ ਕਮਿਊਨਿਟੀ ਸੇਵਾ ਦੀ ਭਾਵਨਾ ਦੇ ਮੱਦੇਨਜ਼ਰ 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਵੱਲੋਂ ਲੰਘੇ ਮੰਗਲਵਾਰ 3 ਮਾਰਚ ਨੂੰ ਸਥਾਨਕ 'ਪਾਲ ਪਲੈਸ਼ੀ ਕਮਿਊਨਿਟੀ ਸੈਂਟਰ' ਵਿੱਚ 'ਗੋਲਡਨ ਹੈਂਡਜ਼ – ਨਿੱਟਿੰਗ ਹੋਪ' ਦੇ ਨਾਂ ਹੇਠ ਨਵਾਂ ਪ੍ਰਾਜੈੱਕਟ ਆਰੰਭ ਕੀਤਾ ਗਿਆ। ਇਸ ਪ੍ਰਾਜੈੱਕਟ ਵਿੱਚ ਕਲੱਬ ਦੇ ਮੈਂਬਰਾਂ ਵੱਲੋਂ ਕੈਂਸਰ ਦੇ ਰੋਗੀਆਂ ਅਤੇ ਸੀਨੀਅਰਾਂ ਦੇ ਲਈ ਟੋਪੀਆਂ ਬੁਣੀਆਂ ਜਾਣਗੀਆਂ, ਜਿਨ੍ਹਾਂ ਨਾਲ ਉਹਨਾਂ ਨੂੰ ਠੰਢ ਤੋਂ ਆਪਣਾ ਬਚਾਅ ਕਰਨ ਵਿੱਚ ਸਹਾਇਤਾ ਹੋਵੇਗੀ।

ਟੋਪੀਆਂ ਬੁਣਨ ਦੇ ਇਸ ਈਵੈਂਟ ਵਿੱਚ ਕਲੱਬ ਦੇ ਲੱਗਭੱਗ 50 ਮੈਂਬਰਾਂ ਵੱਲੋਂ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਗਈ ਅਤੇ ਉਹਨਾਂ ਵੱਲੋਂ ਇਸ ਸਾਰਥਿਕ ਕਾਰਜ ਲਈ ਸਮਾਂ ਦੇਣ ਅਤੇ ਕੰਮ ਕਰਨ ਦੀ ਵਚਨਬੱਧਤਾ ਦੁਹਰਾਈ ਗਈ। ਕਲੱਬ ਮੈਂਬਰਾਂ ਦੇ ਇਸ ਉਪਰਾਲੇ ਨਾਲ ਲੋੜਵੰਦ ਰੋਗੀਆਂ ਅਤੇ ਸੀਨੀਅਰਾਂ ਲਈ ਜਿੱਥੇ ਇਹ ਗਰਮ ਟੋਪੀਆਂ ਉਨ੍ਹਾਂ ਨੂੰ ਠੰਢ ਤੋਂ ਬਚਾਉਣ ਦਾ ਸਾਧਨ ਬਣਨਗੀਆਂ, ਉੱਥੇ ਕਲੱਬ ਦੇ ਮੈਂਬਰਾਂ ਅੰਦਰ ਕਮਿਊਨਿਟੀ ਲਈ ਸੇਵਾ ਅਤੇ ਦਇਆ ਭਾਵਨਾ ਦਾ ਸੰਚਾਰ ਹੋਵੇਗਾ। ਇਸ ਪ੍ਰਾਜੈੱਕਟ ਦੀ ਸ਼ੁਰੂਆਤ ਕਰਦਿਆਂ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਆਪਣੇ ਸੰਬੋਧਨ 'ਚ ਕਿਹਾ, "ਕਲੱਬ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਦਰਸਾਉਂਦਾ ਹੈ ਕਿ ਸਦਭਾਵਨਾ ਨਾਲ ਕੀਤਾ ਗਿਆ ਛੋਟਾ ਜਿਹਾ ਕਾਰਜ ਵੀ ਕਮਿਊਨਿਟੀ ਵਿੱਚ ਵਿਚਰਦਿਆਂ ਲੋਕਾਂ ਉੱਪਰ ਵੱਡਾ ਪ੍ਰਭਾਵ ਪਾਉਂਦਾ ਹੈ।" ਉਨ੍ਹਾਂ ਦੱਸਿਆ ਕਿ ਪਿਛਲੀ ਵਾਰ ਕਲੱਬ ਦੇ ਮੈਂਬਰਾਂ ਵੱਲੋਂ ਬੁਣੀਆਂ ਗਈਆਂ ਟੋਪੀਆਂ 'ਕ੍ਰੈਡਿਟ ਵੈਲੀ ਹਸਪਾਅਲ' ਤੇ 'ਵਿਲੀਅਮ ਔਸਲਰ ਹੈੱਲਥ ਸਿਸਟਮ' ਵਿੱਚ ਕੈਂਸਰ ਦੇ ਮਰੀਜ਼ਾਂ ਨੂੰ ਭੇਟ ਕੀਤੀਆਂ ਗਈਆਂ ਸਨ ਅਤੇ ਰੋਗੀਆਂ ਤੇ ਹੈੱਲਥ ਸਟਾਫ਼ ਵੱਲੋਂ ਕਲੱਬ ਦੇ ਇਸ ਉਪਰਾਲੇ ਦੀ ਭਾਰੀ ਸਰਾਹਨਾ ਕੀਤੀ ਗਈ ਸੀ।

ਇਸ 'ਗੋਲਡਨ ਹੈਂਡਜ਼ -ਨਿੱਟਿੰਗ ਹੋਪ' ਪ੍ਰਾਜੈੱਕਟ ਰਾਹੀਂ ਸਾਡੇ ਮੈਂਬਰ ਇੱਕ ਵਾਰ ਫਿਰ ਕਮਿਊਨਿਟੀ ਨੂੰ ਆਪਣੇ ਵੱਲੋਂ 'ਤਿਲ-ਫੁਲ' ਵਾਪਸ ਕਰਨ ਜਾ ਰਹੇ ਹਨ।

ਕਲੱਬ ਦੇ ਇਸ ਪ੍ਰਾਜੈੱਕਟ ਦੀ ਅਗਵਾਈ ਕਮਲ ਬਬਰਾ ਵੱਲੋਂ ਕੀਤੀ ਜਾ ਰਹੀ ਹੈ ਜੋ ਇਸ ਦੀਆਂ ਨਿੱਟਿੰਗ ਟੀਮਾਂ ਨਾਲ ਤਾਲਮੇਲ ਰੱਖਣਗੇ। ਇਸ ਮੌਕੇ ਬੋਲਦਿਆਂ ਕਮਲ ਬਬਰਾ ਤੇ ਉਨ੍ਹਾਂ ਦੀ ਸਹਿਯੋਗੀ ਮੈਂਬਰ ਜਤਿੰਦਰ ਪਾਲ ਨੇ ਕਿਹਾ, "ਅਸੀਂ ਇਸ ਕਾਰਜ ਨੂੰ ਕਲੱਬ ਦੇ ਮੈਂਬਰਾਂ ਦੀ ਸਹੂਲਤ ਅਨੁਸਾਰ ਇਸ ਢੰਗ ਨਾਲ ਵਿਉਂਤ ਰਹੇ ਹਾਂ ਜਿਸ ਨਾਲ ਹਰੇਕ ਮੈਂਬਰ ਇਸ ਵਿੱਚ ਆਪਣਾ ਯੋਗਦਾਨ ਪਾ ਸਕੇ। ਬੁਣਤੀ ਸਿੱਖਣ ਦੇ ਚਾਹਵਾਨ ਮੈਂਬਰਾਂ ਨੂੰ ਇਸ ਦੀ ਪਹਿਲਾਂ ਸਿਖਲਾਈ ਦਿੱਤੀ ਜਾਏਗੀ ਅਤੇ ਪਹਿਲਾਂ ਤੋਂ ਸਿੱਖਿਅਤ ਮੈਂਬਰ ਇਹ ਟੋਪੀਆਂ ਹੁਣ ਤੋਂ ਹੀ ਬਨਾਉਣੀਆਂ ਆਰੰਭ ਕਰ ਦੇਣਗੇ।" ਉਨ੍ਹਾਂ ਨੇ ਕਿਹਾ ਕਿ ਸਾਡਾ ਨਿਸ਼ਾਨਾ ਵੱਧ ਤੋਂ ਵੱਧ ਟੋਪੀਆਂ ਤਿਆਰ ਕਰਨ ਦਾ ਹੈ। ਕਲੱਬ ਦੇ ਮੈਂਬਰਾਂ ਸੁਨੀਲ ਅਰੋੜਾ, ਸਨੇਹ ਸ਼ਵਾਨ ਤੇ ਕਈ ਹੋਰਨਾਂ ਵੱਲੋਂ ਵੀ ਕਲੱਬ ਦੇ ਇਸ ਪ੍ਰਾਜੈੱਕਟ ਦੀ ਭਾਰੀ ਸ਼ਲਾਘਾ ਕੀਤੀ ਗਈ।

ਕਲੱਬ ਦੀ ਪ੍ਰਧਨ ਜਸਵਿੰਦਰ ਦੈਂਦ ਨੇ ਇਸ ਮੌਕੇ ਸਮੂਹ ਮੈਂਬਰਾਂ ਵੱਲੋਂ ਇਸ ਪ੍ਰਾਜੈੱਕਟ ਲਈ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ, "ਮੈਂਬਰਾਂ ਵੱਲੋਂ ਪ੍ਰਾਜੈੱਕਟ ਲਈ ਮਿਲਿਆ ਭਰਪੂਰ ਹੁੰਗਾਰਾ ਸਾਡੀ ਏਕਤਾ ਅਤੇ ਸ਼ਕਤੀ ਦਾ ਪ੍ਰਤੀਕ ਹੈ। ਸਾਡਾ ਇਹ 'ਗੋਲਡਨ ਹੈਂਡਜ਼ – ਨਿੱਟਿੰਗ ਹੋਪ' ਪ੍ਰਾਜੈੱਕਟ ਇੱਕ ਖ਼ੂਬਸੂਰਤ ਮਿਸਾਲ ਹੈ ਕਿ ਸਮਾਜ ਵਿੱਚ ਵਿਚਰਦਿਆਂ ਸਾਡੇ ਸੀਨੀਅਰਜ਼ ਲੋੜਵੰਦਾਂ ਦੀ ਸਹਾਇਤਾ ਕਰਕੇ ਕਮਿਊਨਿਟੀ ਸੇਵਾ ਵਿੱਚ ਕਿਵੇਂ ਆਪਣਾ ਯੋਗਦਾਨ ਪਾ ਸਕਦੇ ਹਨ। ਸਾਨੂੰ ਪੂਰਨ ਆਸ ਹੈ ਕਿ ਸਾਡੇ ਵੱਲੋਂ ਤਿਆਰ ਕੀਤੀਆਂ ਗਈਆਂ ਟੋਪੀਆਂ ਕੈਂਸਰ ਦੇ ਮਰੀਜ਼ਾਂ ਅਤੇ ਸੀਨੀਅਰਾਂ ਦੇ ਲਈ ਸਰਦੀਆਂ ਦੇ ਮੌਸਮ ਵਿੱਚ ਨਿੱਘ ਪੈਦਾ ਕਰਨ ਵਿੱਚ ਸਹਾਈ ਹੋਣਗੀਆਂ।"

# ਪੱਤਰਕਾਰ ਤੇ ਟੀਵੀ ਜਰਨਲਿਸਟ ਮਨਦੀਪ ਖੁਰਮੀ ਹਿੰਮਤਪੁਰਾ ਸਾਊਥ ਏਸ਼ੀਅਨ ਨੈੱਟਵਰਕ ਐਵਾਰਡ ਸਮਾਰੋਹ ਦੌਰਾਨ ਸਨਮਾਨਿਤ

## * ਪਿਛਲੇ 25 ਸਾਲਾਂ ਤੋਂ ਮੀਡੀਆ ਖੇਤਰ 'ਚ ਸਰਗਰਮ ਭੂਮਿਕਾ ਬਦਲੇ ਮਿਲਿਆ ਐਵਾਰਡ







ਗਲਾਸਗੋ (ਨਿਊਜ਼ ਡੈਸਕ): ਗਲਾਸਗੋ ਦੇ ਡਬਲਟਰੀ ਹਿਲਟਨ ਹੋਟਲ ਵਿਖੇ ਆਯੋਜਿਤ ਸਾਊਥ ਏਸ਼ੀਅਨ ਨੈੱਟਵਰਕ ਐਵਾਰਡ ਸਮਾਰੋਹ ਦੌਰਾਨ ਪੱਤਰਕਾਰ ਤੇ ਟੀਵੀ ਜਰਨਲਿਸਟ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਭਾਈਚਾਰੇ ਦੀ ਮੀਡੀਆ ਰਾਹੀਂ ਕੀਤੀ ਸੇਵਾ ਬਦਲੇ ਐਵਾਰਡ ਨਾਲ ਨਿਵਾਜਿਆ ਗਿਆ। ਜਿਕਰਯੋਗ ਹੈ ਕਿ ਇਸ ਸਮਾਰੋਹ ਦਾ ਹਿੱਸਾ ਬਣਨ ਤੋਂ ਪਹਿਲਾਂ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਗਈ ਤੇ ਬਾਅਦ ਵਿੱਚ ਫਾਈਨਲ ਵਿੱਚ ਪਹੁੰਚੇ ਪ੍ਰਤੀਯੋਗੀਆਂ ਲਈ ਆਨਲਾਈਨ ਵੋਟਿੰਗ ਹੋਈ। ਇਸ ਉਪਰੰਤ ਹੀ ਉਕਤ ਐਵਾਰਡ ਹਾਸਲ ਹੋਣ ਤੱਕ ਪਹੁੰਚਿਆ ਗਿਆ। ਮੀਡੀਆ ਖੇਤਰ ਵਿੱਚ ਪਿਛਲੇ 25 ਸਾਲ ਤੋਂ ਨਿਰੰਤਰ ਸਰਗਰਮੀ ਨਾਲ ਸੇਵਾਵਾਂ ਦੇਣ ਬਦਲੇ ਸਕਾਟਲੈਂਡ ਦੇ ਇਤਿਹਾਸ ਵਿੱਚ ਹੁਣ ਤੱਕ ਦੇ ਪਹਿਲੇ ਅਖ਼ਬਾਰ "ਪੰਜ ਦਰਿਆ" ਦੇ ਮੁੱਖ ਸੰਪਾਦਕ ਤੇ ਟੀਵੀ ਜਰਨਲਿਸਟ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਐਵਾਰਡ ਪ੍ਰਦਾਨ ਕੀਤਾ ਗਿਆ। ਜਿਕਰਯੋਗ ਹੈ ਕਿ ਮਨਦੀਪ ਖੁਰਮੀ ਹਿੰਮਤਪੁਰਾ ਨੇ ਸੰਨ 2000 ਵਿੱਚ ਆਪਣੇ ਪੱਤਰਕਾਰੀ ਦੇ ਸਫ਼ਰ ਦੀ ਸ਼ੁਰੂਆਤ ਪੱਤਰਕਾਰੀ ਦੀ ਨਰਸਰੀ ਵਜੋਂ ਜਾਣੇ ਜਾਂਦੇ "ਰੋਜ਼ਾਨਾ ਨਵਾਂ ਜ਼ਮਾਨਾ" ਅਖ਼ਬਾਰ ਤੋਂ ਕੀਤੀ ਸੀ। ਇਸ ਉਪਰੰਤ ਉਹਨਾਂ ਹਲਕਾ ਨਿਹਾਲ ਸਿੰਘ ਵਾਲਾ ਤੋਂ "ਰੋਜ਼ਾਨਾ ਅਜੀਤ" ਅਤੇ ਨਿਊਜ਼ ਟਾਈਮ ਟੀਵੀ ਚੈਨਲ ਲਈ ਬਤੌਰ ਕੈਮਰਾਮੈਨ ਸੇਵਾਵਾਂ ਦਿੱਤੀਆਂ। ਉਹ 2008 'ਚ ਬਰਤਾਨੀਆ ਆਣ ਵਸੇ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ "ਰੋਜ਼ਾਨਾ ਜਗਬਾਣੀ" ਲਈ ਸੇਵਾਵਾਂ ਦੇ ਰਹੇ ਹਨ। ਇੰਗਲੈਂਡ ਤੋਂ ਸਕਾਟਲੈਂਡ ਵਸਣ ਉਪਰੰਤ ਉਹਨਾਂ ਪੀਟੀਸੀ ਪੰਜਾਬੀ ਚੈਨਲ ਲਈ ਬਤੌਰ ਵਿਸ਼ੇਸ਼ ਸੰਵਾਦਦਾਤਾ ਸਫ਼ਰ ਸ਼ੁਰੂ ਕੀਤਾ ਤੇ ਨਾਲ ਹੀ ਸਕਾਟਲੈਂਡ ਦੇ ਹੁਣ ਤੱਕ ਦੇ ਪਹਿਲੇ ਅਖ਼ਬਾਰ ਪੰਜ ਦਰਿਆ ਦੀ ਬਤੌਰ ਮੁੱਖ ਸੰਪਾਦਕ ਵਾਗਡੋਰ ਸੰਭਾਲੀ। ਕਾਲਮਨਵੀਸ ਵਜੋਂ ਲਿਖਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਇਹ ਮਾਣ ਹਾਸਲ ਹੈ ਕਿ ਉਹ ਵਿਸ਼ਵ ਭਰ ਵਿੱਚ ਛਪਦੇ ਹਰ ਪੰਜਾਬੀ ਅਖ਼ਬਾਰ ਵਿੱਚ ਘੱਟੋ ਘੱਟ ਇੱਕ ਵਾਰ ਜਰੂਰ ਆਪਣੀ ਲਿਖਤ ਨਾਲ ਹਾਜ਼ਰੀ ਲਗਵਾ ਚੁੱਕੇ ਹਨ। ਮਨਦੀਪ ਖੁਰਮੀ ਹਿੰਮਤਪੁਰਾ ਦੇ ਜਨੂੰਨ ਦਾ ਪ੍ਰਤੱਖ ਪ੍ਰਮਾਣ ਉਹਨਾਂ ਦੇ ਪਿੰਡ ਹਿੰਮਤਪੁਰਾ ਦੇ ਨਾਮ 'ਤੇ ਬਣਾਈ "ਹਿੰਮਤਪੁਰਾ ਡੌਟ ਕੌਮ" ਵੈੱਬਸਾਈਟ ਸੀ, ਜਿਸਨੂੰ ਵਿਸ਼ਵ ਭਰ ਦੇ ਪੰਜਾਬੀ ਅਖ਼ਬਾਰਾਂ ਦੇ ਖਜ਼ਾਨੇ ਵਜੋਂ ਜਾਣਿਆ ਜਾਂਦਾ ਸੀ। ਇਸ ਨਿਸ਼ਕਾਮ ਘਾਲਣਾ ਨੂੰ ਮੱਦੇਨਜ਼ਰ ਰੱਖਦਿਆਂ ਉਹਨਾਂ ਨੂੰ ਉਕਤ ਐਵਾਰਡ ਭੇਂਟ ਕੀਤਾ ਗਿਆ। ਗੱਲਬਾਤ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ ਉਹ ਸਿਰਫ ਤੇ ਸਿਰਫ ਆਪਣੇ ਕਾਰਜਾਂ ਵਿੱਚ ਮਗਨ ਰਹਿੰਦੇ ਹਨ। ਕੌਣ ਕੀ ਕਹਿੰਦੈ, ਕੀ ਸਾਜਿਸ਼ਾਂ ਰਚਦੈ?, ਕੌਣ ਲੱਤਾਂ ਖਿੱਚਦੇ? ਉਹ ਅਜਿਹੀਆਂ ਨਿਗੁਣੀਆਂ ਤੇ ਸਮਾਂ-ਖਾਊ ਗੱਲਾਂ ਵੱਲ ਧਿਆਨ ਦੇਣ ਦੀ ਬਜਾਏ ਆਪਣੇ ਨਿਸ਼ਾਨੇ ਵੱਲ ਸੇਧਿਤ ਰਹਿੰਦੇ ਹਨ। ਉਹਨਾਂ ਕਿਹਾ, "ਮੇਰਾ ਮੰਨਣਾ ਹੈ ਕਿ ਮੂੰਹੋਂ ਬੋਲ ਕੇ ਕਿਸੇ ਦੀਆਂ ਗੱਲਾਂ ਦਾ ਜਵਾਬ ਦੇਣ ਦੀ ਬਜਾਏ, ਕੰਮਾਂ ਨਾਲ ਜਵਾਬ ਦੇਣਾ ਵਧੇਰੇ ਕਾਰਗਰ ਤੇ ਚਿਰ ਸਦੀਵੀ ਹੁੰਦਾ ਹੈ।"

# ਪਤਨੀ ਦੇ ਕਾਤਲ ਭਾਰਤੀ ਭਗੌੜੇ ਭਦਰੇਸ਼ਕੁਮਾਰ 'ਤੇ ਇਨਾਮ ਵਧਾ ਕੇ 8.2 ਕਰੋੜ ਕੀਤਾ




ਅਮਰੀਕੀ ਜਾਂਚ ਏਜੰਸੀ ਢਬੀ ਨੇ ਸਾਲ 2015 ਵਿੱਚ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਦੋਸ਼ੀ ਭਾਰਤੀ ਨਾਗਰਿਕ ਭਦਰੇਸ਼ਕੁਮਾਰ ਚੇਤਨਭਾਈ ਪਟੇਲ ਦੀ ਗ੍ਰਿਫਤਾਰੀ ਲਈ ਇਨਾਮੀ ਰਾਸ਼ੀ ਵਿੱਚ ਭਾਰੀ ਵਾਧਾ ਕੀਤਾ ਹੈ। ਪਹਿਲਾਂ ਇਹ ਇਨਾਮ 2,50,000 ਡਾਲਰ ਸੀ, ਜਿਸ ਨੂੰ ਹੁਣ ਵਧਾ ਕੇ 1 ਮਿਲੀਅਨ ਅਮਰੀਕੀ ਡਾਲਰ (ਲਗਭਗ 8.2 ਕਰੋੜ ਰੁਪਏ) ਕਰ ਦਿੱਤਾ ਗਿਆ ਹੈ। 35 ਸਾਲਾ ਪਟੇਲ ਢਬੀ ਦੀ 'ਦਸ ਸਭ ਤੋਂ ਲੋੜੀਂਦੇ ਭਗੌੜਿਆਂ' ਦੀ ਸੂਚੀ ਵਿੱਚ ਸ਼ਾਮਲ ਹੈ।

ਦੱਸਣਯੋਗ ਹੈ ਕਿ 12 ਅਪਰੈਲ 2015 ਨੂੰ ਮੈਰੀਲੈਂਡ ਦੇ ਇੱਕ ਡੋਨਟ ਸ਼ਾਪ ਵਿੱਚ ਕੰਮ ਕਰਦੇ ਸਮੇਂ ਪਟੇਲ ਨੇ ਆਪਣੀ 21 ਸਾਲਾ ਪਤਨੀ ਪਲਕ ਪਟੇਲ 'ਤੇ ਕਈ ਵਾਰ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ। ਜਾਂਚਕਰਤਾਵਾਂ ਅਨੁਸਾਰ ਪਲਕ ਭਾਰਤ ਵਾਪਸ ਜਾਣਾ ਚਾਹੁੰਦੀ ਸੀ ਕਿਉਂਕਿ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਚੁੱਕੀ ਸੀ, ਪਰ ਭਦਰੇਸ਼ ਇਸ ਦੇ ਖਿਲਾਫ ਸੀ। ਕਤਲ ਤੋਂ ਬਾਅਦ ਪਟੇਲ ਬੜੀ ਚਲਾਕੀ ਨਾਲ ਮੌਕੇ ਤੋਂ ਫ਼ਰਾਰ ਹੋ ਗਿਆ ਸੀ। ਉਹ ਆਖਰੀ ਵਾਰ ਨਿਊ ਜਰਸੀ ਦੇ ਨਿਊਯਾਰਕ ਪੈਨ ਸਟੇਸ਼ਨ 'ਤੇ ਦੇਖਿਆ ਗਿਆ ਸੀ, ਜਿਸ ਤੋਂ ਬਾਅਦ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਢਬੀ ਦਾ ਮੰਨਣਾ ਹੈ ਕਿ ਉਹ ਬੇਹੱਦ ਖਤਰਨਾਕ ਅਤੇ ਹਥਿਆਰਬੰਦ ਹੋ ਸਕਦਾ ਹੈ।

ਏਜੰਸੀ ਨੂੰ ਸ਼ੱਕ ਹੈ ਕਿ ਉਹ ਅਮਰੀਕਾ ਵਿੱਚ ਆਪਣੇ ਕਿਸੇ ਦੂਰ ਦੇ ਰਿਸ਼ਤੇਦਾਰ ਕੋਲ ਛੁਪਿਆ ਹੋ ਸਕਦਾ ਹੈ ਜਾਂ ਕੈਨੇਡਾ ਦੇ ਰਸਤੇ ਭਾਰਤ ਭੱਜ ਗਿਆ ਹੋ ਸਕਦਾ ਹੈ। ਪਟੇਲ 'ਤੇ ਫਸਟ-ਡਿਗਰੀ ਮਾਰਡਰ ਅਤੇ ਗ੍ਰਿਫਤਾਰੀ ਤੋਂ ਬਚਣ ਲਈ ਭੱਜਣ ਸਮੇਤ ਕਈ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਹੈ। ਢਬੀ ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਅਧਿਕਾਰੀਆਂ ਨਾਲ ਸੰਪਰਕ ਕਰੇ।















ਪੰਜਾਬ ਸਟਾਰ
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjar
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com
Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਪੰਜਾਬ ਦਾ ਨਾੜੂਆ ਕੱਟਿਆ ਗਿਆ !





ਬੁੱਧ ਸਿੰਘ ਨੀਲੋਂ
94643 70823

ਜਦੋਂ ਬੱਚਾ ਜਨਮਦਾ ਹੈ ਤਾਂ ਉਸ ਦਾ ਮਾਂ ਦੇ ਨਾਲੋਂ ਸਰੀਰਕ ਸਬੰਧ ਖ਼ਤਮ ਕਰਨ ਲਈ ਨਾੜੂਆ ਕੱਟਿਆ ਜਾਂਦਾ ਹੈ। ਇਹ ਨਾੜੂਆ ਬੱਚੇ ਦਾ ਮਾਂ ਦੇ ਢਿੱਡ ਵਿੱਚ ਸ਼ਾਹਰਗ ਹੁੰਦਾ ਹੈ। ਜਨਮ ਤੋਂ ਬਾਅਦ ਉਸ ਦਾ ਨਵਾਂ ਸੰਸਾਰ ਸ਼ੁਰੂ ਹੁੰਦਾ ਹੈ। ਇਸ ਤੋਂ ਬਾਅਦ ਜਿਉਂ ਜਿਉਂ ਬੱਚਾ ਵੱਡਾ ਹੁੰਦਾ ਹੈ, ਉਸ ਦਾ ਸਬੰਧ ਸਮਾਜਿਕ ਰਿਸ਼ਤਿਆਂ ਨਾਲ ਜੁੜਦਾ ਹੈ। ਇਹੋ ਜਿਹਾ ਹਾਲ ਪੰਜਾਬ ਦਾ ਹੋਇਆ ਹੈ। ਪੰਜਾਬ ਦੀਆਂ ਜੜ੍ਹਾਂ ਵੱਢਣ ਵਿੱਚ ਜਿਥੇ ਸਿਆਸੀ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਵਰਗ ਨਾਲ ਸਬੰਧਤ ਮੌਕਾਪ੍ਰਸਤ ਲੋਕਾਂ ਦਾ ਵੱਡਾ ਯੋਗਦਾਨ ਹੈ, ਉਥੇ ਪੰਜਾਬ ਦੇ ਲੋਕ ਵੀ ਓਨੇ ਹੀ ਜ਼ੁੰਮੇਵਾਰ ਹਨ। ਜਿਹਨਾਂ ਨੇ ਆਪਣੀਆਂ ਗ਼ਰਜ਼ਾਂ ਖ਼ਾਤਰ ਆਪਣੇ ਆਪ ਦੀਆਂ ਜੜ੍ਹਾਂ ਆਪਣੇ ਹੱਥਾਂ ਨਾਲ ਵੱਢੀਆਂ ਹਨ। ਜਿਸ ਦਾ ਸੰਤਾਪ ਪਿਛਲੇ ਸੱਤ ਦਹਾਕਿਆਂ ਤੋਂ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਹੰਢਾ ਰਹੀਆਂ ਹਨ।

ਅੱਜ ਪੰਜਾਬ ਵਿੱਚ ਹਰ ਖੇਤਰ ਵਿੱਚ ਪਾਰਟੀਆਂ ਤੇ ਜਥੇਬੰਦੀਆਂ ਹਨ, ਉਹ ਭਾਵੇਂ ਸਿਆਸੀ ਪਾਰਟੀਆਂ ਹਨ, ਸਭ ਆਪੋ ਆਪਣੀਆਂ ਰੋਟੀਆਂ ਸੇਕਣ ਲੱਗੀਆਂ ਹੋਈਆਂ ਹਨ। ਇਹਨਾਂ ਨੇ ਪੰਜਾਬ ਦੇ ਨਾਂ ਨੂੰ ਆਪਣੇ ਹਿੱਤਾਂ ਲਈ ਹਮੇਸ਼ਾ ਵਰਤਿਆ ਹੈ ਤੇ ਵਰਤ ਰਹੇ ਹਨ। ਪੰਜਾਬ ਦਾ ਸਭ ਤੋਂ ਵੱਧ ਬੇੜਾ ਗ਼ਰਕ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ ਨਿਭਾਇਆ। ਹੁਣ ਪੰਜਾਬ ਵਿੱਚ ਰੋਟੀਆਂ ਸੇਕਣ ਲਈ ਵੀਹ ਅਕਾਲੀ ਦਲ ਬਣ ਗਏ ਹਨ। ਇਹੋ ਜਿਹਾ ਹਾਲ ਕਾਂਗਰਸ ਤੇ ਖੱਬੇ ਪੱਖੀਆਂ ਦਾ ਬਣਿਆ ਹੋਇਆ ਹੈ। ਇਹ ਵੀ ਦਰਜਨ ਤੋਂ ਵੱਧ ਬਣ ਗਈਆਂ ਹਨ। ਇਹਨਾਂ ਦੀ ਭੂਮਿਕਾ ਵੀ ਉਨ੍ਹਾਂ ਵਰਗੀ ਹੀ ਹੈ। ਪੰਜਾਬ ਦੇ ਵਿੱਚ ਹੁਣ ਤੱਕ ਵਾਪਰੀਆਂ ਘਟਨਾਵਾਂ ਵਿੱਚ ਇਹਨਾਂ ਸਿਆਸੀ ਪਾਰਟੀਆਂ ਦੀ ਭੂਮਿਕਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਇਤਿਹਾਸ ਨੂੰ ਤੁਸੀਂ ਜਾਣਦੇ ਹੀ ਹੋ। ਪੰਜਾਬ ਦੇ ਲੋਕਾਂ ਨੇ ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਨਿਭਾਈ ਗ਼ੈਰ ਮਨੁੱਖੀ ਭੂਮਿਕਾ ਦਾ ਸੰਤਾਪ ਭੋਗਿਆ ਹੈ।

ਪੰਜਾਬ ਐਨਾ ਗੂੰਗਾ, ਬੋਲ਼ਾ ਤੇ ਅੰਨ੍ਹਾ ਹੋ ਜਾਵੇਗਾ ਕਿਸੇ ਨੇ ਸੋਚਿਆ ਨਹੀਂ ਸੀ। ਇਹਨਾਂ ਸਾਹਮਣੇ ਕੀ ਨਹੀਂ ਹੋਇਆ ਤੇ ਹੁੰਦਾ, ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਜੀਭ ਵੱਢੀ ਜਾਵੇ ਜੇਕਰ ਇਹ ਦਿੱਲੀ ਦੇ ਧਾੜਵੀਆਂ ਦੇ ਹੁਕਮ ਬਿਨਾਂ ਕੋਈ ਬਿਆਨ ਜਾਰੀ ਕਰਨ ਦੀ ਹਿੰਮਤ ਕਰ ਸਕਣ। ਪੰਜਾਬ ਦੀਆਂ ਅਗਲੀਆਂ ਚੋਣਾਂ ਲਈ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ। ਪੰਜਾਬ ਲੁੱਟਿਆ, ਕੁੱਟਿਆ ਤੇ ਮਾਰਿਆ ਜਾ ਰਿਹਾ ਹੈ, ਇਹਨਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਇਹ ਨਾਟਕ ਕਰਦੇ ਹਨ। ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਸਟੇਟ ਨਹੀਂ, ਸਟੇਜ ਚਲਾ ਰਿਹਾ ਹੈ। ਉਹ ਹਰ ਦਿਨ ਘਸੇ ਪਿਟੇ ਚੁਟਕਲੇ ਸਰਕਾਰੀ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਸੁਣਾ ਰਿਹਾ ਹੈ। ਲੋਕ ਹਿੜ ਹਿੜ ਕਰਕੇ ਹੱਸਣ ਲੱਗ ਦੇ ਹਨ। ਪੰਜਾਬ ਨੂੰ ਪੁਲਿਸ ਰਾਜ ਬਣਾ ਦਿੱਤਾ ਗਿਆ ਹੈ। ਉਹਨਾਂ ਵਲੋਂ ਪੰਜਾਬ ਦੀ ਜਵਾਨੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਭਰਾ ਮਾਰੂ ਹਥਿਆਰ ਵਰਤਿਆ ਜਾ ਰਿਹਾ ਹੈ। ਹੁਕਮਰਾਨ ਸਭ ਦਿੱਲੀ ਦੇ ਧਾੜਵੀ ਹਨ, ਜਿਹਨਾਂ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਸਰੋਕਾਰ ਨਹੀਂ। ਪੰਜਾਬ ਸਿਰ ਕਰਜ਼ੇ ਦੀ ਪੰਡ ਚਾਰ ਲੱਖ ਬਿਆਲੀ ਹਜ਼ਾਰ ਕਰੋੜ ਰੁਪਏ ਹੋ ਗਿਆ ਹੈ। ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਕੁੜੀਆਂ ਦੇ ਕਾਲਜ ਵਿੱਚ ਜਿਹੜੇ ਆਸ਼ਕੀ ਦੇ ਕਿੱਸੇ ਸੁਣਾ ਕੇ ਤੀਵੀਂਆਂ ਨੂੰ ਨਿਹਾਲ ਕੀਤਾ ਹੈ, ਉਸ ਦੇ ਇਸ ਬੇਹੂਦਾ ਬਿਆਨ ਤੇ ਔਰਤਾਂ ਦੀਆਂ ਜੱਥੇਬੰਦੀਆਂ ਤੇ ਸਿਆਸੀ ਪਾਰਟੀਆਂ ਵੱਲੋਂ ਕਿਸੇ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਸਿਆਸੀ ਪਾਰਟੀਆਂ ਵੀ ਹੁਣ ਮੂਕ ਦਰਸ਼ਕ ਬਣ ਕੇ ਰਹਿ ਗਈਆਂ ਹਨ। ਦੁਨੀਆ ਭਰ ਦੇ ਮਜ਼ਦੂਰਾਂ ਨੂੰ ਇੱਕ ਕਰਨ ਵਾਲੀਆਂ ਖੱਬੇ ਪੱਖੀ ਪਾਰਟੀਆਂ ਵੀ ਚੁੱਪ ਹਨ। ਵਿਦਵਾਨ ਸਾਹਿਬ ਠੁਮਕੇ ਲਗਾਉਂਦੇ ਹਨ।

ਪੰਜਾਬ ਦੇ ਲੋਕ ਸਮਝ ਸਕਦੇ ਹਨ ਕਿ ਪੀਲੀ ਪੱਗ ਦੇ ਥੱਲੇ ਭਗਵਾਂ ਲਗੋਟ ਭਗਵੰਤ ਮਾਨ ਨੇ ਪਾਇਆ ਹੋਇਆ ਹੈ, ਪਹਿਲਾਂ ਭਗਵੇਂ ਲਗੋਟ ਵਾਲੇ ਅਕਾਲੀ ਦਲ ਬਾਦਲਕਿਆਂ ਦੇ ਰਾਹੀਂ ਪੰਜਾਬ ਦੇ ਲੋਕਾਂ ਦੇ ਟੀਕਾ ਲਗਾ ਕੇ ਦੇਖਦੇ ਸਨ, ਹੁਣ ਉਨ੍ਹਾਂ ਨੇ ਆਮ ਆਦਮੀ ਪਾਰਟੀ ਨੂੰ ਰਾਹੀਂ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਗਵੰਤ ਮਾਨ ਦੀ ਤਾਜਪੋਸ਼ੀ ਤਾਂ ਨਾਗਪੁਰ ਵਾਲਿਆਂ ਨੇ ਵੀਹ ਸੌ ਸਤਾਰਾਂ ਵਿੱਚ ਕਰ ਦਿੱਤੀ ਸੀ। ਉਹਨਾਂ ਨੇ ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਉਦੋਂ ਹੀ ਮੁਹਿੰਮ ਵਿੱਢ ਦਿੱਤੀ ਸੀ, ਪੰਜਾਬੀਆਂ ਨੂੰ ਪਤਾ ਨਹੀਂ ਲੱਗਦਾ ਕਿ ਉਹਨਾਂ ਦੇ ਜਜ਼ਬਾਤਾਂ ਨਾਲ ਖੇਡ ਕੌਣ ਰਿਹਾ ਹੈ?

ਹੁਣ ਇੰਝ ਲੱਗਦਾ ਹੈ ਪੰਜਾਬ ਖੱਸੀ ਹੋ ਗਿਆ ਹੈ, ਜਿਵੇਂ ਖੱਸੀ ਕੀਤਾ ਵੱਛਾ ਕਦੇ ਕਦੇ ਦੂਸਰੇ ਵੱਛੇ ਉਤੇ ਚੜਦਾ ਹੈ, ਪਰ ਉਹ ਦੂਜੇ ਦਾ ਨੁਕਸਾਨ ਕਰਦਾ ਹੈ, ਆਪਣਾ ਝੱਸ ਪੂਰਾ ਕਰਦਾ ਹੈ। ਇਹੋ ਜਿਹਾ ਹਾਲ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਹਾਲ ਹੋਇਆ ਹੈ। ਜੇ ਕਿਧਰੇ ਕੋਈ ਨੌਜਵਾਨ ਜੱਥੇਬੰਦੀ ਇਹਨਾਂ ਦਿੱਲੀ ਦੇ ਧਾੜਵੀਆਂ ਨੂੰ ਲਲਕਾਰ ਦੀ ਹੈ ਤਾਂ ਉਹਨਾਂ ਦੇ ਪੁੜੇ ਲਾਲ ਕੀਤੇ ਜਾਂਦੇ ਹਨ। ਚੰਡੀਗੜ੍ਹ ਤੇ ਪੰਜਾਬ ਵਿੱਚ ਧੀਆਂ ਤੇ ਪੁੱਤਰਾਂ ਦੀਆਂ ਪੱਗਾਂ ਤੇ ਚੁੰਨੀਆਂ ਹਰ ਰੋਜ਼ ਪੁਲਿਸ ਵੱਲੋਂ ਧਰਨਿਆਂ ਮੁਜ਼ਾਹਰਿਆਂ ਵਿੱਚ ਉਤਾਰੀਆਂ ਗਈਆਂ ਜਾਂਦੀਆਂ ਹਨ।

ਪੰਜਾਬ ਦੇ ਲੋਕਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਆਪਣੇ ਆਪ ਨੂੰ ਜਗਾਉਣ ਲਈ ਕਿਹੜਾ ਦੀਵਾ ਜਗਾਉਣ, ਜਿਸ ਨਾਲ ਉਹਨਾਂ ਦੇ ਮਨ ਦਾ ਹਨੇਰਾ ਦੂਰ ਹੋ ਜਾਵੇ। ਪੰਜਾਬ ਦੇ ਲੋਕਾਂ ਨੂੰ ਮੁਫ਼ਤ ਦੀ ਚਾਟ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਸਮੇਂ ਲਗਾਈ। ਜਿਹੜੀ ਰਬੜ ਦੀ ਜੁੱਤੀ ਵਾਂਗੂੰ ਵਧਣ ਲੱਗੀ। ਇਸ ਮੁਫ਼ਤ ਦੀਆਂ ਸਹੂਲਤਾਂ ਤੇ ਸਬਸਿਡੀਆਂ ਨੇ ਪੰਜਾਬ ਖੱਸੀ ਕਰ ਦਿੱਤਾ ਹੈ। ਪੰਜਾਬ ਦੇ ਵਿੱਚ ਗੇਅ ਨੌਜਵਾਨਾਂ ਦੀ ਗਿਣਤੀ ਗੁੜ ਤੇ ਮੱਖੀਆਂ ਵਾਂਗ ਵਧਦੀ ਜਾ ਰਹੀ ਹੈ।

ਪੰਜਾਬ ਦੇ ਲੋਕਾਂ ਨੂੰ ਅੰਨ੍ਹਾ, ਬੋਲ਼ਾ ਤੇ ਗੂੰਗਾ ਬਣਾਉਣ ਲਈ ਸਿਆਸੀ ਪਾਰਟੀਆਂ ਦੇ ਆਗੂਆਂ ਤੇ ਵਿਦਵਾਨਾਂ ਦੀ ਵੱਡੀ ਭੂਮਿਕਾ ਰਹੀ ਹੈ। ਵਿਦਵਾਨਾਂ ਨੂੰ ਕੁੱਤੇ ਕੰਮਾਂ ਤੋਂ ਵਿਹਲ ਨਹੀਂ। ਉਹ ਹਰ ਦਿਨ ਕਿਤੇ ਨਾ ਕਿਤੇ ਮਜਮਾਂ ਲਗਾ ਕੇ ਲੱਕੜ ਦੀਆਂ ਤਲਵਾਰਾਂ ਨਾਲ ਗੱਤਕਾ ਖੇਡ ਕੇ ਕੱਚਾ ਤੇ ਪੱਕਾ ਮਾਸ ਖਾਂਦੇ ਤੇ ਸੋਮ ਰਸ ਪੀ ਕੇ ਗਧਿਆਂ ਵਾਂਗ ਗੱਦਿਆਂ ਤੇ ਲਿਟਦੇ ਹਨ। ਉਹਨਾਂ ਦੀ ਵਿਦਵਤਾ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਬਿੱਲੀ ਥੈਲਿਓਂ ਬਾਹਰ ਨਿਕਲ ਜਾਂਦੀ ਹੈ।

ਪੰਜਾਬ ਦੇ ਬਾਬਿਆਂ ਤੇ ਸਾਧਾਂ ਸੰਤਾਂ ਦੇ ਡੇਰਿਆਂ ਨੇ ਪੰਜਾਬ ਦੇ ਲੋਕਾਂ ਨੂੰ ਖੱਸੀ ਕਰਨ ਲਈ ਸਵਰਗ ਨਰਕ ਦਾ ਡਰ ਸੁਣਾ ਕੇ ਨਿਹਾਲ ਕੀਤਾ ਤੇ ਕਰ ਰਹੇ ਹਨ ਤੇ ਪੰਜਾਬ ਦੀਆਂ ਅੰਗੂਰੀਆਂ ਚਰ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਮਾਨਸਿਕ ਤੌਰ ਕੰਮਜ਼ੋਰ ਕਰਨ ਲਈ ਇਹਨਾਂ ਨੇ ਆਪਣੀ ਹੱਟੀਆਂ ਨੂੰ ਦੀਵਾਨਾਂ ਵਿੱਚ ਬਦਲਿਆ। ਮਾਝੇ ਦੇ ਸਾਧ ਨੇ ਸੇਵਾ ਦੇ ਨਾਂ ਹੇਠ ਬਿਆਸ ਦਰਿਆ ਤੇ ਦਰਜਨਾਂ ਪਿੰਡਾਂ ਦੀ ਜ਼ਮੀਨ ਹੜੱਪ ਲਈ। ਸੰਗਤਾਂ ਸੇਵਾ ਕਰਨ ਲਈ ਆਪਣੀਆਂ ਜੁੱਤੀਆਂ ਤੇ ਆਪਣਾ ਸਿਰ ਖੁਦ ਲੈ ਕੇ ਜਾਂਦੀਆਂ ਹਨ।

ਜੜ੍ਹਾਂ ਨਾਲੋਂ ਟੁੱਟਿਆ ਹੋਇਆ ਰੁੱਖ ਕਿਸੇ ਲਈ ਕੁਰਸੀ ਤੇ ਸ਼ਮਸ਼ਾਨ ਘਾਟ ਦਾ ਬਾਲਣ ਬਣ ਸਕਦਾ ਹੈ। ਜਦੋਂ ਮਨੁੱਖ ਦਾ ਨਾੜੂਆ ਕੱਟਿਆ ਜਾਂਦਾ ਹੈ, ਉਸਨੂੰ ਜਿਹੋ ਜਿਹਾ ਮਰਜ਼ੀ ਬਣਾ ਲਵੋ। ਹੁਣ ਤਾਂ ਪਾਣੀ ਸਿਰੋਂ ਲੰਘ ਗਿਆ ਹੈ। ਪੰਜਾਬ ਡੁੱਬ ਰਿਹਾ ਹੈ, ਸਿਆਸੀ ਪਾਰਟੀਆਂ ਕਿਸ਼ਤੀਆਂ ਰਾਹੀਂ ਸੁਰੱਖਿਅਤ ਥਾਵਾਂ ਤੇ ਪੁੱਜਣ ਲਈ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਸੰਘਰਸ਼ ਕਰ ਰਹੀਆਂ ਹਨ। ਉਹਨਾਂ ਦੀ ਨਜ਼ਰ ਸਤਾਈ ਦੀਆਂ ਚੋਣਾਂ ਉਤੇ ਹੈ। ਉਹ ਲੁੱਟ ਕਰਨ ਲਈ ਕਾਹਲੇ ਹਨ।

ਕੁੜੀਆਂ ਤੇ ਬੁੜੀਆਂ ਤੀਵੀਆਂ ਨੂੰ ਰੀਲਾਂ ਬਣਾਉਣ ਲਈ ਤਿਆਰ ਕੀਤਾ ਗਿਆ ਹੈ ਤੇ ਇਹ ਅੱਗੇ ਦੇਹ ਵਪਾਰ ਤੋਂ ਬਾਅਦ ਕਤਲਾਂ ਤੱਕ ਪਹੁੰਚ ਗਈਆਂ ਹਨ। ਪੰਜਾਬ ਦੇ ਵਿੱਚ ਤਾੜ ਤਾੜ ਹੋ ਰਹੀ ਹੈ। ਦਿੱਲੀ ਦੇ ਧਾੜਵੀ ਨੋਟ ਗਿਣ ਤੇ ਕੁੜੀਆਂ ਦੇ ਲੱਕ ਮਿਣ ਰਹੇ ਹਨ। ਅਸੀਂ ਮੁਫ਼ਤ ਦੀਆਂ ਸਹੂਲਤਾਂ ਗਿਣ ਰਹੇ ਹਾਂ। ਸਭ ਵੱਧ ਬੇੜਾ ਗ਼ਰਕ ਉਹਨਾਂ ਕੀਤਾ ਹੈ ਜਿਹਨਾਂ ਕੋਲ ਚਾਰ ਛਿੱਲੜ ਹਨ, ਉਹ ਹੀ ਵਧੇਰੇ ਮੁਫ਼ਤ ਦੀਆਂ ਸਹੂਲਤਾਂ ਛਕ ਰਹੇ ਹਨ। ਗਰੀਬ ਲੋਕਾਂ ਨੂੰ ਕੋਈ ਧੇਲੇ ਵੱਟੇ ਨਹੀਂ ਪੁੱਛਦਾ।

ਪੰਜਾਬ ਦੇ ਹੱਕਾਂ ਉਪਰ ਦਿਨ ਦਿਹਾੜੇ ਡਾਕੇ ਪੈ ਰਹੇ ਹਨ। ਆਮ ਜਨਤਾ ਰੋਜ਼ੀ ਰੋਟੀ ਤੋਂ ਮੁਥਾਜ ਹੋ ਗਈ ਹੈ। ਘੋੜਿਆਂ ਵਾਲਿਆਂ ਦੀ ਫੌਜ ਗਰੀਬ ਲੋਕਾਂ ਦੇ ਪੁੜੇ ਲਾਲ ਕਰਨ ਲਈ ਤਿਆਰ ਹੈ। ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਕਰਵਾਉਣ ਵਾਲੇ ਨਜ਼ਰ ਨਹੀਂ ਆਉਂਦੇ। ਪੰਜਾਬ ਦੇ ਲੋਕ ਧਰਨੇ ਲਗਾਉਣ ਲਈ ਮਜਬੂਰ ਹਨ। ਸੁਣਵਾਈ ਕਿਤੇ ਨਹੀਂ।

ਜਦੋਂ ਬੰਦਾ ਖੱਸੀ ਹੋਵੇ ਤੇ ਉਹਦੇ ਘਰ ਕੋਈ ਔਲਾਦ ਪੈਦਾ ਹੋ ਜਾਵੇ ਤਾਂ ਉਹ ਗੁੱਸੇ ਨਹੀਂ ਹੁੰਦਾ। ਸਗੋਂ ਖੁਸ਼ ਹੋ ਕੇ ਚੱਠ ਕਰਦਾ ਹੈ। ਆਪਣੇ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿੱਚ ਛੱਡ ਕੇ ਉਹਨਾਂ ਦੇ ਮਰਨ ਤੋਂ ਬਾਅਦ ਪੈਲਸ ਵਿੱਚ ਭੋਗ ਪਾਉਂਦਾ ਹੈ। ਹੁਣ ਆਲੇ ਦੁਆਲੇ ਬਿਰਧ ਆਸ਼ਰਮ ਵਧਦੇ ਜਾ ਰਹੇ ਹਨ। ਉਹਨਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪਛਾਣ ਕੇ ਦੇਖੋ ਕਿਸ ਕਿਸ ਹਨ। ਜਿਹਨਾਂ ਨੇ ਪੰਜਾਬ ਨੂੰ ਉਜਾੜਨ ਲਈ ਧਾੜਵੀਆਂ ਨਾਲ ਰਲ਼ ਕੇ ਬੇੜਾ ਗ਼ਰਕ ਕੀਤਾ।

ਧਰਮ ਦੇ ਪੁਜਾਰੀਆਂ, ਸਟੇਟ ਦੇ ਅਧਿਕਾਰੀਆਂ, ਵਪਾਰੀਆਂ ਤੇ ਲਿਖਾਰੀਆਂ ਨੇ ਪੰਜਾਬ ਦਾ ਨਾੜੂਆ ਕੱਟਣ ਲਈ ਹਰ ਤਰ੍ਹਾਂ ਦੇ ਔਜ਼ਾਰ ਦਿੱਤੇ, ਜਿਸ ਬਦਲੇ ਉਹਨਾਂ ਨੇ ਮਾਇਆ ਪ੍ਰਾਪਤ ਕੀਤੀ ਤੇ ਕਰ ਰਹੇ ਹਨ। ਹੁਣ ਹਾਲਤ ਇਹ ਬਣੀ ਹੋਈ ਹੈ, "ਇੱਕ ਹੋਵੇ ਕਮਲਾ ਸਮਝਾਵੇ ਵਿਹੜਾ, ਵਿਹੜਾ ਹੋਵੇ ਕਮਲਾ ਸਮਝਾਵੇ ਕਿਹੜਾ?"

ਕਾਬੁਲ, ਕੰਧਾਰ, ਖੈਬਰ ਤੇ ਪਖਤੂਨਵਾ ਤੱਕ ਖੰਡਾ ਖੜਕਾਉਣ ਵਾਲੇ ਸਾਡੇ ਪੁਰਖੇ ਰੋਂਦੇ ਹਨ ਕਿ ਅਸੀਂ ਇਹੋ ਜਿਹਾ ਭਵਿੱਖ ਦੇਖਾਂਗੇ। ਪੰਜਾਬ ਦੇ ਲੋਕ ਐਨੇ ਨਿਹੱਥੇ ਤੇ ਬੇਵੱਸ ਹੋ ਜਾਣਗੇ ਕਿ ਉਹ ਆਪਣੇ ਬੱਚਿਆਂ ਨੂੰ ਆਸ਼ਕੀ ਦੀਆਂ ਕਹਾਣੀਆਂ ਸੁਣਨ ਲਈ ਤੇ ਤਾੜੀਆਂ ਮਾਰਨ ਵਰਗਾ ਬਣਨ ਲਈ ਮਜਬੂਰ ਕਰ ਦਿੱਤਾ ਹੈ। ਲੱਖ ਲਾਹਨਤ ਹੈ ਉਹਨਾਂ ਨੂੰ ਜਿਹੜੇ ਉਸ ਸਮੇਂ ਦੰਦੀਆਂ ਕੱਢ ਰਹੀਆਂ ਸਨ ਤੇ ਹੁਣ ਮੂੰਹ ਵਿੱਚ ਘੁੰਗਣੀਆਂ ਪਾ ਕੇ ਬੈਠੇ ਤੇ ਬੈਠੀਆਂ ਹਨ। ਕੁਝ ਤਾਂ ਸ਼ਰਮ ਕਰੋ। ਕਿਸੇ ਖੂਹ ਖਾਤੇ ਵਿੱਚ ਡੁੱਬ ਮਰੋ।

ਪੰਜਾਬ ਨੂੰ ਭੁੱਖ ਮਿਟਾਉਣ ਲਈ ਦੇਹ ਵਪਾਰ ਨੇ ਜੀਬੀ ਰੋਡ ਬਣਾ ਦਿੱਤਾ ਹੈ। ਹਰ ਥਾਂ ਇਹੋ ਕੁੱਝ ਵਾਪਰ ਰਿਹਾ ਹੈ। ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਮੁਹੱਲਿਆਂ ਵਿੱਚ ਨਸ਼ੇੜੀ ਤੇ ਲੁੱਟ ਮਾਰ ਕਰਨ ਵਾਲੀ ਮੁੰਡੀਰ ਹਰਲ ਹਰਲ ਕਰਦੀ ਫਿਰ ਰਹੀ ਹੈ। ਧਰਮ ਅਸਥਾਨਾਂ ਤੇ ਕੀਰਤਨ ਤੇ ਭਜਨ ਬੰਦਗੀ ਹੋ ਰਹੀ ਹੈ। ਸ਼ਰੇਆਮ ਗੋਲੀਆਂ ਚਲਾ ਕੇ ਫ਼ਰਾਰ ਹੋਣ ਵਾਲੇ ਕੌਣ ਹਨ, ਇਸ ਦਾ ਕਿਸੇ ਨੂੰ ਪਤਾ ਨਹੀਂ। ਪੰਜਾਬ ਧਰਨਿਆਂ ਮੁਜ਼ਾਹਰਿਆਂ ਦੀ ਦਲਦਲ ਵਿੱਚ ਫਸ ਗਿਆ ਹੈ। ਆਪਣੇ ਹੀ ਆਪਣੇ ਇੱਕ ਦੂਜੇ ਦੇ ਪੁੜੇ ਲਾਲ ਕਰਨ ਲਈ ਤਿਆਰ ਹਨ। ਖੱਸੀ ਕੀਤੇ ਗਏ ਨੌਜਵਾਨਾਂ ਦੀ ਪੀੜ੍ਹੀ ਪੰਜਾਬ ਨੂੰ ਕਿਹੋ ਜਿਹਾ ਬਣਾ ਕੇ ਜਿਉਂਦੀ ਰਹੇਗੀ ਜਾਂ ਫਿਰ ਕੋਠਿਆਂ ਤੇ ਬੈਠ ਕੇ ਗਾਹਕਾਂ ਨੂੰ ਆਕਰਸ਼ਿਤ ਕਰਨ ਲਈ ਤਿਆਰ ਰਹੇਗੀ? ਆਪਣੀਆਂ ਕੱਛ ਵਿੱਚ ਤੇ ਦੂਜਿਆਂ ਦੀਆਂ ਹੱਥ ਵਿੱਚ, ਵਰਗੀ ਗੱਲ ਹੁਣ ਆਪ ਪਾਰਟੀ ਦੀਆਂ ਬੀਬੀਆਂ ਨੇ ਸ਼ੁਰੂ ਕਰ ਦਿੱਤੀ ਹੈ, ਉਨ੍ਹਾਂ ਨੂੰ ਮੁੱਖ ਮੰਤਰੀ ਦੇ ਆਸ਼ਕੀ ਕਿੱਸੇ, ਬਲਕਾਰ ਸਿੱਧੂ ਦੀਆਂ ਗੱਲਾਂ ਭੁੱਲ ਗਈਆਂ ਹਨ। ਵਿਧਾਨ ਸਭਾ ਵਿੱਚ ਤਾਂ ਉਹਨਾਂ ਗਨੀਵ ਕੌਰ ਮਜੀਠੀਆ ਦੀ ਬੇਜ਼ਤੀ ਕੀਤੀ, ਇਹਨਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਇਹ ਮੁੱਖ ਮੰਤਰੀ ਦੀ ਸਾਖ਼ ਬਚਾਉਣ ਲਈ ਔਰਤਾਂ ਦੇ ਹੱਕਾਂ ਦੀਆਂ ਗੱਲਾਂ ਕਰਦੇ ਹਨ। ਇਹਨਾਂ ਦੀ ਅਸਲੀਅਤ ਲੋਕਾਂ ਸਾਹਮਣੇ ਆ ਗਈ ਹੈ।

ਭਾਵੇਂ ਕਿਸੇ ਫ਼ਸਲ ਤੇ ਨਸਲ ਦਾ ਬੀਜ ਨਾਸ ਨਹੀਂ ਹੁੰਦਾ, ਪਰ ਬਚੇ ਹੋਏ ਬੀਜ ਨੂੰ ਸੰਭਾਲਣ ਲਈ ਵੀ ਕੋਈ ਸੂਝਵਾਨ ਹੋਵੇ। ਧਰਨਿਆਂ ਤੇ ਮੁਜ਼ਾਹਰਿਆਂ ਵਿੱਚ ਚਿੱਟੀਆਂ ਚੁੰਨੀਆਂ ਤੇ ਦਾਹੜੀਆਂ ਵਾਲੇ ਲੋਕ ਕਿਹੜੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਲੜਦੇ ਹਨ?

ਕਦੇ ਕੋਈ ਉਠੇਗਾ ਸੂਰਮਾ ਦੁੱਲਾ ਭੱਟੀ, ਬੰਦਾ ਸਿੰਘ ਬਹਾਦਰ, ਕੋਈ ਰਣਜੀਤ ਸਿੰਘ? ਇਸ ਆਸ ਨਾਲ ਹੁਣ ਵਿਦਾ ਹੁੰਦਾ ਹਾਂ। ਕੀ ਪਤਾ ਬਚੇ ਹੋਏ ਲੋਕਾਂ ਵਿਚੋਂ ਕੋਈ ਅਣਖੀ ਤੇ ਗ਼ੈਰਤਮੰਦ ਉਠੇ ਤੇ ਲਲਕਾਰ ਮਾਰੇ ਤੇ ਸੁੱਤੇ ਪਏ ਅਵਾਮ ਨੂੰ ਜਗਾਵੇ? ਪੰਜਾਬ ਦੇ ਲੋਕਾਂ ਨੂੰ ਹੁਣ ਆਪੋ ਆਪਣੀ ਹਾਉਮੈਂ ਤਿਆਗ ਕਿ ਇੱਕ ਜੁੱਟ ਹੋਣ ਦੀ ਲੋੜ ਹੈ, ਨਹੀਂ ਇਕੱਲੇ ਇਕੱਲੇ ਕੁੱਟ ਜਦੋਂ ਤੱਕ ਮਰਜ਼ੀ ਖਾਈ ਜਾਓ। ਕਿਸਾਨ ਅੰਦੋਲਨ ਵਰਗੀ ਸਥਿਤੀ ਪੈਦਾ ਕਰਨ ਦੀ ਲੋੜ ਹੈ। ਇਹ ਲੋੜ ਪੂਰੀ ਕੌਣ ਕਰੇਗਾ? ਜਦੋਂ ਬੰਦੇ ਦੀਆਂ ਜੜ੍ਹਾਂ ਹੀ ਤੇ ਪੰਜਾਬ ਦਾ ਨਾੜੂਆ ਹੀ ਕੱਟ ਦਿੱਤਾ।

# ਬਜਟ ਚੋਣਾਂ ਦੇ ਰੰਗ ਵਿੱਚ ਰੰਗਿਆ

## ਮਾਵਾਂ-ਧੀਆਂ ਸਤਿਕਾਰ ਯੋਜਨਾ ਐਲਾਨੀ



ਚਰਨਜੀਤ ਭੁੱਲਰ

ਚੰਡੀਗੜ੍ਹ : ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੰਜਾਬ ਵਿਧਾਨ ਸਭਾ ਵਿੱਚ ਵਿੱਤੀ ਵਰ੍ਹੇ 2026-27 ਦਾ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਪੰਜਵਾਂ ਬਜਟ ਪੇਸ਼ ਕਰ ਕੇ ਮਹਿਲਾਵਾਂ ਨੂੰ ਤੋਹਫ਼ਾ ਦਿੱਤਾ ਹੈ। 'ਆਪ' ਸਰਕਾਰ ਨੇ ਆਪਣੇ ਅਖ਼ੀਰਲੇ ਤੇ ਪੰਜਵੇਂ ਬਜਟ ਵਿੱਚ ਪੰਜਵੀਂ ਗਾਰੰਟੀ ਨੂੰ ਪੂਰਾ ਕਰ ਕੇ ਪੇਸ਼ ਕੀਤੇ ਬਜਟ ਨੂੰ 'ਗਾਰੰਟੀਆਂ ਪੂਰੀਆਂ ਕਰਨ ਦਾ ਵਾਲਾ ਬਜਟ' ਕਰਾਰ ਦਿੱਤਾ। ਅੱਜ ਦਾ ਬਜਟ ਚੋਣਾਂ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। 'ਔਰਤਾਂ ਤੇ ਦਲਿਤਾਂ' ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਗਿਆ। ਪੰਜਾਬ ਬਜਟ ਵਿੱਚ ਅੱਜ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ ਅਤੇ ਕੋਈ ਨਵੇਂ ਵੱਡੇ ਪ੍ਰਾਜੈਕਟ ਵੀ ਨਹੀਂ ਐਲਾਨੇ ਗਏ। ਵਿੱਤ ਮੰਤਰੀ ਚੀਮਾ ਨੇ ਅੱਜ ਬਜਟ ਇਜਲਾਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ 'ਚ ਵਿੱਤੀ ਵਰ੍ਹੇ 2026-27 ਲਈ 2,60,437 ਕਰੋੜ ਰੁਪਏ ਦੀ ਬਜਟ ਤਜਵੀਜ਼ ਪੇਸ਼ ਕੀਤੀ, ਜਿਸ 'ਚ ਜ਼ਿਆਦਾ ਧਿਆਨ ਰਿਆਇਤਾਂ 'ਤੇ ਰਿਹਾ। ਹੁਕਮਰਾਨ ਧਿਰ ਦੇ ਨਾਅਰਿਆਂ ਦਰਮਿਆਨ ਵਿੱਤ ਮੰਤਰੀ ਨੇ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਦਾ ਐਲਾਨ ਕੀਤਾ, ਜਿਸ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਅਤੇ ਦਲਿਤ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ।

ਇਸ ਸਕੀਮ ਲਈ ਵਿਸਾਖੀ ਦੇ ਸ਼ੁਭ ਦਿਹਾੜੇ ਤੋਂ ਔਰਤਾਂ ਦੀ ਰਜਿਸਟਰੇਸ਼ਨ ਸ਼ੁਰੂ ਹੋਵੇਗੀ। ਇਹ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖ਼ਾਤਿਆਂ 'ਚ ਟਰਾਂਸਫ਼ਰ ਕੀਤੀ ਜਾਣੀ ਹੈ। ਇਸ ਸਕੀਮ ਦੇ ਦਾਇਰੇ 'ਚੋਂ ਮੌਜੂਦਾ ਤੇ ਸਾਬਕਾ ਰੈਗੂਲਰ ਕਰਮਚਾਰੀਆਂ, ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ/ਵਿਧਾਇਕਾਂ ਤੋਂ ਇਲਾਵਾ ਆਮਦਨ ਕਰ ਭਰਨ ਵਾਲਿਆਂ ਨੂੰ ਬਾਹਰ ਰੱਖਿਆ ਗਿਆ ਹੈ। ਵਿੱਤ ਮੰਤਰੀ ਚੀਮਾ ਨੇ ਇਸ ਸਕੀਮ ਤਹਿਤ ਸੂਬੇ ਦੀਆਂ 97 ਫ਼ੀਸਦੀ ਔਰਤਾਂ ਨੂੰ ਕਵਰ ਕਰਨ ਦਾ ਦਾਅਵਾ ਕੀਤਾ। ਬੁਢਾਪਾ ਪੈਨਸ਼ਨ/ਵਿਧਵਾ/ਬੇਸਹਾਰਾ ਮਹਿਲਾ ਪੈਨਸ਼ਨ ਜਾਂ ਅੰਗਹੀਣ ਪੈਨਸ਼ਨ ਸਕੀਮ ਦਾ ਲਾਭ ਲੈਣ ਵਾਲੀਆਂ ਔਰਤਾਂ ਇਸ ਨਵੀਂ ਸਕੀਮ ਦਾ ਵੀ ਲਾਭ ਲੈਣ ਦੇ ਯੋਗ ਹੋਣਗੀਆਂ। ਬੇਸ਼ੱਕ ਵਿਰੋਧੀ ਧਿਰਾਂ ਵੱਲੋਂ ਔਰਤਾਂ ਨੂੰ ਪਿਛਲੇ ਚਾਰ ਸਾਲ ਦੇ ਬਕਾਏ ਦੇਣ ਦਾ ਮੁੱਦਾ ਚੁੱਕਿਆ ਗਿਆ ਹੈ ਪ੍ਰੰਤੂ ਪੰਜਾਬ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸਕੀਮ ਆਗਾਮੀ ਪਹਿਲੀ ਅਪਰੈਲ ਤੋਂ ਹੀ ਲਾਗੂ ਹੋਵੇਗੀ। ਔਰਤਾਂ ਲਈ ਮੁਫ਼ਤ ਬੱਸ ਸਫ਼ਰ ਲਈ ਵੀ 600 ਕਰੋੜ ਰੁਪਏ ਰੱਖੇ ਗਏ ਹਨ, ਜਦੋਂ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਲਈ 312 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਐਲਾਨੀ 'ਮੇਰੀ ਰਸੋਈ' ਯੋਜਨਾ, ਜਿਸ ਤਹਿਤ 40 ਲੱਖ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਦਿੱਤਾ ਜਾਣਾ ਹੈ, ਲਈ ਵੀ 900 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਵਿੱਤ ਮੰਤਰੀ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬਜਟ ਵਿੱਚ 'ਰੰਗਲਾ ਪੰਜਾਬ ਵਿਕਾਸ ਯੋਜਨਾ' ਦੀ ਰਾਸ਼ੀ 585 ਕਰੋੜ ਰੁਪਏ ਤੋਂ ਵਧਾ ਕੇ 1170 ਕਰੋੜ ਰੁਪਏ ਕਰਨ ਦਾ ਐਲਾਨ ਵੀ ਕੀਤਾ ਗਿਆ, ਜਿਸ ਤਹਿਤ ਹਰੇਕ ਵਿਧਾਇਕ ਨੂੰ 10 ਕਰੋੜ ਰੁਪਏ ਦਾ ਵਿਕਾਸ ਫ਼ੰਡ ਮਿਲੇਗਾ। ਬੇਸ਼ੱਕ ਪੰਜਾਬ ਬਜਟ 'ਚ ਸਰਕਾਰ ਨੇ ਬਿਜਲੀ ਸਬਸਿਡੀ ਦਾ ਬੋਝ ਘਟਾਉਣ ਦਾ ਦਾਅਵਾ ਕੀਤਾ ਹੈ ਪਰ ਰਿਆਇਤਾਂ ਦੇ ਬਜਟ ਅੱਗੇ ਇਹ ਰਾਸ਼ੀ ਕਾਫ਼ੀ ਛੋਟੀ ਜਾਪਦੀ ਹੈ। ਪ੍ਰਮੁੱਖ ਸੱਤ ਰਿਆਇਤੀ/ਮੁਫ਼ਤ ਸਕੀਮਾਂ 'ਤੇ ਸਰਕਾਰ ਸਾਲਾਨਾ 28,677 ਕਰੋੜ ਰੁਪਏ ਖ਼ਰਚੇਗੀ। 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ', ਮੁੱਖ ਮੰਤਰੀ ਸਿਹਤ ਯੋਜਨਾ, ਮੇਰੀ ਰਸੋਈ, ਮੁਫ਼ਤ ਬੱਸ ਸਫ਼ਰ, ਮੁੱਖ ਮੰਤਰੀ ਤੀਰਥ ਯਾਤਰਾ, ਖੇਡਾਂ ਅਤੇ ਯੁੱਧ ਨਸ਼ਿਆਂ ਵਿਰੁੱਧ ਸਕੀਮਾਂ ਪੰਜਾਬ ਦੇ ਬਜਟ 'ਚ ਤਰਜੀਹੀ ਹਨ। ਪੰਜਾਬ ਬਜਟ ਸੂਬਾ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਨਿਰਾਸ਼ ਕਰਨ ਵਾਲਾ ਰਿਹਾ, ਕਿਉਂਕਿ ਬਜਟ 'ਚ ਉਨ੍ਹਾਂ ਲਈ ਕੋਈ ਐਲਾਨ ਨਹੀਂ ਕੀਤਾ ਗਿਆ। ਸਿੱਖਿਆ ਕ੍ਰਾਂਤੀ 2.0 ਪਹਿਲਕਦਮੀ ਲਾਂਚ ਕਰਦਿਆਂ ਅਗਲੇ ਛੇ ਸਾਲਾਂ ਲਈ 3500 ਕਰੋੜ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ ਪ੍ਰੰਤੂ ਇਸ ਵਾਰ 'ਸਕੂਲ ਆਫ਼ ਐਮੀਨੈਂਸ' ਲਈ ਵੱਖਰਾ ਬਜਟ ਨਜ਼ਰ ਨਹੀਂ ਆਇਆ।

ਸੂਬੇ 'ਚ ਆਉਂਦੇ ਵਿੱਤੀ ਵਰ੍ਹੇ ਦੌਰਾਨ 143 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਅਤੇ 308 ਸਬਸਿਡਰੀ ਹੈਲਥ ਸੈਂਟਰਾਂ ਨੂੰ ਆਮ ਆਦਮੀ ਕਲੀਨਿਕਾਂ 'ਚ ਤਬਦੀਲ ਕੀਤਾ ਜਾਵੇਗਾ। ਬਜਟ 'ਚ ਸਿੱਖਿਆ ਲਈ 19,279 ਕਰੋੜ ਅਤੇ ਸਿਹਤ ਖੇਤਰ ਲਈ 6879 ਕਰੋੜ ਰੁਪਏ ਰੱਖੇ ਗਏ ਹਨ, ਜਦੋਂ ਕਿ ਖੇਤੀ ਤੇ ਸਹਾਇਕ ਖੇਤਰਾਂ ਲਈ 15,377 ਕਰੋੜ ਅਤੇ ਪੇਂਡੂ ਲਿੰਕ ਸੜਕਾਂ ਲਈ 7606 ਕਰੋੜ ਰੁਪਏ ਰੱਖੇ ਹਨ। ਗ੍ਰਹਿ, ਨਿਆਂ ਅਤੇ ਜੇਲ੍ਹਾਂ ਲਈ 11,577 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਵਿੱਤ ਮੰਤਰੀ ਨੇ ਆਉਂਦੇ ਵਰ੍ਹੇ 'ਚ ਛੇ ਹਜ਼ਾਰ ਖੇਡ ਮੈਦਾਨ ਅਤੇ ਪੰਜ ਹਜ਼ਾਰ ਇਨਡੋਰ ਜਿਮ ਸਥਾਪਤ ਕਰਨ ਦਾ ਐਲਾਨ ਵੀ ਕੀਤਾ। ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸੂਬਾ ਪੱਧਰ 'ਤੇ ਮਨਾਏਗੀ, ਜਿਸ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਪ੍ਰਬੰਧਕੀ ਕੰਪਲੈਕਸ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਬਜਟ 'ਚ ਨਵੀਆਂ 1279 ਬੱਸਾਂ ਪਾਉਣ ਦਾ ਐਲਾਨ ਵੀ ਕੀਤਾ ਹੈ। ਬਜਟ ਪ੍ਰਸਤਾਵ 'ਚ ਸਿੰਜਾਈ ਸਹੂਲਤਾਂ ਲਈ 2971 ਕਰੋੜ ਰੁਪਏ ਰੱਖੇ ਗਏ ਹਨ। ਬਜਟ 'ਚ ਸਰਕਾਰ ਨੇ ਖਣਨ ਤੋਂ ਆਮਦਨ 260 ਕਰੋੜ ਰੁਪਏ ਤੋਂ ਵਧ ਕੇ 500 ਕਰੋੜ ਰੁਪਏ ਹੋਣ ਦਾ ਜ਼ਿਕਰ ਵੀ ਕੀਤਾ ਹੈ। ਅੱਜ ਸਦਨ ਵਿੱਚ ਬਜਟ ਭਾਸ਼ਣ ਦੌਰਾਨ ਸਮੁੱਚੀ ਵਿਰੋਧੀ ਧਿਰ ਨੇ ਕਿਸੇ ਵੀ ਤਰ੍ਹਾਂ ਦਾ ਵਿਘਨ ਪਾਉਣ ਤੋਂ ਸੰਕੋਚ ਕੀਤਾ ਅਤੇ ਸਦਨ ਦੇ ਬਾਹਰ ਵਿਰੋਧੀ ਆਗੂਆਂ ਨੇ ਔਰਤਾਂ ਦੇ ਮਾਣਭੱਤੇ ਦੇ ਬਕਾਏ ਨਾ ਦੇਣ 'ਤੇ ਸਰਕਾਰ ਨੂੰ ਭੰਡਿਆ। ਬਜਟ ਵਿੱਚ 2026-27 ਦੌਰਾਨ ਸੂਬੇ ਦੀਆਂ ਮਾਲੀਆ ਪ੍ਰਾਪਤੀਆਂ 1,26,190.43 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ ਜੋ ਕਿ ਮੁੱਖ ਤੌਰ 'ਤੇ ਸੂਬੇ ਦੇ ਆਪਣੇ ਟੈਕਸ ਮਾਲੀਏ, ਗੈਰ-ਟੈਕਸ ਮਾਲੀਏ ਅਤੇ ਕੇਂਦਰੀ ਟੈਕਸਾਂ ਤੋਂ ਹਿੱਸੇ 'ਚ ਆਉਣਗੀਆਂ। ਮਾਲੀਆ ਖ਼ਰਚਾ 1,48,145.61 ਕਰੋੜ ਰੁਪਏ ਹੋਵੇਗਾ। ਬਜਟ 'ਚ ਕੁੱਲ ਮਾਲੀਆ ਘਾਟਾ 21955.18 ਕਰੋੜ ਰੁਪਏ ਹੈ ਜੋ ਕਿ ਮੌਜੂਦਾ ਵਿੱਤੀ ਵਰ੍ਹੇ ਦੇ ਘਾਟੇ ਨਾਲੋਂ ਘੱਟ ਹੈ। ਪੰਜਾਬ ਸਰਕਾਰ ਹਰੇਕ ਤਰ੍ਹਾਂ ਦੇ ਵਸੀਲਿਆਂ ਤੋਂ 52,197.03 ਕਰੋੜ ਰੁਪਏ ਦਾ ਕਰਜ਼ਾ ਲਵੇਗੀ। ਮਾਰਚ 2027 ਤੱਕ ਪੰਜਾਬ ਸਿਰ 4,47,754.78 ਕਰੋੜ ਰੁਪਏ ਦਾ ਕਰਜ਼ਾ ਚੜ੍ਹਨ ਦਾ ਅਨੁਮਾਨ ਹੈ।



ਪੰਜਾਬ ਸਰਕਾਰ ਬਜਟ ਅਨੁਮਾਨਾਂ ਅਨੁਸਾਰ ਤਨਖ਼ਾਹਾਂ ਦੀ ਅਦਾਇਗੀ 'ਤੇ 39115.04 ਕਰੋੜ, ਪੈਨਸ਼ਨਾਂ ਅਤੇ ਹੋਰ ਸੇਵਾਮੁਕਤੀ ਲਾਭਾਂ ਦੀ ਅਦਾਇਗੀ 'ਤੇ 22465.29 ਕਰੋੜ ਰੁਪਏ ਖ਼ਰਚ ਕਰੇਗੀ। ਬਜਟ ਵਿੱਚ ਸ਼ਹਿਰੀ ਖੇਤਰਾਂ ਲਈ ਨਗਰ ਵਿਕਾਸ ਫ਼ੰਡ ਚਾਰ ਗੁਣਾ ਵਧਾ ਕੇ ਇੱਕ ਹਜ਼ਾਰ ਕਰੋੜ ਰੁਪਏ ਕਰਨ ਦੀ ਯੋਜਨਾ ਹੈ। ਅੰਮ੍ਰਿਤਸਰ ਅਤੇ ਲੁਧਿਆਣਾ ਲਈ ਸ਼ਹਿਰੀ ਜਲ ਸੁਰੱਖਿਆ ਦੀ ਮਜ਼ਬੂਤੀ ਵਾਸਤੇ ਪੰਜਾਬ ਨਗਰ ਸੇਵਾਵਾਂ ਸੁਧਾਰ ਪ੍ਰਾਜੈਕਟ ਤਹਿਤ 500 ਕਰੋੜ ਰੁਪਏ ਰੱਖੇ ਗਏ ਹਨ। 149 ਸ਼ਹਿਰੀ ਸਥਾਨਕ ਸੰਸਥਾਵਾਂ ਲਈ 665 ਕਰੋੜ ਰੁਪਏ ਤਜਵੀਜ਼ਤ ਕੀਤੇ ਗਏ ਹਨ।

### ਕੁੱਲ ਮਾਲੀਏ ਦਾ 8.72 ਫ਼ੀਸਦੀ ਹੀ ਵਿਕਾਸ 'ਤੇ ਖ਼ਰਚਣ ਲਈ ਬਚੇਗਾ

ਪੰਜਾਬ ਸਰਕਾਰ ਕੋਲ ਵਿੱਤੀ ਵਰ੍ਹੇ 2026-27 'ਚ ਕੁੱਲ ਮਾਲੀਆ ਪ੍ਰਾਪਤੀਆਂ ਦਾ ਸਿਰਫ਼ 8.72 ਫ਼ੀਸਦ ਪੈਸਾ ਹੀ ਵਿਕਾਸ 'ਤੇ ਖ਼ਰਚਣ ਲਈ ਬਚੇਗਾ, ਜਦੋਂ ਕਿ 91.28 ਫ਼ੀਸਦੀ ਖਰਚਾ ਪ੍ਰਤੀਬੱਧ ਦੇਣਦਾਰੀ ਹੋਵੇਗਾ। ਪੰਜਾਬ ਸਰਕਾਰ ਦੀਆਂ ਇਨ੍ਹਾਂ ਪ੍ਰਤੀਬੱਧ ਦੇਣਦਾਰੀਆਂ ਬਦਲੇ ਵਿੱਤੀ ਵਰ੍ਹੇ 2026-27 ਲਈ 1,26,190.43 ਕਰੋੜ ਰੁਪਏ ਦੀਆਂ ਕੁੱਲ ਮਾਲੀਆ ਪ੍ਰਾਪਤੀਆਂ ਵਿੱਚੋਂ, 1,15,185.40 ਕਰੋੜ ਰੁਪਏ ਦੀ ਰਕਮ ਚਲੀ ਜਾਵੇਗੀ। ਸੂਬਾ ਸਰਕਾਰ ਕੋਲ ਸਿਰਫ਼ 11,005.03 ਕਰੋੜ ਰੁਪਏ ਹੀ ਬਚਣਗੇ। ਪੰਜਾਬ ਸਰਕਾਰ ਨੂੰ ਮਾਲੀਆ ਪ੍ਰਾਪਤੀਆਂ ਦੀ 8.72 ਫ਼ੀਸਦ ਰਾਸ਼ੀ ਨਾਲ ਹੀ ਸਿੱਖਿਆ, ਸਿਹਤ, ਸਿੰਜਾਈ, ਸੜਕਾਂ ਦੀ ਉਸਾਰੀ, ਖੇਡਾਂ, ਸ਼ਹਿਰੀ ਅਤੇ ਪੇਂਡੂ ਬੁਨਿਆਦੀ ਢਾਂਚੇ 'ਤੇ ਖ਼ਰਚਾ ਕਰਨਾ ਪਵੇਗਾ। ਦੋ ਪ੍ਰਮੁੱਖ ਯੋਜਨਾਵਾਂ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਅਤੇ 'ਯੁੱਧ ਨਸ਼ਿਆਂ ਵਿਰੁੱਧ' ਲਈ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਵੀ ਇਸੇ ਰਾਸ਼ੀ 'ਚੋਂ ਖ਼ਰਚ ਕਰਨਾ ਹੋਵੇਗਾ।

### ਪੰਜਾਬ ਸਿਰ ਕਰਜ਼ਾ 4.47 ਲੱਖ ਕਰੋੜ ਹੋਣ ਦਾ ਅਨੁਮਾਨ

ਪੰਜਾਬ ਸਰਕਾਰ ਦੇ ਚਾਰ ਵਰ੍ਹਿਆਂ ਦੇ ਦਾਅਵਿਆਂ ਦੇ ਬਾਵਜੂਦ 31 ਮਾਰਚ 2027 ਤੱਕ ਪੰਜਾਬ ਸਿਰ ਕੁੱਲ ਕਰਜ਼ਾ 4.47 ਲੱਖ ਕਰੋੜ ਰੁਪਏ ਤੱਕ ਵਧਣ ਦਾ ਅਨੁਮਾਨ ਹੈ। ਵਿੱਤੀ ਵਰ੍ਹੇ 2026-27 ਦੌਰਾਨ ਸਰਕਾਰ ਵੱਲੋਂ ਹਰ ਤਰ੍ਹਾਂ ਦਾ 52197.03 ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦਾ ਅਨੁਮਾਨ ਹੈ। ਆਉਂਦੇ ਵਿੱਤੀ ਵਰ੍ਹੇ ਵਿੱਚ ਕਰਜ਼ਾ ਜੀ ਐੱਸ ਡੀ ਪੀ ਅਨੁਪਾਤ 45.13 ਫ਼ੀਸਦ ਹੋਣ ਦਾ ਅਨੁਮਾਨ ਹੈ ਅਤੇ ਚਾਲੂ ਵਿੱਤੀ ਵਰ੍ਹੇ ਦੌਰਾਨ ਵੀ ਲਗਪਗ ਇਹੋ ਰਿਹਾ ਸੀ। 2021-2022 ਵਿੱਚ ਕਰਜ਼ਾ ਜੀ ਐੱਸ ਡੀ ਪੀ ਅਨੁਪਾਤ 41.62 ਫ਼ੀਸਦ ਸੀ ਅਤੇ ਹੁਣ ਇਹ 45.16 ਫ਼ੀਸਦ ਹੈ। ਦੇਖਿਆ ਜਾਵੇ ਤਾਂ ਸੂਬੇ ਦਾ ਕੁੱਲ ਕਰਜ਼ਾ ਇਸ ਦੇ ਆਰਥਿਕ ਉਤਪਾਦਨ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ। ਅੱਜ ਪੇਸ਼ ਕੀਤੇ ਬਜਟ ਵਿੱਚ ਬੇਸ਼ੱਕ ਸੂਬੇ ਦੀ ਜੀ ਐੱਸ ਡੀ ਪੀ ਵਿਕਾਸ ਦਰ ਲਗਪਗ ਕੌਮੀ ਵਿਕਾਸ ਦਰ ਦੇ ਬਰਾਬਰ ਹੈ ਪ੍ਰੰਤੂ ਪਿਛਲੇ ਪੰਜ ਸਾਲਾਂ ਵਿੱਚ ਇਹ ਸਭ ਤੋਂ ਘੱਟ ਰਹੀ ਹੈ। ਵਿਕਾਸ ਦਰ 2021-22 ਵਿੱਚ 16.0 ਫ਼ੀਸਦ ਤੇ 2022-23 ਵਿੱਚ 8.38 ਫ਼ੀਸਦ ਸੀ। 2023-24 ਵਿੱਚ ਇਹ ਵਧ ਕੇ 11.36 ਫ਼ੀਸਦ ਹੋ ਗਈ। 2024-25 ਵਿੱਚ ਇਹ 9.02 ਫ਼ੀਸਦ ਅਤੇ ਮੌਜੂਦਾ ਵਿੱਤੀ ਵਰ੍ਹੇ ਵਿੱਚ 7.94 ਫ਼ੀਸਦ ਹੋ ਗਈ।

### ਰਿਆਇੰਤਾਂ ਦੇ ਗੱਫੇ : ਇੱਕ ਨਜ਼ਰ

ਮਾਵਾਂ-ਧੀਆਂ ਸਤਿਕਾਰ ਯੋਜਨਾ : 9300 ਕਰੋੜ
ਮੁਫ਼ਤ ਬੱਸ ਸਫ਼ਰ ਯੋਜਨਾ: 600 ਕਰੋੜ
ਮੁੱਖ ਮੰਤਰੀ ਤੀਰਥ ਯਾਤਰਾ : 312 ਕਰੋੜ
ਬਿਜਲੀ ਸਬਸਿਡੀ (ਸਣੇ ਜ਼ੀਰੋ ਬਿੱਲ): 15,550 ਕਰੋੜ
ਮੁੱਖ ਮੰਤਰੀ ਸਿਹਤ ਯੋਜਨਾ: 2000 ਕਰੋੜ
ਬੁਢਾਪਾ, ਵਿਧਵਾ, ਅੰਗਹੀਣ ਆਦਿ ਪੈਨਸ਼ਨਾਂ : 6150 ਕਰੋੜ
ਆਸ਼ੀਰਵਾਦ ਸਕੀਮ: 360 ਕਰੋੜ
ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ : 261 ਕਰੋੜ
ਨਵੀਂ ਦਿਸ਼ਾ ਯੋਜਨਾ (ਮੁਫ਼ਤ ਸੈਨੇਟਰੀ ਪੈਡ): 65 ਕਰੋੜ

### ਪੈਸਾ ਕਿੱਥੋਂ ਆਏਗਾ

ਟੈਕਸਾਂ ਤੋਂ ਆਮਦਨ : 70,850.79 ਕਰੋੜ
ਸਰਕਾਰੀ ਰਿਣ ਤੋਂ ਪ੍ਰਾਪਤੀਆਂ: 52197.03 ਕਰੋੜ
ਕੇਂਦਰੀ ਟੈਕਸਾਂ 'ਚੋਂ ਹਿੱਸੇਦਾਰੀ : 30464.05 ਕਰੋੜ
ਕੇਂਦਰ ਤੋਂ ਗ੍ਰਾਂਟਾਂ : 9188.94 ਕਰੋੜ
ਆਪਣੇ ਗ਼ੈਰ-ਟੈਕਸਾਂ ਤੋਂ ਆਮਦਨ : 15686.65 ਕਰੋੜ

### ਪੈਸਾ ਕਿੱਥੋਂ ਜਾਏਗਾ

ਤਨਖ਼ਾਹ ਤੇ ਉਜਰਤਾਂ : 39115.04 ਕਰੋੜ
ਪੈਨਸ਼ਨਾਂ ਤੇ ਹੋਰ ਸੇਵਾਮੁਕਤੀ ਲਾਭ : 22465.29 ਕਰੋੜ
ਵਿਆਜ ਅਦਾਇਗੀਆਂ : 28755.07 ਕਰੋੜ
ਹੋਰ ਮਾਲੀਆ ਖ਼ਰਚੇ : 57810.21 ਕਰੋੜ
ਬਿਜਲੀ ਸਬਸਿਡੀ : 15500 ਕਰੋੜ

### ਜਿਨ੍ਹਾਂ ਦੀ ਅਣਦੇਖੀ ਹੋਈ

ਮਾਲਵਾ ਨਹਿਰ ਲਈ ਕੋਈ ਬਜਟ ਨਹੀਂ
ਬੁਢਾਪਾ ਪੈਨਸ਼ਨ 'ਚ ਕੋਈ ਵਾਧਾ ਨਹੀਂ
ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਹੱਥ ਖ਼ਾਲੀ
ਪੰਜਾਬੀ ਭਾਸ਼ਾ ਦੇ ਵਿਕਾਸ ਦਾ ਜ਼ਿਕਰ ਨਹੀਂ
ਫ਼ਸਲੀ ਬੀਮਾ ਯੋਜਨਾ ਬਾਰੇ ਚੁੱਪ
ਖੇਤੀ ਨੀਤੀ ਨਜ਼ਰਅੰਦਾਜ਼
ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੋਈ ਰਾਹਤ ਨਹੀਂ
ਆਸ਼ੀਰਵਾਦ ਸਕੀਮ 'ਚ ਵਾਧਾ ਨਹੀਂ
ਫ਼ਸਲੀ ਵੰਨ-ਸੁਵੰਨਤਾ ਲਈ ਵਿਸ਼ੇਸ਼ ਪ੍ਰੋਗਰਾਮ ਤੋਂ ਕਿਨਾਰਾ






CANADIAN TRUCK TRAINING CENTRE
ਤਸੱਲੀਬਕਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਵਿਧਾਨ ਸਭਾ 'ਚ ਮੈਡੀਕਲ ਕਾਲਜਾਂ ਦੇ ਮਸਲੇ 'ਤੇ ਹੰਗਾਮਾ



ਪੰਜਾਬ ਵਿਧਾਨ ਸਭਾ ਵਿਚ ਬਜਟ ਇਜਲਾਸ ਦੇ ਚੌਥੇ ਦਿਨ ਪ੍ਰਸ਼ਨ ਕਾਲ ਦੌਰਾਨ ਮੈਡੀਕਲ ਕਾਲਜਾਂ ਦੇ ਮੁੱਦੇ 'ਤੇ ਜ਼ੋਰਦਾਰ ਹੰਗਾਮਾ ਹੋਇਆ। ਇਸ ਮੌਕੇ ਸੱਤਾਧਾਰੀ ਧਿਰ 'ਆਪ' ਅਤੇ ਵਿਰੋਧੀ ਧਿਰ ਕਾਂਗਰਸ ਦੇ ਵਿਧਾਇਕਾਂ ਨੇ ਇਕ ਦੂਜੇ 'ਤੇ ਦੂਸ਼ਣਬਾਜ਼ੀ ਕੀਤੀ ਅਤੇ ਦੋਵਾਂ ਧਿਰਾਂ ਦੇ ਵਿਧਾਇਕ ਦੂਸ਼ਣਬਾਜ਼ੀ ਕਰਦਿਆਂ ਸਪੀਕਰ ਦੀ ਸੀਟ ਤੱਕ ਪਹੁੰਚ ਗਏ। ਮਾਹੌਲ ਨੂੰ ਭਖਦਾ ਦੇਖਦਿਆਂ ਸਪੀਕਰ ਨੇ ਸਾਰਿਆਂ ਨੂੰ ਸ਼ਾਂਤ ਕਰਵਾ ਕੇ ਬਿਠਾਇਆ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਸੂਬੇ ਵਿੱਚ ਮਾਰਚ 2022 ਤੋਂ ਹੁਣ ਤੱਕ ਖੋਲ੍ਹੇ ਗਏ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੀ ਗਿਣਤੀ ਅਤੇ ਉਸ ਦੇ ਵੇਰਵੇ ਮੰਗੇ। ਇਸ ਦਾ ਜਵਾਬ ਦਿੰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਤੇ ਅਕਾਲੀ ਦਲ-ਭਾਜਪਾ ਦੀ ਸਰਕਾਰ ਨੇ 40 ਸਾਲਾਂ ਵਿੱਚ, ਜੋ ਨਹੀਂ ਕੀਤਾ, ਉਹ 'ਆਪ' 4 ਸਾਲਾਂ ਵਿੱਚ ਕਰਕੇ ਦਿਖਾਇਆ ਹੈ। ਸਾਲ 2024 ਵਿੱਚ ਮੰਡੀ ਗੋਬਿੰਦਗੜ੍ਹ ਵਿੱਚ ਕਾਲਜ ਬਣ ਗਿਆ ਸੀ, ਜਿੱਥੇ 50-50 ਸੀਟਾਂ ਦੇ ਦੋ ਬੈਚ ਸ਼ੁਰੂ ਹੋ ਚੁੱਕੇ ਹਨ। ਇਸੇ ਤਰ੍ਹਾਂ ਲੁਧਿਆਣਾ 'ਚ ਈ ਐੱਸ ਆਈ ਹਸਪਤਾਲ ਵਿੱਚ ਦਾਖਲੇ ਸ਼ੁਰੂ ਹੋ ਗਏ ਹਨ। ਹੁਸ਼ਿਆਰਪੁਰ ਵਿੱਚ 274 ਕਰੋੜ ਰੁਪਏ ਦੀ ਲਾਗਤ ਨਾਲ 20 ਮਾਰਚ ਤੋਂ ਸਰਕਾਰੀ ਕਾਲਜ ਬਣਨਾ ਸ਼ੁਰੂ ਹੋ ਜਾਵੇਗਾ ਅਤੇ ਕਪੂਰਥਲਾ ਵਿੱਚ 296 ਕਰੋੜ ਰੁਪਏ ਦੀ ਲਾਗਤ ਨਾਲ ਮੈਡੀਕਲ ਕਾਲਜ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸੰਗਰੂਰ, ਨਵਾਂ ਸ਼ਹਿਰ 'ਚ ਕਾਲਜ ਬਣਾਉਣ ਲਈ ਜੂਨ ਤੱਕ ਪ੍ਰੀਕਿਰਿਆ ਪੂਰੀ ਹੋ ਜਾਵੇਗੀ। ਲੁਧਿਆਣਾ ਵਿੱਚ ਜੇ ਆਈ ਐੱਸ, ਲਹਿਰਾਗਾਗਾ ਵਿਖੇ ਜੈਨ ਭਾਈਚਾਰੇ ਅਤੇ ਮਾਲੇਰਕੋਟਲਾ 'ਚ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਖੋਲ੍ਹਿਆ ਜਾ ਰਿਹਾ ਹੈ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਿਹਤ ਮੰਤਰੀ ਦੇ ਜਵਾਬ ਦਾ ਵਿਰੋਧ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨੇ ਪਹਿਲੇ ਬਜਟ ਵਿੱਚ ਸੂਬੇ 'ਚ 16 ਸਰਕਾਰੀ ਮੈਡੀਕਲ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਸੀ। ਇਸ ਵਿੱਚੋਂ 11 ਲਈ ਸੂਬਾ ਸਰਕਾਰ ਨੇ ਜ਼ਮੀਨ ਵੀ ਅਲਾਟ ਨਹੀਂ ਕੀਤੀ। ਇਸੇ ਲਈ ਸਰਕਾਰ ਪ੍ਰਾਈਵੇਟ ਕਾਲਜਾਂ ਨੂੰ ਮਿਲਾ ਕੇ ਅੰਕੜੇ ਪੇਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਮਾਲ ਮਾਲਕਾਂ ਦਾ ਤੇ ਮਸ਼ਹੂਰੀ ਕੰਪਨੀ ਦੀ'। ਇਸ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਖੜ੍ਹੇ ਹੋ ਕੇ ਜਵਾਬ ਦੇਣ ਲੱਗੇ ਤਾਂ ਪ੍ਰਤਾਪ ਸਿੰਘ ਬਾਜਵਾ ਨੇ ਅਮਨ ਅਰੋੜਾ ਵੱਲੋਂ ਜਵਾਬ ਦੇਣ ਦਾ ਵਿਰੋਧ ਕੀਤਾ। ਬਾਜਵਾ ਨੇ ਕਿਹਾ ਕਿ ਸਬੰਧਤ ਮੰਤਰੀ ਤੋਂ ਇਲਾਵਾ ਬੋਲਣ ਦਾ ਅਧਿਕਾਰ ਮੁੱਖ ਮੰਤਰੀ ਕੋਲ ਹੈ ਪਰ ਅਮਨ ਅਰੋੜਾ ਕੋਲ ਬੋਲਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਨੂੰ ਲੈ ਕੇ ਕਾਂਗਰਸ ਅਤੇ 'ਆਪ' ਦੇ ਵਿਧਾਇਕਾਂ ਵਿੱਚ ਬਹਿਸ ਸ਼ੁਰੂ ਹੋ ਗਈ।

ਇਸੇ ਹੰਗਾਮੇ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ ਵਿੱਚ ਆਉਂਦਿਆਂ ਹੀ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਗਾਲ ਕੱਢਣ ਦੇ ਦੋਸ਼ ਲਗਾਏ ਅਤੇ ਬਾਜਵਾ ਨੂੰ ਮੁਆਫ਼ੀ ਮੰਗਣ ਲਈ ਕਿਹਾ। ਵਿਧਾਨ ਸਭਾ ਵਿੱਚ ਮਾਹੌਲ ਟਕਰਾਅ ਵਾਲਾ ਬਣ ਗਿਆ। ਇਸ ਮੌਕੇ 'ਆਪ' ਤੇ ਕਾਂਗਰਸ ਦੇ ਵਿਧਾਇਕ ਇਕੱਠੇ ਹੋ ਕੇ ਸਪੀਕਰ ਦੀ ਕੁਰਸੀ ਵੱਲ ਵਧਣ ਲੱਗੇ। ਅਖੀਰ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਾਰਿਆਂ ਨੂੰ ਸ਼ਾਂਤ ਕਰਵਾਇਆ।

## ਵਿਧਾਨ ਸਭਾ 'ਚ ਭਾਰਤ-ਅਮਰੀਕਾ ਵਪਾਰ ਸਮਝੌਤੇ ਖ਼ਿਲਾਫ਼ ਮਤਾ ਪਾਸ



ਪੰਜਾਬ ਵਿਧਾਨ ਸਭਾ ਨੇ ਅੱਜ ਸਰਬਸੰਮਤੀ ਨਾਲ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਨਿੰਦਾ ਮਤਾ ਪਾਸ ਕਰ ਦਿੱਤਾ। ਇਸ ਮੌਕੇ ਭਾਜਪਾ ਦੇ ਵਿਧਾਇਕ ਗੈਰਹਾਜ਼ਰ ਰਹੇ ਜਦਕਿ ਵਿਰੋਧੀ ਧਿਰ ਕਾਂਗਰਸ ਤੋਂ ਇਲਾਵਾ ਬਾਕੀ ਸਿਆਸੀ ਧਿਰਾਂ ਨੇ ਮਤੇ ਦੀ ਹਮਾਇਤ ਕੀਤੀ। ਪੰਜਾਬ ਇਸ ਸਮਝੌਤੇ ਖ਼ਿਲਾਫ਼ ਨਿੰਦਾ ਮਤਾ ਪਾਸ ਕਰਨ ਵਾਲਾ ਦੇਸ਼ ਦਾ ਪਹਿਲਾ ਗੈਰ-ਭਾਜਪਾ ਸ਼ਾਸਿਤ ਸੂਬਾ ਬਣ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸਮਝੌਤੇ ਨੂੰ ਪੰਜਾਬ ਲਈ ਸਭ ਤੋਂ ਵੱਧ ਮਾਰੂ ਦੱਸਿਆ। ਉਨ੍ਹਾਂ ਮੰਗ ਕੀਤੀ ਕਿ ਇਸ ਪ੍ਰਸਤਾਵਿਤ ਸਮਝੌਤੇ ਦੇ ਦਾਇਰੇ 'ਚੋਂ ਖੇਤੀ ਖੇਤਰ ਨੂੰ ਬਾਹਰ ਰੱਖਿਆ ਜਾਵੇ।

ਮੁੱਖ ਮੰਤਰੀ ਮਾਨ ਨੇ ਇਸ ਸਮਝੌਤੇ ਦੇ ਹਵਾਲੇ ਨਾਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਸਿਆਸੀ ਹੱਲੇ ਬੋਲੇ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਸਦਨ 'ਚ ਇਸ ਪ੍ਰਸਤਾਵਿਤ ਸਮਝੌਤੇ ਖ਼ਿਲਾਫ਼ ਨਿੰਦਾ ਮਤਾ ਪੇਸ਼ ਕੀਤਾ ਜਿਸ ਦੀ ਪ੍ਰੋੜ੍ਹਤਾ ਹਾਕਮ ਤੇ ਵਿਰੋਧੀ ਧਿਰ ਨੇ ਇੱਕੋ ਸੁਰ 'ਚ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਸਤਾਵਿਤ ਮਤੇ 'ਤੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਪੰਜਾਬ ਨੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ 'ਚ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ, ਜਿਸ ਦੇ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਿਛਾਂਹ ਹਟਣਾ ਪਿਆ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਜੀ ਐੱਸ ਟੀ, ਪੇਂਡੂ ਵਿਕਾਸ ਫ਼ੰਡ ਅਤੇ ਕੌਮੀ ਸਿਹਤ ਮਿਸ਼ਨ ਦੇ ਬਕਾਏ ਰੋਕ ਕੇ ਰੱਖੇ ਗਏ ਹਨ। ਮਾਨ ਨੇ ਕਿਹਾ ਕਿ ਪ੍ਰਸਤਾਵਿਤ ਸਮਝੌਤਾ ਖੇਤੀ ਸੈਕਟਰ ਲਈ ਤਿੰਨ ਕਾਲੇ ਕਾਨੂੰਨਾਂ ਨਾਲੋਂ ਵੱਧ ਖ਼ਤਰਨਾਕ ਹੈ। ਇਸ ਤੋਂ ਪਹਿਲਾਂ ਬਹਿਸ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਪ੍ਰਸਤਾਵਿਤ ਸਮਝੌਤੇ ਨੂੰ ਅਨਾਜ ਅਤੇ ਬੀਜ ਖ਼ੁਦਮੁਖ਼ਤਾਰੀ 'ਤੇ ਹਮਲਾ ਦੱਸਿਆ। 'ਆਪ' ਦੇ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਦੇਸ਼ ਨੂੰ ਅਮਰੀਕਾ ਕੋਲ ਗਹਿਣੇ ਰੱਖ ਦਿੱਤਾ ਹੈ। ਵਿਧਾਇਕ ਗੁਰਪ੍ਰੀਤ ਵਣਾਂਵਾਲੀ ਨੇ ਕਿਹਾ ਕਿ ਅਮਰੀਕਾ 'ਚੋਂ ਆਉਣ ਵਾਲੇ ਬੀਜਾਂ ਨਾਲ ਦੇਸੀ ਬੀਜਾਂ ਨੂੰ ਸੱਟ ਵੱਜੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਫੂਡ ਪ੍ਰੋਸੈਸਿੰਗ ਸਨਅਤ ਨੂੰ ਢਾਹ ਲੱਗੇਗੀ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਬਹਿਸ ਦੌਰਾਨ ਕਿਹਾ ਕਿ ਪ੍ਰਸਤਾਵਿਤ ਸਮਝੌਤਾ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਕਮਜ਼ੋਰ ਕਰ ਸਕਦਾ ਹੈ। ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਭਾਰਤੀ ਅਤੇ ਅਮਰੀਕੀ ਖੇਤੀਬਾੜੀ ਵਿੱਚ ਬਹੁਤ ਵੱਡਾ ਅੰਤਰ ਹੈ। ਉਨ੍ਹਾਂ ਕਪਾਹ 'ਤੇ 11 ਪ੍ਰਤੀਸ਼ਤ ਡਿਊਟੀ ਘਟਾਉਣ ਦਾ ਮੁੱਦਾ ਵੀ ਉਠਾਇਆ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਖੇਤੀ ਤੇ ਡੇਅਰੀ ਸੈਕਟਰ ਨੂੰ ਨਵਾਂ ਸਮਝੌਤਾ ਤਬਾਹ ਕਰ ਦੇਵੇਗਾ। ਬਹਿਸ 'ਚ ਵਿਧਾਇਕ ਰਾਣਾ ਗੁਰਜੀਤ ਸਿੰਘ, ਦਿਨੇਸ਼ ਚੱਢਾ, ਸ਼ੈਰੀ ਕਲਸੀ, ਨਰਿੰਦਰਪਾਲ ਸਾਵਨਾ, ਜਗਦੀਪ ਸਿੰਘ ਗੋਲਡੀ ਕੰਬੋਜ ਆਦਿ ਨੇ ਵੀ ਹਿੱਸਾ ਲਿਆ।

## ਸੁਖਜਿੰਦਰ ਸਿੰਘ ਰੰਧਾਵਾ ਨੇ CM ਮਾਨ ਨੂੰ ਮਹਿਲਾ ਦਿਵਸ 'ਤੇ ਦਿੱਤੇ ਬਿਆਨ 'ਤੇ ਘੇਰਿਆ



ਚੰਡੀਗੜ੍ਹ: ਕਾਂਗਰਸ ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਹਾਲੀਆ ਬਿਆਨ ਦੀ ਕੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਟਿੱਪਣੀਆਂ ਨਾਲ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਗੱਲ ਹੈ ਕਿ ਇਸ ਤਰ੍ਹਾਂ ਦੇ ਅਪਮਾਨਜਨਕ ਸ਼ਬਦ ਇੱਕ ਜਨਤਕ ਮੰਚ ਤੋਂ ਬੋਲੇ ਗਏ, ਉਹ ਵੀ ਉਸ ਦਿਨ ਜਦੋਂ ਸਮਾਜ ਵਿੱਚ ਮਹਿਲਾਵਾਂ ਦੀ ਮਰਯਾਦਾ, ਤਾਕਤ ਅਤੇ ਯੋਗਦਾਨ ਦਾ ਸਨਮਾਨ ਕੀਤਾ ਜਾਂਦਾ ਹੈ। ਮੁੱਖ ਮੰਤਰੀ ਕੋਲ ਇੱਕ ਕਾਲਜ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਨ ਅਤੇ ਸਨਮਾਨ, ਸਮਾਨਤਾ ਤੇ ਸਸ਼ਕਤੀਕਰਨ ਦੇ ਆਦਰਸ਼ਾਂ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਸੀ, ਪਰ ਉਨ੍ਹਾਂ ਦੀਆਂ ਟਿੱਪਣੀਆਂ ਨਾਲ ਲੋਕਾਂ ਵਿੱਚ ਵਿਆਪਕ ਨਿਰਾਸ਼ਾ ਅਤੇ ਰੋਸ ਪੈਦਾ ਹੋਇਆ ਹੈ।

ਪੰਜਾਬ ਆਪਣੀ ਸਮ੍ਰਿੱਧ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਲਈ ਜਾਣਿਆ ਜਾਂਦਾ ਹੈ, ਜਿੱਥੇ ਆਪਸੀ ਸਨਮਾਨ ਅਤੇ ਸਾਂਝ ਸਦਾ ਹੀ ਸਾਡੇ ਸਮਾਜ ਦੇ ਮਾਰਗਦਰਸ਼ਕ ਸਿਧਾਂਤ ਰਹੇ ਹਨ। ਕੋਈ ਵੀ ਐਸਾ ਬਿਆਨ ਜੋ ਧਾਰਮਿਕ ਆਸਥਾਵਾਂ ਨੂੰ ਕਮਜ਼ੋਰ ਕਰੇ ਜਾਂ ਉਨ੍ਹਾਂ ਦਾ ਅਨਾਦਰ ਕਰੇ, ਕਤਈ ਸਵੀਕਾਰਯੋਗ ਨਹੀਂ ਹੈ ਅਤੇ ਇਹ ਪੰਜਾਬ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ। ਮੁੱਖ ਮੰਤਰੀ ਤੁਰੰਤ ਆਪਣੇ ਬਿਆਨ ਨੂੰ ਸਪਸ਼ਟ ਕਰਨ ਅਤੇ ਬਿਨਾ ਸ਼ਰਤ ਮਾਫ਼ੀ ਮੰਗਣ।

ਜਨ ਪ੍ਰਤੀਨਿਧੀਆਂ ਨੂੰ ਨਾਗਰਿਕਾਂ, ਖ਼ਾਸ ਕਰਕੇ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਸੰਬੋਧਨ ਕਰਦੇ ਸਮੇਂ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਾ ਪਰਚਾ ਦੇਣਾ ਚਾਹੀਦਾ ਹੈ। ਐਸੇ ਸਮੇਂ ਵਿੱਚ ਜਦੋਂ ਸਮਾਜ ਨੇਤ੍ਰਿਤਵ ਤੋਂ ਏਕਤਾ ਅਤੇ ਸਨਮਾਨ ਨੂੰ ਬਢਾਵਾ ਦੇਣ ਦੀ ਉਮੀਦ ਕਰਦਾ ਹੈ, ਇਸ ਤਰ੍ਹਾਂ ਦੀਆਂ ਟਿੱਪਣੀਆਂ ਸਿਰਫ਼ ਬਿਨਾਂ ਲੋੜ ਦੇ ਵਿਵਾਦ ਪੈਦਾ ਕਰਦੀਆਂ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਨੇਤਾਵਾਂ ਨੂੰ ਉਦਾਹਰਨ ਕਾਇਮ ਕਰਦੇ ਹੋਏ ਉਹਨਾਂ ਮੁੱਲਾਂ ਨੂੰ ਕਾਇਮ ਰੱਖਣਾ ਚਾਹੀਦਾ ਹੈ ਜੋ ਸਾਡੇ ਸਮਾਜ ਨੂੰ ਇਕੱਠਾ ਜੋੜ ਕੇ ਰੱਖਦੇ ਹਨ।

## ਔਰਤਾਂ ਦਾ ਅਪਮਾਨ ਮੁੱਖ ਮੰਤਰੀ ਮਾਨ ਨੇ ਕੀਤਾ: ਬਾਜਵਾ



ਪੰਜਾਬ ਵਿਧਾਨ ਸਭਾ ਵਿੱਚੋਂ ਵਾਕਆਊਟ ਕਰਨ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ 'ਤੇ ਤਿੱਖੇ ਸਿਆਸੀ ਹਮਲੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਸਦਨ ਦੇ ਅੰਦਰ ਜਾਂ ਬਾਹਰ ਕਿਸੇ ਨੂੰ ਵੀ ਸੱਚ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਬਾਜਵਾ ਨੇ ਕਿਹਾ ਕਿ ਸੁਖਪਾਲ ਖਹਿਰਾ 'ਤੇ ਔਰਤਾਂ ਦੇ ਅਪਮਾਨ ਦੇ ਦੋਸ਼ ਲਗਾਉਣਾ ਗਲਤ ਹੈ, ਕਿਉਂਕਿ ਅਸਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਔਰਤ ਦਿਵਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਔਰਤਾਂ ਲਈ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਕਾਂਗਰਸ ਨੇ ਇਸ ਸਬੰਧੀ ਮਹਿਲਾ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਜੇਕਰ ਕਾਰਵਾਈ ਨਾ ਹੋਈ ਤਾਂ ਉਹ ਕੇਂਦਰੀ ਮਹਿਲਾ ਕਮਿਸ਼ਨ ਤੱਕ ਪਹੁੰਚ ਕਰਨਗੇ।

ਪੰਜਾਬ ਵਿਧਾਨ ਸਭਾ ਵਿੱਚੋਂ ਵਾਕਆਊਟ ਕਰਨ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ 'ਤੇ ਤਿੱਖੇ ਸਿਆਸੀ ਹਮਲੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਸਦਨ ਦੇ ਅੰਦਰ ਜਾਂ ਬਾਹਰ ਕਿਸੇ ਨੂੰ ਵੀ ਸੱਚ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ।

ਬਾਜਵਾ ਨੇ ਕਿਹਾ ਕਿ ਸੁਖਪਾਲ ਖਹਿਰਾ 'ਤੇ ਔਰਤਾਂ ਦੇ ਅਪਮਾਨ ਦੇ ਦੋਸ਼ ਲਗਾਉਣਾ ਗਲਤ ਹੈ, ਕਿਉਂਕਿ ਅਸਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਔਰਤ ਦਿਵਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਔਰਤਾਂ ਲਈ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਕਾਂਗਰਸ ਨੇ ਇਸ ਸਬੰਧੀ ਮਹਿਲਾ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਜੇਕਰ ਕਾਰਵਾਈ ਨਾ ਹੋਈ ਤਾਂ ਉਹ ਕੇਂਦਰੀ ਮਹਿਲਾ ਕਮਿਸ਼ਨ ਤੱਕ ਪਹੁੰਚ ਕਰਨਗੇ। ਸਿੱਖਿਆ ਅਤੇ ਸਿਹਤ ਦੇ ਮਾਡਲ 'ਤੇ ਚੁਟਕੀ ਲੈਂਦਿਆਂ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਸਿਰਫ਼ ਖੋਖਲਾ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ ਸਰਕਾਰੀ ਸਕੂਲ ਇੰਨੇ ਵਧੀਆ ਹਨ, ਤਾਂ ਕਿਸੇ ਵੀ 'ਆਪ' ਵਿਧਾਇਕ ਦਾ ਬੱਚਾ ਉੱਥੇ ਕਿਉਂ ਨਹੀਂ ਪੜ੍ਹਦਾ? ਸਿਹਤ ਸਹੂਲਤਾਂ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਮੁੱਖ ਮੰਤਰੀ ਖੁਦ ਬਿਮਾਰ ਹੁੰਦੇ ਹਨ, ਤਾਂ ਉਹ ਸਰਕਾਰੀ ਹਸਪਤਾਲ ਜਾਣ ਦੀ ਬਜਾਏ ਪ੍ਰਾਈਵੇਟ ਹਸਪਤਾਲਾਂ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਆਮ ਆਦਮੀ ਪਾਰਟੀ ਦੇ ਦੋਹਰੇ ਚਿਹਰੇ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕਰਦਾ ਹੈ।

## ਸੁਖਪਾਲ ਖਹਿਰਾ 'ਤੇ ਸਪੀਕਰ ਕੁਲਤਾਰ ਸੰਧਵਾਂ ਸਖ਼ਤ

### ਕਿਹਾ- "ਖਹਿਰਾ ਪਹਿਲਾਂ ਮੁਆਫ਼ੀ ਮੰਗਣ, ਫਿਰ ਹੀ ਗੱਲ ਰੱਖਣ ਦਾ ਮੌਕਾ ਮਿਲੇਗਾ"



ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦਾ ਅੱਜ ਪੰਜਵਾਂ ਦਿਨ ਹੈ। ਪ੍ਰਸ਼ਨਕਾਲ ਸਮਾਪਤ ਹੋਣ ਤੋਂ ਬਾਅਦ ਸੁਖਪਾਲ ਖਹਿਰਾ ਦੇ ਮੁੱਦੇ 'ਤੇ ਸਦਨ ਵਿੱਚ ਮੁੜ ਤੋਂ ਹੰਗਾਮਾ ਹੋਇਆ। ਇਸ ਦੌਰਾਨ ਸਦਨ ਵਿੱਚ ਨਾਅਰੇ ਵੀ ਲਗਾਏ ਗਏ। ਇਸ ਦੌਰਾਨ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਸੁਖਪਾਲ ਖਹਿਰਾ 'ਤੇ ਸਖ਼ਤ ਹੁੰਦੇ ਨਜ਼ਰ ਆਏ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੁਖਪਾਲ ਖਹਿਰਾ ਪਹਿਲਾਂ ਆਪਣੇ ਬਿਆਨ ਨੂੰ ਲੈ ਕੇ ਮੁਆਫ਼ੀ ਮੰਗਣ, ਇਸ ਤੋਂ ਬਾਅਦ ਹੀ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਮਿਲੇਗਾ। ਹੰਗਾਮੇ ਤੋਂ ਬਾਅਦ ਕਾਂਗਰਸ ਨੇ ਸਦਨ ਤੋਂ ਵਾਕ ਆਊਟ ਕਰ ਦਿਤਾ।

ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਚੀਮਾ ਨੇ ਸੁਖਪਾਲ ਸਿੰਘ ਖਹਿਰਾ ਦੇ ਇੱਕ ਇੰਟਰਵਿਊ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ, "ਖਹਿਰਾ ਮਾਂਵਾਂ-ਭੈਣਾਂ ਦੀਆਂ ਕੁੱਖਾਂ ਤੱਕ ਪਹੁੰਚ ਗਏ ਹਨ। ਉਹ ਵਿਧਾਨ ਸਭਾ 'ਚ ਬਦਮਾਸ਼ੀ ਕਰ ਰਹੇ ਹਨ। ਉਨ੍ਹਾਂ ਨੂੰ ਬਿਨ੍ਹਾਂ ਸ਼ਰਤ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਖਹਿਰਾ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਖਤਮ ਕੀਤੀ ਜਾਣੀ ਚਾਹੀਦੀ ਹੈ। ਮਾਹੌਲ ਨੂੰ ਭਖਦਾ ਦੇਖ ਕੇ ਵਿਧਾਨ ਸਭਾ ਦੀ ਕਾਰਵਾਈ ਨੂੰ 20 ਮਿੰਟਾਂ ਲਈ ਮੁਲਤਵੀ ਕਰ ਦਿੱਤਾ ਗਿਆ। ਦੱਸ ਦੇਈਏ ਕਿ ਖਹਿਰਾ ਦੇ ਵਿਵਾਦਿਤ ਬਿਆਨ ਨੂੰ ਲੈ ਕੇ ਮਹਿਲਾ ਕਮਿਸ਼ਨ ਨੇ ਉਨ੍ਹਾਂ ਨੂੰ 12 ਮਾਰਚ ਤੱਕ ਜਵਾਬ ਦੇਣ ਲਈ ਕਿਹਾ ਹੈ ਤੇ ਨਾਲ ਹੀ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਵੀ ਖਹਿਰਾ ਦੇ ਬਿਆਨ 'ਤੇ ਗੁੱਸਾ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ 2027 ਤੱਕ ਖਹਿਰਾ ਨੂੰ ਸਦਨ ਤੋਂ ਬਾਹਰ ਰੱਖਿਆ ਜਾਵੇ ਤੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।









# ਕੈਫੀਨ ਦਾ ਮਾਇਆਜਾਲ



ਕੈਫੀਨ ਦੁਨੀਆ ਵਿੱਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਉਤੇਜਕ ਪਦਾਰਥਾਂ ਵਿੱਚੋਂ ਇੱਕ ਹੈ। ਇਹ ਕੁਦਰਤੀ ਤੌਰ 'ਤੇ ਕੌਫੀ, ਚਾਹ, ਕੋਕੋ ਪਾਊਡਰ ਅਤੇ ਕੁਝ ਹੋਰ ਪੌਦਿਆਂ ਵਿੱਚ ਪਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਕੈਫੀਨ ਕਈ ਠੰਢੇ ਪੇਅ, ਐਨਰਜੀ ਡ੍ਰਿੰਕ ਅਤੇ ਕੁਝ ਦਵਾਈਆਂ ਵਿੱਚ ਵੀ ਸ਼ਾਮਲ ਕੀਤਾ ਜਾਂਦਾ ਹੈ। ਲੋਕ ਆਮ ਤੌਰ 'ਤੇ ਜਾਗਰੂਕ ਰਹਿਣ, ਧਿਆਨ ਕੇਂਦ੍ਰਿਤ ਕਰਨ ਅਤੇ ਥਕਾਵਟ ਘਟਾਉਣ ਲਈ ਕੈਫੀਨ ਦੀ ਵਰਤੋਂ ਕਰਦੇ ਹਨ।

ਹਾਲਾਂਕਿ ਘੱਟ ਮਾਤਰਾ ਵਿੱਚ ਕੈਫੀਨ ਦੇ ਕੁਝ ਲਾਭ ਹੁੰਦੇ ਹਨ, ਪਰ ਇਸ ਦੀ ਅਧਿਕ ਮਾਤਰਾ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ। ਇਸ ਲਈ ਕੈਫੀਨ ਦੇ ਵਰਤੋਂ, ਲਾਭ ਅਤੇ ਖਤਰਿਆਂ ਬਾਰੇ ਜਾਣਕਾਰੀ ਹੋਣਾ ਸਿਹਤਮੰਦ ਜੀਵਨ ਲਈ ਜ਼ਰੂਰੀ ਹੈ।

### ਕੈਫੀਨ ਕੀ ਹੈ?

ਕੈਫੀਨ ਇੱਕ ਕੁਦਰਤੀ ਉਤੇਜਕ ਰਸਾਇਣ ਹੈ ਜੋ ਕੇਂਦਰੀ ਤੰਤਰਿਕ ਤੰਤਰ (Central Nervous System) 'ਤੇ ਪ੍ਰਭਾਵ ਪਾਂਦਾ ਹੈ। ਇਹ ਦਿਮਾਗ ਨੂੰ ਚੁਸਤ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਥਕਾਵਟ ਦੀ ਭਾਵਨਾ ਨੂੰ ਘਟਾਉਂਦਾ ਹੈ।

ਜਦੋਂ ਕੈਫੀਨ ਸਰੀਰ ਵਿੱਚ ਦਾਖਲ ਹੁੰਦੀ ਹੈ ਤਾਂ ਇਹ ਦਿਮਾਗੀ ਗਤੀਵਿਧੀ ਨੂੰ ਉਤੇਜਿਤ ਕਰਦੀ ਹੈ ਅਤੇ ਕੁਝ ਸਮੇਂ ਲਈ ਊਰਜਾ ਅਤੇ ਚੁਸਤੀ ਵੱਧਾ ਦਿੰਦੀ ਹੈ।

ਕੈਫੀਨ ਦੀ ਬਣਤਰ (Composition)

ਕੈਫੀਨ ਇੱਕ ਰਸਾਇਣਕ ਯੋਗਿਕ ਹੈ ਜੋ ਅਲਕਲਾਇਡ (Alkaloids) ਦੇ ਸਮੂਹ ਨਾਲ ਸੰਬੰਧਿਤ ਹੈ।

ਇਸ ਦਾ ਰਸਾਇਣਕ ਫਾਰਮੂਲਾ $C_8H_{10}N_4O_2$ ਹੈ।

ਇਹ ਇੱਕ ਸਫ਼ੈਦ ਕ੍ਰਿਸਟਲ ਜਿਹੇ ਪਾਊਡਰ ਦੇ ਰੂਪ ਵਿੱਚ ਹੁੰਦੀ ਹੈ ਜਿਸ ਦਾ ਸੁਆਦ ਕੌੜਾ ਹੁੰਦਾ ਹੈ ਅਤੇ ਇਹ ਪਾਣੀ ਵਿੱਚ ਆਸਾਨੀ ਨਾਲ ਘੁਲ ਜਾਂਦੀ ਹੈ।

### ਕੈਫੀਨ ਦੇ ਆਮ ਸਰੋਤ

ਕੈਫੀਨ ਕੁਦਰਤੀ ਅਤੇ ਕ੍ਰਿਤ੍ਰਿਮ ਦੋਹਾਂ ਸਰੋਤਾਂ ਤੋਂ ਮਿਲਦੀ ਹੈ।

### ਕੁਦਰਤੀ ਸਰੋਤ

ਕੌਫੀ, ਚਾਹ, ਕੋਕੋ ਪਾਊਡਰ ਅਤੇ ਚਾਕਲੇਟ, ਕ੍ਰਿਤ੍ਰਿਮ ਕੈਫੀਨ,ਠੰਢੇ ਪੇਅ ਅਤੇ ਕੋਲਾ ਪੇਅ, ਐਨਰਜੀ ਡ੍ਰਿੰਕ, ਕੁਝ ਦਰਦਨਾਸ਼ਕ ਦਵਾਈਆਂ।

ਆਮ ਤੌਰ 'ਤੇ ਪੀਣ ਵਾਲੇ ਪਦਾਰਥਾਂ ਵਿੱਚ ਕੌਫੀ ਵਿੱਚ ਸਭ ਤੋਂ ਵੱਧ ਕੈਫੀਨ ਪਾਈ ਜਾਂਦੀ ਹੈ।

### ਕੈਫੀਨ ਦੀ ਮਹੱਤਤਾ

ਘੱਟ ਅਤੇ ਲੋੜ ਅਨੁਸਾਰ ਮਾਤਰਾ ਵਿੱਚ ਕੈਫੀਨ ਦੇ ਕਈ ਲਾਭ ਹੋ ਸਕਦੇ ਹਨ।

ਚੁਸਤੀ ਵਿੱਚ ਵਾਧਾ

ਕੈਫੀਨ ਦਿਮਾਗ ਨੂੰ ਉਤੇਜਿਤ ਕਰਦੀ ਹੈ ਜਿਸ ਨਾਲ ਮਨੁੱਖ ਜਾਗਰੂਕ ਅਤੇ ਕੇਂਦ੍ਰਿਤ ਰਹਿੰਦਾ ਹੈ।

ਥਕਾਵਟ ਵਿੱਚ ਕਮੀ

ਇਹ ਥਕਾਵਟ ਨੂੰ ਘਟਾਉਂਦੀ ਹੈ ਅਤੇ ਊਰਜਾ ਦੇ ਪੱਧਰ ਨੂੰ ਕੁਝ ਸਮੇਂ ਲਈ ਵਧਾਉਂਦੀ ਹੈ।

ਸਰੀਰਿਕ ਪ੍ਰਦਰਸ਼ਨ ਵਿੱਚ ਸੁਧਾਰ

ਕਈ ਖਿਡਾਰੀ ਆਪਣੀ ਸਹਿਣ ਸ਼ਕਤੀ ਅਤੇ ਪ੍ਰਦਰਸ਼ਨ ਨੂੰ ਸੁਧਾਰਣ ਲਈ ਕੈਫੀਨ ਦੀ ਵਰਤੋਂ ਕਰਦੇ ਹਨ।

ਇਲਾਜ਼ ਪ੍ਰਣਾਲੀ ਵਜੋਂ ਵਰਤੋਂ

ਕੈਫੀਨ ਕੁਝ ਦਵਾਈਆਂ ਵਿੱਚ ਸਿਰਦਰਦ ਅਤੇ ਮਾਈਗ੍ਰੇਨ ਦੇ ਇਲਾਜ ਲਈ ਵੀ ਵਰਤੀ ਜਾਂਦੀ ਹੈ।

### ਕੈਫੀਨ ਦੀ ਅਧਿਕ ਵਰਤੋਂ ਨਾਲ ਸਿਹਤ ਸਮੱਸਿਆਵਾਂ

ਕੈਫੀਨ ਦੀ ਵੱਧ ਮਾਤਰਾ ਕਈ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

ਨੀਂਦ ਦੀ ਸਮੱਸਿਆ

ਜ਼ਿਆਦਾ ਕੈਫੀਨ ਨੀਂਦ ਨਾ ਆਉਣ ਜਾਂ ਨੀਂਦ ਵਿੱਚ ਰੁਕਾਵਟ ਪੈਦਾ ਕਰ ਸਕਦੀ ਹੈ।

ਚਿੰਤਾ ਅਤੇ ਘਬਰਾਹਟ

ਵੱਧ ਕੈਫੀਨ ਚਿੰਤਾ, ਬੇਚੈਨੀ ਅਤੇ ਚਿੜਚਿੜਾਪਣ ਪੈਦਾ ਕਰ ਸਕਦੀ ਹੈ।

ਦਿਲ ਨਾਲ ਸੰਬੰਧਿਤ ਸਮੱਸਿਆਵਾਂ

ਇਹ ਦਿਲ ਦੀ ਧੜਕਣ ਨੂੰ ਤੇਜ਼ ਕਰ ਸਕਦੀ ਹੈ ਅਤੇ ਕੁਝ ਲੋਕਾਂ ਵਿੱਚ ਬਲੱਡ ਪ੍ਰੈਸ਼ਰ ਵਧਾ ਸਕਦੀ ਹੈ।

ਪਾਚਣ ਸੰਬੰਧੀ ਸਮੱਸਿਆਵਾਂ

ਕੈਫੀਨ ਪੇਟ ਵਿੱਚ ਜਲਨ ਅਤੇ ਐਸਿਡਿਟੀ ਦਾ ਕਾਰਨ ਬਣ ਸਕਦੀ ਹੈ।

ਆਦਤ ਜਾਂ ਨਿਰਭਰਤਾ

ਕੈਫੀਨ ਦੀ ਨਿਯਮਿਤ ਵਰਤੋਂ ਨਾਲ ਆਦਤ ਪੈ ਸਕਦੀ ਹੈ ਅਤੇ ਅਚਾਨਕ ਛੱਡਣ 'ਤੇ ਸਿਰਦਰਦ ਅਤੇ ਥਕਾਵਟ ਹੋ ਸਕਦੀ ਹੈ।

ਠੰਢੇ ਪੇਅ ਅਤੇ ਐਨਰਜੀ ਡ੍ਰਿੰਕ ਵਿੱਚ ਕੈਫੀਨ

ਅੱਜਕੱਲ੍ਹ ਕਈ ਠੰਢੇ ਪੇਅ ਅਤੇ ਐਨਰਜੀ ਡ੍ਰਿੰਕ ਵਿੱਚ ਕੈਫੀਨ ਮਿਲਾਈ ਜਾਂਦੀ ਹੈ। ਇਹ ਪੇਅ ਖਾਸ ਕਰਕੇ ਨੌਜਵਾਨਾਂ ਅਤੇ ਵਿਦਿਆਰਥੀਆਂ ਵਿੱਚ ਬਹੁਤ ਲੋਕਪ੍ਰਿਯ ਹਨ ਕਿਉਂਕਿ ਇਹ ਤੁਰੰਤ ਊਰਜਾ ਦਾ ਅਹਿਸਾਸ ਦਿੰਦੇ ਹਨ।

ਪ੍ਰੰਤੂ ਐਨਰਜੀ ਡ੍ਰਿੰਕ ਵਿੱਚ ਅਕਸਰ ਕੈਫੀਨ ਅਤੇ ਸ਼ੱਕਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਨਾਲ ਲੰਬੇ ਸਮੇਂ ਤੱਕ ਵਰਤੋਂ ਕਰਨ 'ਤੇ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ।

ਕੈਫੀਨ ਦੇ ਲਾਭ

ਤੁਰੰਤ ਊਰਜਾ ਅਤੇ ਚੁਸਤੀ ਪ੍ਰਦਾਨ ਕਰਦੀ ਹੈ। ਧਿਆਨ ਕੇਂਦ੍ਰਿਤ ਕਰਨ ਵਿੱਚ ਮਦਦ ਕਰਦੀ ਹੈ। ਥਕਾਵਟ ਘਟਾਉਂਦੀ ਹੈ। ਸਰੀਰਿਕ ਪ੍ਰਦਰਸ਼ਨ ਵਿੱਚ ਸੁਧਾਰ ਕਰ ਸਕਦੀ ਹੈ।

ਕੈਫੀਨ ਦੇ ਨੁਕਸਾਨ

ਨੀਂਦ ਵਿੱਚ ਰੁਕਾਵਟ ਪੈਦਾ ਕਰ ਸਕਦੀ ਹੈ। ਚਿੰਤਾ ਅਤੇ ਬੇਚੈਨੀ ਵਧਾ ਸਕਦੀ ਹੈ। ਵੱਧ ਸ਼ੱਕਰ ਨਾਲ ਵਜ਼ਨ ਵਧ ਸਕਦਾ ਹੈ। ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਵੱਧ ਸਕਦਾ ਹੈ। ਪ੍ਰਭਾਵ ਖਤਮ ਹੋਣ 'ਤੇ ਊਰਜਾ ਵਿੱਚ ਅਚਾਨਕ ਕਮੀ ਆ ਸਕਦੀ ਹੈ

ਕੈਫੀਨ ਦੀ ਸੁਰੱਖਿਅਤ ਵਰਤੋਂ

ਸਿਹਤ ਵਿਸ਼ਾ ਮਾਹਿਰ ਕੈਫੀਨ ਦੀ ਸੰਯਮਿਤ ਵਰਤੋਂ ਦੀ ਸਲਾਹ ਦਿੰਦੇ ਹਨ। ਬਾਲਗ ਲੋਕਾਂ ਨੂੰ ਕੈਫੀਨ ਦੀ ਮਾਤਰਾ ਸੀਮਿਤ ਰੱਖਣੀ ਚਾਹੀਦੀ ਹੈ। ਬੱਚਿਆਂ ਅਤੇ ਕਿਸ਼ੋਰਾਂ ਨੂੰ ਕੈਫੀਨ ਬਹੁਤ ਘੱਟ ਲੈਣੀ ਚਾਹੀਦੀ ਹੈ। ਗਰਭਵਤੀ ਮਹਿਲਾਵਾਂ ਨੂੰ ਕੈਫੀਨ ਦੀ ਵਰਤੋਂ ਸੀਮਿਤ ਕਰਨੀ ਚਾਹੀਦੀ ਹੈ। ਸ਼ਾਮ ਦੇ ਸਮੇਂ ਕੈਫੀਨ ਵਾਲੇ ਪੇਅ ਪੀਣ ਤੋਂ ਬਚਣਾ ਚਾਹੀਦਾ ਹੈ ਤਾਂ ਜੋ ਨੀਂਦ ਪ੍ਰਭਾਵਿਤ ਨਾ ਹੋਵੇ।

ਭਵਿੱਖ ਵਿੱਚ ਕੈਫੀਨ ਦੀ ਸਕਾਰਾਤਮਕ ਵਰਤੋਂ

ਭਵਿੱਖ ਵਿੱਚ ਕੈਫੀਨ ਦੀ ਵਰਤੋਂ ਹੋਰ ਜ਼ਿਆਦਾ ਸਿਹਤ-ਕੇਂਦ੍ਰਿਤ ਹੋ ਸਕਦੀ ਹੈ।

ਘੱਟ ਸ਼ੱਕਰ ਵਾਲੇ ਪੇਅ

ਕੰਪਨੀਆਂ ਘੱਟ ਸ਼ੱਕਰ ਅਤੇ ਸੰਤੁਲਿਤ ਕੈਫੀਨ ਵਾਲੇ ਪੇਅ ਤਿਆਰ ਕਰ ਸਕਦੀਆਂ ਹਨ।

ਫੰਕਸ਼ਨਲ ਬੇਵਰੇਜ

ਕੈਫੀਨ ਨੂੰ ਵਿਟਾਮਿਨ, ਖਣਿਜ ਅਤੇ ਐਂਟੀਓਕਸੀਡੈਂਟ ਨਾਲ ਮਿਲਾ ਕੇ ਹੋਰ ਸਿਹਤਮੰਦ ਪੇਅ ਬਣਾਏ ਜਾ ਸਕਦੇ ਹਨ।

ਨਿਯੰਤਰਿਤ ਮਾਤਰਾ

ਐਨਰਜੀ ਡ੍ਰਿੰਕ ਵਿੱਚ ਕੈਫੀਨ ਦੀ ਮਾਤਰਾ 'ਤੇ ਵਧੀਆ ਨਿਯੰਤਰਣ ਸਿਹਤ ਖਤਰੇ ਘਟਾ ਸਕਦਾ ਹੈ।

ਇਲਾਜ਼ ਪ੍ਰਣਾਲੀ ਵਜੋਂ ਖੋਜ

ਵਿਗਿਆਨੀ ਦਿਮਾਗੀ ਸਿਹਤ ਅਤੇ ਕੁਝ ਬਿਮਾਰੀਆਂ ਵਿੱਚ ਕੈਫੀਨ ਦੇ ਸੰਭਾਵਿਤ ਲਾਭਾਂ 'ਤੇ ਖੋਜ ਕਰ ਰਹੇ ਹਨ।

ਕੈਫੀਨ ਇੱਕ ਵਿਸ਼ਵ ਪੱਧਰ 'ਤੇ ਵਰਤਿਆ ਜਾਣ ਵਾਲਾ ਉਤੇਜਕ ਪਦਾਰਥ ਹੈ ਜੋ ਸੰਯਮਿਤ ਮਾਤਰਾ ਵਿੱਚ ਜਾਗਰੂਕਤਾ, ਧਿਆਨ ਅਤੇ ਸਰੀਰਿਕ ਪ੍ਰਦਰਸ਼ਨ ਵਿੱਚ ਸੁਧਾਰ ਕਰ ਸਕਦਾ ਹੈ। ਪਰ ਇਸ ਦੀ ਵੱਧ ਮਾਤਰਾ—ਖਾਸ ਕਰਕੇ ਐਨਰਜੀ ਡ੍ਰਿੰਕ ਅਤੇ ਵੱਧ ਸ਼ੱਕਰ ਵਾਲੇ ਪੇਅ ਰਾਹੀਂ—ਚਿੰਤਾ, ਨੀਂਦ ਦੀ ਸਮੱਸਿਆ ਅਤੇ ਦਿਲ ਨਾਲ ਸੰਬੰਧਿਤ ਰੋਗਾਂ ਦਾ ਕਾਰਨ ਬਣ ਸਕਦੀ ਹੈ।

ਇਸ ਲਈ ਕੈਫੀਨ ਦੀ ਜ਼ਿੰਮੇਵਾਰ ਅਤੇ ਸੰਤੁਲਿਤ ਵਰਤੋਂ ਬਾਰੇ ਜਾਗਰੂਕਤਾ ਜਰੂਰੀ ਹੈ ਤਾਂ ਜੋ ਲੋਕ ਇਸ ਦੇ ਲਾਭਾਂ ਦਾ ਆਨੰਦ ਲੈ ਸਕਣ ਅਤੇ ਨੁਕਸਾਨਾਂ ਤੋਂ ਬਚ ਸਕਣ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ

## 8 ਮਾਰਚ ਸਾਹਿਰ ਲੁਧਿਆਣਵੀ ਦੇ ਜਨਮ ਦਿਵਸ 'ਤੇ ਵਿਸ਼ੇਸ਼

# "ਜੰਗ ਤੋ ਖ਼ੁੱਦ ਹੀ ਇੱਕ ਮਸਲਾ ਹੈ ਜੰਗ ਕਿਆ ਮਸਲੋਂ ਕਾ ਹੱਲ ਦੇਗਾ" –ਸਾਹਿਰ ਲੁਧਿਆਣਵੀ












"ਪਦਮ ਸ਼੍ਰੀ ਸਨਮਾਨ ਨਾਲ ਸਨਮਾਨਿਤ ਉੱਘੇ ਕਵੀ ਅਤੇ ਗੀਤਕਾਰ ਸਾਹਿਰ ਲੁਧਿਆਣਵੀ ਦੁਆਰਾ ਲਿਖੇ ਗੀਤਾਂ ਦੀ ਗੂੰਜ ਹਮੇਸ਼ਾ ਗੂੰਜਦੀ ਰਹੇਗੀ" –ਡਾ. ਅਨਿਲ ਧੀਰ, ਕਾਲਮਨਿਸਟ, ਪੀਐਫਏ ਕੈਨੇਡੀਅਨ ਰੈੱਡ ਕਰਾਸ, ਲੇਖਕ "ਹੈਲਥ ਅਲਰਟ ਸੀਰੀਜ਼" ਅਤੇ "ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ"

ਪ੍ਰਿੰਟ ਮੀਡੀਆ ਕੈਨੇਡਾ: (ਡਾ. ਅਨਿਲ ਧੀਰ) 20 ਵੀਂ ਸਦੀ ਦੇ ਮਸ਼ਹੂਰ ਉਰਦੂ ਕਵੀ, ਫ਼ਿਲਮ ਗੀਤਕਾਰ, ਸ਼ਬਦਾਂ ਦੇ ਜਾਦੂਗਰ ਸਾਹਿਰ ਲੁਧਿਆਣਵੀ ਨੂੰ ਆਪਣੇ ਪ੍ਰਗਤੀਸ਼ੀਲ ਵਿਚਾਰਾਂ, ਤਿੱਖੀ ਸਮਾਜਿਕ ਆਲੋਚਨਾ ਅਤੇ ਭਾਵਨਾਤਮਕ ਸਾਹਿਤ ਲਈ ਜਾਣਿਆ ਜਾਂਦਾ ਹੈ। ਸਾਹਿਰ ਦੇ ਕੰਮ ਦੀ ਗੂੰਜ ਪੀੜੀ ਦਰ ਪੀੜੀ ਗੂੰਜਦੀ ਰਹੇਗੀ। ਹਰ ਸਾਲ 8 ਮਾਰਚ ਨੂੰ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੁਸ਼ਾਇਰਾ 'ਤੇ ਕਾਨਫਰੰਸਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਅਦੀਬ ਇੰਟਰਨੈਸ਼ਨਲ ਸੰਸਥਾ ਵੱਲੋਂ ਕਰੀਬਨ 42 ਸਾਲ ਲਗਾਤਾਰ ਅੰਤਰਰਾਸ਼ਟਰੀ ਪੱਧਰ 'ਤੇ ਲੁਧਿਆਣਾ 'ਚ ਜਸ਼ਨੇ-ਸਾਹਿਰ ਮੁਸ਼ਾਇਰੇ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ। ਇਸ ਪਿੱਛੇ ਮਸ਼ਹੂਰ ਉਰਦੂ ਸਾਹਿਤਕਾਰ, ਲੇਖਕ ਡਾ. ਕੇਵਲ ਧੀਰ 'ਤੇ ਉਨਾਂ ਦੀ ਟੀਮ ਦਾ ਸਹਿਯੋਗ ਰਿਹਾ ਹੈ। ਹਿੰਦੂਸਤਾਨ, ਪਾਕਿਸਤਾਨ, ਕੈਨੇਡਾ, ਅਮਰੀਕਾ, ਇੰਗਲੈਂਡ, ਵਗੈਰਾ ਮੁਲਕਾਂ ਤੋਂ ਜਸ਼ਨੇ-ਸਾਹਿਰ ਮੁਸ਼ਾਇਰੇ 'ਚ ਸ਼ਾਮਿਲ ਹੋਏ ਮਹਿਮਾਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਸ਼ੁਰੂ ਦੇ ਇੱਕ ਮੁਸ਼ਾਇਰੇ 'ਚ ਸਾਹਿਰ ਲੁਧਿਆਣਵੀ ਵੀ ਮੌਜੂਦ ਸਨ ਜੋ ਹਮੇਸ਼ਾ ਲਈ ਇੱਕ ਯਾਦ ਬਣ ਗਈ। ਸ਼ਾਹਿਰ ਦਾ ਜਨਮ 8 ਮਾਰਚ, 1921 ਨੂੰ ਲੁਧਿਆਣਾ ਪੰਜਾਬ 'ਚ ਹੋਇਆ ਸੀ। ਉਨ੍ਹਾਂ ਨੇ ਐਜੂਕੇਸ਼ਨ ਸਰਕਾਰੀ ਕਾਲਜ ਲੁਧਿਆਣਾ ਹਾਸਿਲ ਕੀਤੀ। ਆਪਣੇ ਸਪੱਸ਼ਟ ਸੁਭਾਓ ਅਤੇ ਵਿਵਾਦਪੂਰਨ ਲਿਖਤਾਂ ਦੇ ਕਾਰਨ, ਉਨਾਂ ਦੇ ਜੀਵਨ ਦੇ ਸ਼ੁਰੂ 'ਚ ਹੀ ਅਕਾਦਮਿਕ ਅਤੇ ਰਾਜਨੀਤਿਕ ਚੁਣੋਤੀਆਂ ਦਾ ਸਾਹਮਣਾ ਕੀਤਾ। 1940 ਦੇ ਦਹਾਕੇ 'ਚ ਪਹਿਲਾ ਕਾਵਿ ਸੰਗ੍ਰਹਿ, "ਤਲਖੀਆਂ" ਨੇ ਕਾਫੀ ਸ਼ੋਹਰਤ ਹਾਸਿਲ ਕੀਤੀ। ਇਸ ਸੰਗ੍ਰਹਿ 'ਚ ਸਮਾਜਿਕ ਬੇਇਨਸਾਫੀ, ਅਸਮਾਨਤਾ, ਪਿਆਰ, ਅਤੇ ਇਕਲਾਬ ਦੇ ਵਿਸ਼ਿਆਂ ਨੂੰ ਉਜਾਗਰ ਕੀਤਾ। 1947 'ਚ ਭਾਰਤ ਦੀ ਵੰਡ ਤੋਂ ਬਾਅਦ, ਸਾਹਿਰ ਕੁੱਝ ਸਮੇਂ ਲਈ ਲਾਹੌਰ ਚਲੇ ਗਏ। ਪਰ ਬਾਅਦ 'ਚ ਭਾਰਤ ਵਾਪਸ ਆ ਗਏ। ਬੰਬਈ 'ਚ ਸੈਟਲ ਹੋ ਕੇ ਫ਼ਿਲਮ ਉਦਯੋਗ ਇੱਕ ਗੀਤਕਾਰ ਵੱਜੋਂ ਸ਼ੋਹਰਤ ਹਾਸਲ ਕੀਤੀ।

### ਸਾਹਿਰ ਲੁਧਿਆਣਵੀ ਦੀਆਂ ਕਿਤਾਬਾਂ:

* ਤਨਹਾਈਆਂ * ਤਲਖੀਆਂ * ਆਓ ਕਿ ਕੋਈ ਖਾਬ ਬੁਨੇਂ * ਧਰਤੀ ਦੇ ਆਂਸੂ * ਸਾਹਿਰ ਲੁਧਿਆਣਵੀ ਦਾ ਘੈਰਮਤਬੂਆ ਕਲਾਮ * ਸਾਹਿਰ ਲੁਧਿਆਣਵੀ ਗਜ਼ਲੇਂ ਨਜ਼ਮੇਂ ਉਤੇ ਗੀਤ * ਪਰਛਾਈਆਂ * ਗਾਤਾ ਜਾਏ ਬਣਜਾਰਾ * ਬੱਚੇ ਮਨ ਕੇ ਸੱਚੇ * ਕਲਾਮ ਏ ਸਾਹਿਰ ਲੁਧਿਆਣਵੀ * ਕੁਲੀਆਤ ਏ ਸਾਹਿਰ * ਦੇਵੇਂਦਰ ਸਤਿਆਰਥੀ, ਵਗੈਰਾ ਮਸ਼ਹੂਰ ਹੋਈਆਂ।

### ਸਾਹਿਰ ਲੁਧਿਆਣਵੀ ਦੇ ਮਸ਼ਹੂਰ ਸ਼ੇਅਰ:

* ਜੰਗ ਤੋਂ ਖ਼ੁਦ ਹੀ ਇੱਕ ਮਸਲਾ ਹੈ।
ਜੰਗ ਕਿਆ ਮਸਲੋਂ ਕਾ ਹੱਲ ਦੇਗਾ॥

* ਖ਼ੂਨ ਆਪਣਾ ਹੋ ਜਾਂ ਪਰਾਇਆ ਹੋ।
ਨਸਲ ਏ ਆਦਮ ਕਾ ਖ਼ੂਨ ਹੈ ਆਖ਼ਿਰ॥

* ਹਰ ਇੱਕ ਦੌਰ ਕਾ ਮਜ਼ਹਬ ਨਵਾਂ ਖ਼ੁਦਾ ਲਾਇਆ।
ਕਰੇਂ ਤੋ ਹਮ ਭੀ ਮਗਰ ਕਿਸ ਖ਼ੁਦਾ ਕੀ ਬਾਤ ਕਰੇਂ॥

* ਜ਼ੁਲਮ ਫਿਰ ਜ਼ੁਲਮ ਹੈ ਵੜਾਤਾ ਹੈ ਤੋ ਮਿਟ ਜਾਤਾ ਹੈ।
ਖ਼ੂਨ ਫਿਰ ਖ਼ੂਨ ਹੈ ਟਪਕੇਗਾ ਤੋ ਜਮ ਜਾਏਗਾ॥

* ਹਮ ਅਮਨ ਚਾਹਤੇ ਹੈਂ ਮਗਰ ਜ਼ੁਲਮ ਕੇ ਖ਼ਿਲਾਫ਼।
ਅਗਰ ਜੰਗ ਲਾਜ਼ਿਮੀ ਹੈ ਤੋਂ ਫਿਰ ਜੰਗ ਹੀ ਸਹੀ॥

* ਔਰਤ ਨੇ ਜਨਮ ਦੀਆ ਮਰਦੋਂ ਕੋ ਮਰਦੋਂ ਨੇ ਉਸੇ ਬਾਜ਼ਾਰ ਦੀਆ।
ਜਬ ਜੀ ਚਾਹਾ ਮਸਲਾ ਕੁਚਲਾ ਜਬ ਜੀ ਚਾਹਾ ਦੁਤਕਾਰ ਦੀਆ॥

* ਜੋ ਮਿਲ ਗਿਆ ਉਸ ਕੋ ਮੁਕੱਦਰ ਸਮਝ ਲਿਆ।
ਜੋ ਖੋ ਗਿਆ ਮੈਂ ਉਸ ਕੋ ਭੁਲਾਤਾ ਚਲਾ ਗਿਆ॥

* ਫਿਰ ਖੋ ਨਾ ਜਾਏਂ ਹਮ ਕਹੀਂ ਦੁਨੀਆ ਕੀ ਭੀੜ ਮੇਂ।
ਮਿਲੀ ਹੈ ਪਾਸ ਆਨੇ ਕੀ ਮੋਹਲਤ ਕਦੇ ਕਦੇ॥

* ਬਰਬਾਦੀਓਂ ਕਾ ਸੋਗ ਮਨਾਨਾ ਫਜ਼ੂਲ ਥਾ।
ਬਰਬਾਦੀਓਂ ਕਾ ਜਸ਼ਨ ਮਨਾਤਾ ਚਲਾ ਗਿਆ॥

* ਅਭੀ ਜ਼ਿੰਦਾ ਹੂੰ ਲੇਕਿਨ ਸੋਚਤਾ ਹੂੰ ਹਲਵਤ ਮੇਂ।
ਕੀ ਅਬ ਤਕ ਕਿਸ ਤਮੰਨਾ ਕੇ ਸਹਾਰੇ ਜੀ ਲਿਆ ਮੈਂਨੇ॥

* ਕੋਈ ਤੋ ਐਸਾ ਘਰ ਹੋਤਾ ਜਹਾਂ ਸੇ ਪਿਆਰ ਮਿਲ ਜਾਤਾ।
ਵਹੀ ਬੇਗਾਨੇ ਚਿਹਰੇ ਹੈਂ ਜਹਾਂ ਜਾਏਂ ਜਿਧਰ ਜਾਏਂ॥

* ਜ਼ਮੀਂ ਨੇ ਖ਼ੂਨ ਉਗਲਾ ਆਸਮਾਨ ਨੇ ਆਗ ਬਰਸਾਈ।
ਜਬ ਇਨਸਾਨੋਂ ਕੇ ਦਿਲ ਬਦਲੇ ਤੋ ਇਨਸਾਨੋਂ ਪੇ ਕਿਆ ਗੁਜ਼ਰੀ॥

* ਦੂਰ ਰਹਿ ਕਰ ਨਾ ਕਰੋ ਬਾਤ ਕਰੀਬ ਆ ਜਾਓ।
ਯਾਦ ਰਹੇਗੀ ਯੇ ਰਾਤ ਕਰੀਬ ਆ ਜਾਓ॥

ਸ਼ਾਹਿਰ ਲੁਧਿਆਣਵੀ ਨੂੰ ਭਾਰਤ ਸਰਕਾਰ ਨੇ ਸਾਲ 1971 'ਚ ਪਦਮ ਸ਼੍ਰੀ ਅਵਾਰਡ ਨਾਲ ਸਨਮਾਨਿਤ ਵੀ ਕੀਤਾ। ਉਨ੍ਹਾਂ ਨੂੰ ਸਰਵੋਤਮ ਗੀਤਕਾਰ ਵੱਜੋਂ ਕਈ ਫਿਲਮਫੇਅਰ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਸਾਹਿਰ ਲੁਧਿਆਣਵੀ ਦੁਆਰਾ ਲਿਖੇ ਗੀਤ ਅਤੇ ਕਵਿਤਾਵਾਂ ਦੀ ਗੂੰਜ ਹਮੇਸ਼ਾ ਗੂੰਜਦੀ ਰਹੇਗੀ। ਉਨਾਂ ਨੇ ਆਮ ਲੋਕਾਂ ਦੇ ਸੰਘਰਸ਼ਾਂ, ਸੁਪਨਿਆਂ ਅਤੇ ਭਾਵਨਾਵਾਂ ਨੂੰ ਮੁੱਖ ਰੱਖਿਆ। ਸਾਹਿਰ ਲੁਧਿਆਣਵੀ 25 ਅਕਤੂਬਰ 1980 ਵਾਲੇ ਦਿਨ ਹਮੇਸ਼ਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਦੇ ਗੀਤਾਂ ਦੀ ਗੂੰਜ਼ ਹਮੇਸ਼ਾ ਸੁਣਾਈ ਦਿੰਦੀ ਰਹੇਗੀ।



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"












# ਰਾਸ਼ੀਫਲ

**ਮੇਖ :** ਤੁਹਾਨੂੰ ਕੰਮ ਦੇ ਮੋਰਚੇ ਤੇ ਧੱਕਾ ਲੱਗ ਸਕਦਾ ਹੈ ਕਿਉਂ ਕਿ ਤੁਹਾਡੀ ਸਿਹਤ ਤੁਹਾਡੇ ਨਾਲ ਨਹੀਂ ਹੈ ਅਤੇ ਇਸਦੇ ਚਲਦੇ ਤੁਹਾਨੂੰ ਕੋਈ ਜ਼ਰੂਰੀ ਕੰਮ ਵਿੱਚੋ ਹੀ ਛੱਡਣਾ ਪੈ ਸਕਦਾ ਹੈ ਅਜਿਹੇ ਹਾਲਾਤ ਵਿਚ ਸਬਰ ਅਤੇ ਹੋਸ਼ਿਆਰੀ ਤੋਂ ਕੰਮ ਲਉ। ਗਹਿਣੇ ਅਤੇ ਪੁਰਾਣੀਆਂ ਚੀਜਾਂ ਵਿਚ ਨਿਵੇਸ਼ ਲਾਭਦਾਇਕ ਰਹੇਗਾ ਅਤੇ ਸਮ੍ਰਿਦਿ ਲੈ ਕੇ ਆਵੇਗਾ। ਪਰਿਵਾਰਕ ਮੈਂਬਰਾਂ ਦੇ ਨਾਲ ਸਕੂਨ ਭਰੇ ਅਤੇ ਸ਼ਾਤ ਦਿਨ ਦਾ ਆਨੰਦ ਲਵੋ ਜੇਕਰ ਲੋਕ ਪਰੇਸ਼ਾਨੀਆਂ ਦੇ ਨਾਲ ਤੁਹਾਡੇ ਕੋਲ ਆਉਣ ਤਾਂ ਉਨਾਂ ਨੂੰ ਨਜ਼ਰਅੰਦਾਜ਼ ਕਰ ਦਿਉ ਅਤੇ ਉਨਾਂ ਨੂੰ ਆਪਣੀ ਮਾਨਸਿਕ ਸ਼ਾਤੀ ਭੰਗ ਨਾ ਕਰਨ ਦਿਉ। ਅੱਜ ਦੇ ਦਿਨ ਪਿਆਰ ਭਰੀ ਜ਼ਿੰਦਗੀ ਤੁਹਾਡੇ ਲਈ ਖੁਸ਼ੀਆਂ ਨਾਲ ਭਰੀ ਰਹੇਗੀ। ਕਾਰੋਬਾਰ ਦੇ ਲਈ ਵਧੀਆ ਦਿਨ ਹੈ ਕਿਉਂ ਕਿ ਉਨਾਂ ਨੂੰ ਅਚਾਨਕ ਵੱਡਾ ਲਾਭ ਹੋ ਸਕਦਾ ਹੈ। ਰਾਤ ਦੇ ਸਮੇਂ ਅੱਜ ਤੁਸੀ ਘਰ ਦੇ ਲੋਕਾਂ ਤੋਂ ਦੂਰ ਰਹਿ ਕੇ ਆਪਣੀ ਘਰ ਦੀ ਛੱਤ ਤੇ ਜਾਂ ਕਿਸੀ ਪਾਰਕ ਵਿਚ ਟਹਿਲਣਾ ਪਸੰਦ ਕਰੋਂਗੇ। ਜੀਵਨਸਾਥੀ ਦੀ ਵਜਾਹ ਨਾਲ ਮਹਿਸੂਸ ਹੋਵੇਗਾ ਕਿ ਉਨਾਂ ਦੇ ਦੁਨੀਆਂ ਵਿਚ ਤੁਸੀ ਹੀ ਖਾਸ ਹੋ।

**ਬ੍ਰਿਸ਼ਭ:** ਲੰਬੀ ਬਿਮਾਰੀ ਨੂੰ ਨਜ਼ਰਅੰਦਾਜ ਨਾ ਕਰੋ ਨਹੀਂ ਤਾਂ ਅੱਗੇ ਜਾ ਕੇ ਵੱਡੀ ਸਮੱਸਿਆ ਖੜੀ ਹੋ ਸਕਦਾ ਹੈ। ਵਾਧੂ ਪੈਸੇ ਨੂੰ ਰਿਅਲ ਅਸਟੇਟ ਵਿਚ ਨਿਵੇਸ਼ ਕੀਤਾ ਜਾ ਸਕਦਾ ਹੈ। ਰਿਸ਼ਤੇਦਾਰਾਂ ਨਾਲ ਆਨੰਦ ਲੈਣ ਲਈ ਚੰਗਾ ਦਿਨ ਹੈ ਆਪਣੇ ਰਿਸ਼ਤੇਦਾਰਾਂ ਨਾਲ ਕੁਝ ਖਾਸ ਕਰਨ ਦੀ ਯੋਜਨਾ ਬਣਾਉ ਇਸ ਦੇ ਲਈ ਤੁਹਾਡੀ ਤਾਰੀਫ ਕਰਨਗੇ। ਪਿਆਰ ਦਾ ਜਜਬਾ ਅਨੁਭਵ ਤੋਂ ਹਟ ਕੇ ਹੈ ਪਰੰਤੂ ਅੱਜ ਤੁਹਾਡੀਆਂ ਗਿਆਨ ਇੰਦਰੀਆਂ ਪਿਆਰ ਦੀ ਖੁਸ਼ੀ ਦਾ ਅਨੁਭਵ ਕਰਨਗੀਆਂ। ਅੱਜ ਕੰਮਕਾਰ ਵਿਚ ਤੁਹਾਡੀ ਤਾਕਤ ਪਰਿਵਾਰਿਕ ਮਾਮਲੇ ਨੂੰ ਲੈ ਕੇ ਘੱਟ ਰਹੇਗੀ ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਅੱਜ ਦੇ ਦਿਨ ਆਪਣੇ ਸਾਂਝੇਦਾਰਾਂ ਤੇ ਨਜ਼ਰ ਬਣਾਈ ਰੱਖਣ ਦੀ ਲੋੜ ਹੈ ਉਹ ਤੁਹਾਨੂੰ ਨੁਕਾਸਾਨ ਪਹੁੰਚਾ ਸਕਦੇ ਹਨ। ਅੱਜ ਦੀ ਬੀਜ਼ੀ ਜੀਵਨ ਸ਼ੈਲੀ ਵਿਚ ਆਪਣੇ ਲਈ ਸਮਾਂ ਕੱਢਣਾ ਬਹੁਤ ਮੁਸ਼ਕਿਲ ਹੈ ਪਰੰਤੂ ਅੱਜ ਅਜਿਹਾ ਦਿਨ ਹੈ ਜਦੋਂ ਤੁਹਾਡੇ ਕੋਲ ਆਪਣੇ ਲਈ ਭਰਪੂਰ ਸਮਾਂ ਹੋਵੇਗਾ। ਪਿਆਰ ਅਤੇ ਚੰਗਾ ਖਾਣਾ ਵਿਵਹਿਕ ਜੀਵਨ ਦੀਆਂ ਮੁਢਲੀਆਂ ਲੋੜਾਂ ਹਨ ਅਤੇ ਤੁਸੀ ਅੱਜ ਇਸ ਬੇਹਤਰੀਨ ਦਿਨ ਨੂੰ ਅਨੁਭਵ ਕਰੋਂਗੇ।



**ਮਿਥੁਨ:** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਜੋ ਲੋਕ ਹੁਣ ਤੱਕ ਪੈਸੇ ਨੂੰ ਬਿਨਾ ਵਜਾਹ ਹੀ ਉਡਾ ਰਹੇ ਸੀ ਅੱਜ ਉਨਾਂ ਨੂੰ ਆਪਣੇ ਆਪ ਤੇ ਕਾਬੂ ਰੱਖਣਾ ਚਾਹੀਦਾ ਹੈ ਅਤੇ ਧੰਨ ਦੀ ਬਚਤ ਕਰਨੀ ਚਾਹੀਦੀ ਹੈ। ਆਪਣੇ ਪਰਿਵਾਰ ਦੇ ਮੈਂਬਰਾਂ ਦੀਆਂ ਲੋੜਾਂ ਦਾ ਧਿਆਨ ਰੱਖੋ ਅੱਜ ਤੁਹਾਡੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਹਾਲਾਂ ਕਿ ਪਿਆਰ ਵਿਚ ਨਿਰਾਸ਼ਾ ਹੋ ਸਕਦੀ ਹੈ ਪਰੰਤੂ ਦਿਲ ਛੋਟਾ ਨਾ ਕਰੋ ਕਿਉਂ ਕਿ ਪ੍ਰੇਮੀ ਹਮੇਸ਼ਾ ਸਾਈਕੋਫੈਨਟਿਕ ਹੁੰਦੇ ਹਨ। ਵੈੱਬ ਡਿਜ਼ਾਇਨਰ ਦੇ ਲਈ ਚੰਗਾ ਦਿਨ ਹੈ ਪੂਰੀ ਈਕਾਗਰਤਾ ਦੇ ਨਾਲ ਕੰਮ ਕਰੋ ਕਿਉਂ ਕਿ ਤੁਸੀ ਚਮਕ ਸਕਦੇ ਹੋ ਕੁਝ ਲੋਕਾਂ ਨੂੰ ਵਿਦੇਸ਼ ਜਾਣ ਦਾ ਮੋਕਾ ਵੀ ਮਿਲ ਸਕਦਾ ਹੈ। ਸਵੈ ਕੰਮ ਜੋ ਤੁਸੀ ਅੱਜ ਕਰੋਂਗੇ ਨਾ ਸਿਰਫ ਉਨਾਂ ਦੀ ਸਹਾਇਤਾ ਕਰੇਗਾ ਜਿਨਾਂ ਦੀ ਤੁਸੀ ਸਹਾਇਤਾ ਕਰਦੇ ਹੋ ਜੋ ਤੁਹਾਨੂੰ ਆਪਣੇ ਆਪ ਨੂੰ ਵਧੇਰੇ ਸਾਕਾਰਤਮਕ ਰੂਪ ਵਿਚ ਦੇਖਣ ਵਿਚ ਸਹਾਇਤਾ ਕਰੇਗਾ। ਤੁਹਾਡੇ ਜੀਵਨਸਾਥੀ ਦੇ ਨਾਲ ਦਿਨ ਵਿਚ ਵਾਦ ਵਿਵਾਦ ਹੋਣ ਸੰਭਵ ਹੈ ਪਰੰਤੂ ਸ਼ਾਮ ਦੇ ਖਾਣੇ ਤੇ ਸਭ ਚੀਜਾਂ ਸੁਲਝ ਜਾਣਗੀਆਂ।

**ਕਰਕ:** ਆਪਣੇ ਮਨਮਰਜ਼ੀ ਅਤੇ ਜ਼ਿੱਦੀ ਸੁਭਾਅ ਨੂੰ ਕਾਬੂ ਵਿਚ ਰੱਖੋ ਖਾਸ ਤੌਰ ਤੇ ਕਿਸੇ ਜਲਸੇ ਜਾਂ ਪਾਰਟੀ ਵਿਚ। ਕਿਉਂ ਕਿ ਅਜਿਹਾ ਨਾ ਕਰਨ ਤੇ ਉੱਥੋਂ ਦਾ ਮਾਹੌਲ ਤਣਾਅ ਗ੍ਰਸਤ ਹੋ ਸਕਦਾ ਹੈ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਕੋਲ ਜ਼ਿਆਦ ਪੈਸਾ ਨਹੀਂ ਹੈ ਤਾਂ ਅੱਜ ਘਰ ਦੇ ਕਿਸੇ ਵੱਡੇ ਤੋਂ ਧੰਨ ਨੂੰ ਜਮਾਂ ਕਰਨ ਦੀ ਸਲਾਹ ਲਵੋ। ਤੁਸੀ ਆਪਣੀਆਂ ਪਰੇਸ਼ਾਨੀਆਂ ਨੂੰ ਭੁਲਾ ਕੇ ਪਰਿਵਾਰ ਦੇ ਨਾਲ ਚੰਗਾ ਸਮਾਂ ਬਿਤਾਉਂਗੇ। ਅੱਜ ਪਿਆਰ ਵਿਚ ਆਪਣੀ ਵਿਵੇਕ ਸ਼ਕਤੀ ਦੀ ਵਰਤੋ ਕਰੋ। ਕੰਮਕਾਰ ਵਾਲੇ ਲੋਕਾਂ ਨੂੰ ਹਾਲ ਦੀ ਉਪਲਬਧੀਆਂ ਦੇ ਲਈ ਸਹਿਕਰਮੀ ਨੂੰ ਸਰਾਹਾਨਾ ਅਤੇ ਮਦਦ ਮਿਲੇਗੀ। ਯਾਤਰਾ ਦੇ ਮੋਕਿਆਂ ਨੂੰ ਹੱਥ ਤੋਂ ਨਹੀਂ ਦਿੱਤਾ ਜਾਣਾ ਚਾਹੀਦਾ। ਅੱਜ ਦਾ ਦਿਨ ਤੁਹਾਡੇ ਸਾਥੀ ਦਾ ਬੇਹਤਰੀਨ ਪਹਿਲੂ ਨੂੰ ਦਿਖਾਉਣ ਵਾਲਾ ਹੈ।

**ਸਿੰਘ:** ਕੰਮ ਦੇ ਸਥਾਨ ਤੇ ਉੱਚੇ ਅਧਿਕਾਰੀਆਂ ਦੇ ਦਬਾਅ ਅਤੇ ਅਣਬਣ ਦੇ ਟਲਦੇ ਸਮੇਂ, ਤੁਹਾਨੂੰ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਕੰਮ ਤੁਹਾਡੀ ਇਕਾਗਰਤਾ ਨੂੰ ਠੱਪ ਕਰ ਦੇਵੇਗਾ। ਆਰਥਿਕ ਤੋਰ ਤੇ ਸੁਧਾਰ ਤੈਅ ਹੈ। ਛੋਟੇ ਬੱਚੇ ਤੁਹਾਨੂੰ ਵਿਅਸਤ ਰੱਖਣਗੇ ਅਤੇ ਸਕੂਨ ਦੇਣਗੇ। ਅੱਜ ਹੀ ਲੰਬੇ ਸਮੇਂ ਤੋਂ ਚਲੇ ਆ ਰਹੇ ਝਗੜਿਆਂ ਨੂੰ ਸੁਲਝਾ ਲਵੋ ਕਿਉਂ ਕਿ ਹੋ ਸਕਦਾ ਹੈ ਕਿ ਕੱਲ ਬਹੁਤ ਦੇਰ ਹੋ ਜਾਵੇ ਕੰਮ ਕਾਰ ਵਿਚ ਤੁਹਾਡੇ ਦੁਸ਼ਮਨ ਵੀ ਅੱਜ ਤੁਹਾਡੇ ਦੋਸਤ ਬਣ ਸਕਦੇ ਹਨ। ਅੱਜ ਤੁਸੀ ਆਪਣੇ ਵਿਅਸਤ ਸ਼ੈਡਯੂਲ ਵਿਚੋਂ ਸਮਾਂ ਕੱਢ ਕੇ ਆਪਣੇ ਆਪ ਲਈ ਅਤੇ ਆਪਣੇ ਜੀਵਨ ਸਾਥੀ ਨਾਲ ਬਾਹਰ ਜਾ ਸਕਦੇ ਹੋ ਹਾਲਾਂ ਕਿ ਇਸ ਸਮੇਂ ਦੋਰਾਨ ਤੁਹਾਡੇ ਦੋਵਾਂ ਵਿਚਕਾਰ ਥੋੜੀ ਬਹੁਤ ਕਹਿਸੁਣੀ ਹੋ ਸਕਦੀ ਹੈ। ਤੁਹਾਡੇ ਜੀਵਨ ਸਾਥੀ ਦੀ ਸਿਹਤ ਥੋੜੀ ਜਿਹੀ ਖਰਾਬ ਹੋ ਸਕਦੀ ਹੈ।

**ਕੰਨਿਆ:** ਤੁਹਾਡਾ ਗੁੱਸਾ ਰਾਈ ਦਾ ਪਹਾੜ ਬਣਾ ਸਕਦਾ ਹੈ ਜੋ ਤੁਹਡੇ ਪਰਿਵਾਰ ਨੂੰ ਨਾਰਾਜ਼ ਕਰ ਸਕਦਾ ਹੈ ਉਹ ਲੋਕ ਖੁਸ਼ਕਿਸਮਤ ਹਨ ਜੋ ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖ ਸਕਦੇ ਹਨ ਇਸ ਤੋਂ ਪਹਿਲਾਂ ਕਿ ਤੁਹਾਡਾ ਗੁੱਸਾ ਤੁਹਾਨੂੰ ਖਤਮ ਕਰ ਦੇ ਤੁਸੀ ਉਸ ਨੂੰ ਖਤਮ ਕਰ ਦਿਉ ਅੱਜ ਕੋਈ ਦੇਣਦਾਰ ਬਿਨਾਂ ਦੱਸੇ ਤੁਹਾਡੇ ਖਾਤੇ ਵਿਚ ਪੈਸੇ ਪਵਾ ਸਕਦਾ ਹੈ ਜਿਸਦੇ ਬਾਰੇ ਵਿਚ ਜਾਣ ਕੇ ਤੁਸੀ ਅਚੰਬਿਤ ਅਤੇ ਖੁਸ਼ੀ ਵੀ ਹੋ ਸਕਦੀ ਹੈ ਪਿਆਰ ਮੇਲਜੋਲ ਅਤੇ ਆਪਸੀ ਪਰਸਾਰ ਵਿਚ ਵਾਧਾ ਹੋਵੇਗਾ। ਰੋਮਾਂਸ ਆਨੰਦਾਇਕ ਅਤੇ ਕਾਫੀ ਰੋਮਾਂਚਕ ਹੋਵੇਗਾ। ਨੋਕਰੀ ਬਦਲਣਾ ਮਦਦਗਾਰ ਸਾਬਿਤ ਹੋਵੇਗਾ ਤੁਸੀ ਆਪਣੀ ਵਰਤਮਾਨ ਨੋਕਰੀ ਨੂੰ ਛੱਡਕੇ ਕਿਸੇ ਨਵੇਂ ਫੀਲਡ ਜਿਵੇਂ ਮਾਰਕਿਟ ਵਿਚ ਜਾ ਸਕਦੇ ਹੋ ਜੋ ਤੁਹਾਡੇ ਲਈ ਵਧੀਆ ਰਹੇਗਾ। ਰਾਤ ਦੇ ਸਮੇਂ ਅੱਜ ਤੁਸੀ ਘਰ ਦੇ ਲੋਕਾਂ ਤੋਂ ਦੂਰ ਰਹਿ ਕੇ ਆਪਣੀ ਘਰ ਦੀ ਛੱਤ ਤੇ ਜਾਂ ਕਿਸੀ ਪਾਰਕ ਵਿਚ ਟਹਿਲਣਾ ਪਸੰਦ ਕਰੋਂਗੇ। ਅੱਜ ਤੁਸੀ ਜਾਣੋਗੇ ਕਿ ਵਿਆਹ ਕਰਵਾਉਣ ਦੀ ਅਸਲ ਪਰੰਪਰਾ ਕੀ ਹੈ।

**ਤੁਲਾ:** ਬਾਹਰ ਦਾ ਅਤੇ ਖੁੱਲਾ ਖਾਣਾ ਖਾਉਂਦੇ ਸਮੇਂ ਖਾਸ ਤੌਰ ਤੇ ਬਚਾਅ ਧਿਆਨ ਦੇਣ ਦੀ ਲੋੜ ਹੈ ਹਾਲਾ ਕਿ ਬਿਨਾ ਵਜਾਹ ਤਣਾਅ ਨਾ ਲਵੋ ਕਿਉਂ ਕਿ ਇਹ ਤੁਹਾਨੂੰ ਮਾਨਸਿਕ ਕਸ਼ਟ ਦੇ ਸਕਦਾ ਹੈ। ਨਾਉਮੀਦ ਲਾਭ ਅਤੇ ਸੱਟੇਬਾਜ਼ੀ ਦੀ ਜ਼ਰੀਏ ਆਰਥਿਕ ਹਾਲਾਤ ਵਧਣਗੇ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖੇਗਾ। ਤੁਹਾਨੂੰ ਆਪਣੀ ਤਰਫ ਤੋਂ ਸਭ ਬੇਹਤਰ ਤਰੀਕੇ ਨਾਲ ਵਿਵਹਾਰ ਕਰਨ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਡਾ ਪ੍ਰੇਮੀ ਜਲਦ ਹੀ ਨਾਰਾਜ ਹੋ ਸਕਦਾ ਹੈ। ਅੱਜ ਕੰਮ ਕਾਰ ਵਿਚ ਤੁਹਾਡੇ ਕਿਸੇ ਪੁਰਾਣੇ ਕੰਮ ਦੀ ਤਾਰੀਫ ਹੋ ਸਕਦੀ ਹੈ ਤੁਹਾਡੇ ਕੰਮ ਨੂੰ ਦੇਖਦੇ ਹੋਏ ਅੱਜ ਤੁਹਾਡੀ ਤਰੱਕੀ ਵੀ ਸੰਭਵ ਹੈ। ਕਾਰੋਬਾਰੀ ਅੱਜ ਅਨੁਭਵੀ ਲੋਕਾਂ ਨਾਲ ਕਾਰੋਬਾਰ ਨੂੰ ਅੱਗੇ ਵਧਾਉਣ ਦੀ ਸਲਾਹ ਦੇ ਸਕਦੇ ਹਨ ਸੈਮੀਨਾਰ ਅਤੇ ਪ੍ਰਦਰਸ਼ਨੀ ਤੁਹਾਨੂੰ ਨਵਾਂ ਗਿਆਨ ਅਤੇ ਸੰਪਰਕ ਪ੍ਰਦਾਨ ਕਰ ਸਕਦਾ ਹੈ। ਅੱਜ ਤੁਹਾਡੀ ਬੀਤੀ ਜ਼ਿੰਦਗੀ ਦਾ ਕੋਈ ਰਾਜ਼ ਤੁਹਾਡੇ ਜੀਵਨ ਸਾਥੀ ਨੂੰ ਉਦਾਸ ਕਰ ਸਕਦਾ ਹੈ।

**ਬ੍ਰਿਸ਼ਚਕ:** ਆਪਣੀਆਂ ਭਾਵਨਾਵਾਂ ਤੇ ਖਾਸ ਤੋਰ ਤੇ ਗੁੱਸੇ ਉੱਪਰ ਕਾਬੂ ਰੱਖੋ। ਅੱਜ ਤੁਹਾਨੂੰ ਕਿਸੇ ਅਗਿਆਤ ਸਰੋਤ ਤੋਂ ਪੈਸਾ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਤੁਹਾਡੀਆਂ ਕਈਂ ਆਰਥਿਕ ਮੁਸ਼ਕਿਲਾਂ ਦੂਰ ਹੋ ਜਾਣਗੀਆਂ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖੇਗਾ। ਅੱਜ ਦੇ ਦਿਨ ਪਿਆਰ ਦਾ ਬੁਖਾਰ ਤੁਹਾਡੇ ਸਿਰ ਤੇ ਚੜਨ ਲਈ ਤਿਆਰ ਹੈ ਇਸ ਦਾ ਅਨੁਭਵ ਕਰੋ ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਅੱਜ ਦੇ ਦਿਨ ਤੁਸੀ ਬਹੁਤ ਵਿਅਸਤ ਰਹੋਂਗੇ ਪਰੰਤੂ ਮਨਪਸੰਦ ਦੇ ਕੰਮਾਂ ਨੂੰ ਕਰਨ ਦੇ ਲਈ ਵੀ ਤੁਹਾਡੇ ਕੋਲ ਉੱਤਮ ਸਮਾਂ ਹੋਵੇਗਾ। ਬਹੁਤ ਜ਼ਿਆਦਾ ਸੰਭਾਵਨਾ ਹੈ ਕੀ ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਦੇ ਵਿਚਕਾਰ ਪਿਆਰ ਖਤਮ ਹੋ ਸਕਦਾ ਹੈ ਮਤਭੇਦਾਂ ਨੂੰ ਸੁਲਝਾਉਣ ਲਈ ਗੱਲਬਾਤ ਕਰੋ ਨਹੀਂ ਤਾਂ ਚੀਜ਼ਾਂ ਹੋਰ ਵਿਗੜ ਸਕਦੀਆਂ ਹਨ।

**ਧਨੂੰ:** ਘਰ ਅਤੇ ਦਫਤਰ ਵਿਚ ਕੁੱਝ ਦਬਾਅ ਤੁਹਾਨੂੰ ਗੁੱਸੈਲਾ ਬਣਾ ਸਕਦਾ ਹੈ। ਉਂਝ ਤਾਂ ਅੱਜ ਆਰਥਿਕ ਹਾਲਤ ਕਾਫੀ ਮਜ਼ਬੂਤ ਰਹੇਗੀ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਤੁਸੀ ਪੈਸੇ ਨੂੰ ਵਿਅਰਥ ਚੀਜਾਂ ਤੇ ਖਰਚ ਨਾ ਕਰੋ। ਤੁਹਾਡੇ ਪਰਿਵਾਰ ਵਾਲੇ ਕਿਸੀ ਛੋਟੀ ਜਿਹੀ ਗੱਲ ਨੂੰ ਲੈ ਕੇ ਰੋਈ ਦਾ ਪਹਾੜ ਬਣਾ ਸਕਦੇ ਹਨ। ਜੇਕਰ ਤੁਸੀ ਡਿਕਟੇਟ ਕਰਨ ਦੀ ਕੋਸ਼ਿਸ਼ ਕਰੋਂਗੇ ਤਾਂ ਤੁਹਾਡੇ ਪਾਰਟਨਰ ਦੇ ਵਿਚ ਕਾਫੀ ਮੁਸ਼ਕਿਲ ਖੜੀ ਹੋ ਸਕਦੀ ਹੈ। ਉਦਾਯੋਗਪਤੀ ਲੋਕਾਂ ਨਾਲ ਸਾਂਝੇਦਾਰੀ ਵਿਚ ਉਦਮ ਹੈ। ਚੀਜ਼ਾਂ ਨੂੰ ਸਹੀ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰਨਾ ਵਧੀਆ ਹੈ ਨਹੀਂ ਤਾਂ ਅਜਿਹੇ ਦ੍ਰਿਸ਼ਾ ਬਾਰੇ ਲਗਾਤਾਰ ਸੋਚ ਕੇ ਤੁਸੀ ਆਪਣਾ ਖਾਲੀ ਸਮਾਂ ਖਰਾਬ ਕਰੋਂਗੇ। ਕਿਰਿਆਨੇ ਦੀ ਖਰੀਦਦਾਰੀ ਨੂੰ ਲੈ ਕੇ ਜੀਵਨਸਾਥੀ ਵਿਚਕਾਰ ਤਕਰਾਰ ਸੰਭਵ ਹੈ।

**ਮਕਰ:** ਆਪਣੀ ਸਿਹਤ ਦੀ ਬਿਹਤਰੀ ਲਈ ਖਾਣ ਪੀਣ ਸੁਧਾਰ ਕਰੋ। ਜੇਕਰ ਤੁਸੀ ਲੰਬੇ ਸਮੇਂ ਲਈ ਨਿਵੇਸ਼ ਕਰੋਂਗੇ ਤਾਂ ਚੰਗਾ ਖਾਸਾ ਲਾਭ ਹਾਸਿਲ ਹੋ ਸਕਦਾ ਹੈ। ਵਿਆਹਕ ਸਬੰਧ ਵਿਚ ਬੰਧਨ ਲਈ ਚੰਗਾ ਸਮਾਂ ਹੈ। ਅੱਜ ਪਿਆਰ ਵਿਚ ਆਪਣੀ ਵਿਵੇਕ ਸ਼ਕਤੀ ਦੀ ਵਰਤੋ ਕਰੋ। ਜੇਕਰ ਤੁਸੀ ਆਪਣਾ ਗਿਆਨ ਅਤੇ ਅਨੁਭਵ ਦੂਜਿਆਂ ਦੇ ਨਾਲ ਸਾਂਝਾ ਕਰੋਂਗੇ ਤਾਂ ਨਿਸ਼ਚਿਤ ਵਿਚ ਤੁਹਾਨੂੰ ਲਾਭ ਮਿਲੇਗਾ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋਂ ਵੱਧ ਕਦਰ ਕਰਦੇ ਹੋ। ਜੀਵਨਸਾਥੀ ਦੇ ਨਾਲ ਇਹ ਦਿਨ ਹੋਰ ਦਿਨਾਂ ਨਾਲੋ ਬੇਹਤਰ ਹੋਵੇਗਾ।

**ਕੁੰਭ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਅੱਜ ਤੁਹਾਨੂੰ ਕੋਈ ਪੁਰਾਣੀ ਬਿਮਾਰੀ ਪਰੇਸ਼ਾਨ ਕਰ ਸਕਦੀ ਹੈ ਜਿਸ ਦੀ ਵਜਾਹ ਨਾਲ ਤੁਹਾਨੂੰ ਹਸਪਤਾਲ ਵੀ ਜਾਣਾ ਪੈ ਸਕਦਾ ਹੈ ਅਤੇ ਤੁਹਾਡੀ ਕਾਫੀ ਖਰਚ ਹੋ ਸਕਦਾ ਹੈ। ਪਿਆਰ ਮੇਲਜੋਲ ਅਤੇ ਆਪਸੀ ਪਰਸਾਰ ਵਿਚ ਵਾਧਾ ਹੋਵੇਗਾ। ਤੁਹਾਡੀ ਮੁਸਕਰਾਹਟ ਦਾ ਕੋਈ ਅਰਥ ਨਹੀਂ ਹਾਸੇ ਵਿਚ ਕੋਈ ਧੁਨ ਦਿਲ ਨੂੰ ਨਹੀਂ ਭੁੱਲਦੀ ਕਿਉਂ ਕਿ ਤੁਸੀ ਕੰਪਨੀ ਨੂੰ ਯਾਦ ਕਰਦੇ ਹੋ। ਜੇਕਰ ਤੁਸੀ ਕੋਈਂ ਦਿਨਾਂ ਤੋਂ ਕੰਮਕਾਰ ਵਿਚ ਦਿੱਕਤ ਮਹਿਸੂਸ ਕਰ ਰਹੇ ਹੋ ਤਾਂ ਅੱਜ ਦੇ ਦਿਨ ਤੁਹਾਨੂੰ ਰਾਹਤ ਮਹਿਸੂਸ ਹੋ ਸਕਦੀ ਹੈ। ਉਨਾਂ ਲੋਕਾਂ ਨਾਲ ਮੇਲਜੋਲ ਵਧਾਉਣ ਤੋਂ ਬਚੋ ਜਿਹੜੇ ਤੁਹਾਡਾ ਸਮਾਂ ਖਰਾਬ ਕਰਦੇ ਹਨ। ਤੁਹਾਡੇ ਜੀਵਨਸਾਥੀ ਦੀ ਨੁਕਤਾਚੀਨੀ ਤੋਂ ਤੁਸੀ ਪਰੇਸ਼ਾਨ ਹੋ ਸਕਦੇ ਹੋ ਪਰ ਤੁਹਾਡੇ ਲਈ ਸੱਚਮੁਚ ਉਹ ਵਧੀਆ ਹੈ।

**ਮੀਨ:** ਤੁਸੀ ਭਾਵਨਾਤਮਕ ਤੋਰ ਤੇ ਬਹੁਤ ਸੰਵੇਦਨਸ਼ੀਲ ਹੋ ਇਸ ਲਈ ਅਜਿਹੇ ਹਾਲਾਤਾਂ ਤੋਂ ਬਚੋ ਜੋ ਤੁਹਾਨੂੰ ਚੋਟ ਪਹੁੰਚਾ ਸਕਦਾ ਹੈ। ਦਿਨ ਦੀ ਸ਼ੁਰੂਆਤ ਵਿਚ ਹੀ ਅੱਜ ਤੁਹਾਨੂੰ ਕੋਈ ਆਰਥਿਕ ਹਾਨੀ ਹੋ ਸਕਦੀ ਹੈ ਜਿਸ ਨਾਲ ਸਾਰਾ ਦਿਨ ਖਰਾਬ ਹੋ ਸਕਦਾ ਹੈ। ਇਕ ਮਜ਼ੇਦਾਰ ਸ਼ਾਮ ਦੇ ਲਈ ਦੋਸਤ ਤੁਹਾਨੂੰ ਤੁਹਾਡੇ ਘਰ ਤੇ ਬਲਾਉਣਗੇ। ਜੋ ਲੋਕ ਆਪਣੇ ਪਿਆਰ ਤੋਂ ਦੂਰ ਰਹਿੰਦੇ ਹਨ ਉਨਾਂ ਨੂੰ ਅੱਜ ਆਪਣੇ ਪਿਆਰ ਦੀ ਯਾਦ ਤੜਫਾ ਸਕਦੀ ਹੈ ਰਾਤ ਦੇ ਸਮੇਂ ਪਿਆਰੇ ਨਾਲ ਘੰਟਿਆਂ ਤਾਈਂ ਫੋਨ ਤੇ ਗੱਲਾਂ ਕਰ ਸਕਦੇ ਹੋ। ਤੁਹਾਨੂੰ ਸਭ ਤੋਂ ਵਧੀਆ ਮੋਕੇ ਨਵੇਂ ਲੋਕਾਂ ਦੇ ਮਿਲਣ ਨਾਲ ਮਿਲਣਗੇ। ਅੱਜ ਵਿਦਿਆਰਥੀਆਂ ਤੇ ਪਿਆਰ ਦਾ ਬੁਖਾਰ ਛਾ ਸਕਦਾ ਹੈ ਇਸ ਨਾਲ ਉਨਾਂ ਦਾ ਕਾਫੀ ਸਮਾਂ ਖਰਾਬ ਹੋ ਸਕਦਾ ਹੈ। ਜੀਵਨ ਸਾਥੀ ਦੇ ਨਾਲ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਕਰਨ ਦਾ ਭਰਪੂਰ ਸਮਾਂ ਹੈ।

# ਨੈਬ ਸਿੰਘ ਦੀ ਧੀ !

ਉਸ ਸ਼ਾਮ ਵੀ ਮੈਂ ਰੋਜ ਦੀ ਤਰ੍ਹਾਂ ਹੀ ਕੰਮ ਤੇ ਪਹੁੰਚੀ ਤਾਂ ਪਤਾ ਲੱਗਾ ਕਿ ਕੋਈ ਨਵੀਂ ਵਸਨੀਕ ਆਈ ਹੈ। ਉਸਨੂੰ ਲਵਾਰਿਸ ਹਾਲਤ ਵਿੱਚ ਘੁੰਮਦੀ ਦੇਖ ਸਮਾਜ ਸੇਵਾ ਵਾਲੇ ਸਾਡੇ ਕੋਲ ਛੱਡ ਗਏ। ਅਜਿਹੀ ਹਾਲਤ ਵਿੱਚ ਸਾਡੇ ਕੋਲ ਬਜ਼ੁਰਗਾਂ ਦਾ ਆਉਣਾ ਕੋਈ ਅਣਹੋਣੀ ਤਾਂ ਨਹੀ ਸੀ ਪਰ ਅਜਿਹਾ ਹੁੰਦਾ ਬਹੁਤ ਘੱਟ ਹੀ ਸੀ।

ਮੇਰੇ ਨਾਲ ਕੰਮ ਕਰਨ ਵਾਲਾ ਅਮਲਾ ਦੱਸ ਰਿਹਾ ਸੀ ਕਿ ਉਸਦੀ ਦਿਮਾਗ ਦੀ ਹਾਲਤ ਕੁੱਝ ਠੀਕ ਨਹੀ ਹੈ। ਪਤਾ ਨਹੀ ਕੀ ਅਵੱਲਾ ਜਿਹਾ ਬੋਲੀ ਜਾਂਦੀ ਸੀ। ਕਿਸੇ ਨੂੰ ਉਸਦਾ ਨਾਮ ਵੀ ਨਹੀ ਪਤਾ ਸੀ, ਇਸ ਲਈ ਬਾਈ ਨੰਬਰ ਕਮਰੇ ਵਾਲੀ ਹੀ ਸੱਦ ਰਹੇ ਸਨ।

ਮੇਰਾ ਉਸਨੂੰ ਮਿਲਣ ਦਾ ਮਨ ਤਾਂ ਸੀ ਪਰ ਕੰਮ ਦੇ ਹੋਰ ਰੁਝੇਵਿਆਂ ਵਿੱਚ ਰੁੱਝ ਗਈ ਅਤੇ ਮਿਲ ਨਾ ਸਕੀ। ਅਗਲੇ ਦਿਨ ਜਦੋਂ ਫੇਰ ਰਾਤ ਨੂੰ ਕੰਮ ਤੇ ਪਹੁੰਚੀ ਤਾਂ ਅਜੇ ਮੈਂ ਆਪਣੇ ਕਾਗਜ਼-ਪੱਤਰਾਂ ਵਾਲਾ ਕੰਮ ਹੀ ਕਰ ਰਹੀ ਸੀ ਕਿ ਕਿਸੇ ਦੀਆਂ ਉੱਚੀ ਉੱਚੀ ਆਵਾਜਾਂ ਆ ਰਹੀਆਂ ਸਨ ਕਿ, "ਮੈਂ ਨੈਬ ਸਿਉਂ ਦੀ ਕੁੜੀ ਹਾਂ। ਬਾਪੂ ਗਲਤੀ ਹੋ ਗਈ ਮਾਫ਼ ਕਰ ਦੇਈ"।

ਆਵਾਜ਼ ਬਹੁਤ ਉੱਚੀ ਸੀ ਅਤੇ ਵਿੱਚ ਹੀ ਰੋਣ ਦੀਆਂ ਆਵਾਜਾਂ ਵੀ ਆ ਰਹੀਆਂ ਸਨ। ਮੇਰਾ ਹੈਰਾਨ ਹੋਣਾ ਲਾਜ਼ਮੀ ਹੀ ਸੀ ਕਿਉਂਕਿ ਮੈਂ ਪਿਛਲੇ ਕਈ ਸਾਲਾਂ ਤੋਂ ਬਿਰਧ ਆਸ਼ਰਮ ਵਿੱਚ ਕੰਮ ਕਰ ਰਹੀ ਹਾਂ। ਇੱਥੇ ਮੈਂ ਜ਼ਿਆਦਾਤਰ ਗੋਰੇ ਬਜ਼ੁਰਗ ਹੀ ਆਉਂਦੇ ਹਨ। ਸਾਡੇ ਵਾਲੇ ਅੱਜ ਵੀ ਔਲਾਦ ਨਾਲ ਹੀ ਰਹਿਣ ਨੂੰ ਤਰਜੀਹ ਦਿੰਦੇ ਹਨ, ਔਲਾਦ ਭਵਾਂ ਚੰਗੀ ਹੋਵੇ ਜਾਂ ਮਾੜੀ ਅਤੇ ਪਰ ਇਹ ਤਾਂ ਕੋਈ ਪੰਜਾਬੀ ਬੋਲਣ ਵਾਲੀ ਔਰਤ ਦੀ ਆਵਾਜ਼ ਸੀ।

ਮੇਰੇ ਪੈਰ ਉੱਧਰ ਨੂੰ ਤੁਰ ਪਏ, ਆਵਾਜ਼ ਬਾਈ ਨੰਬਰ ਕਮਰੇ ਵਿੱਚੋਂ ਹੀ ਆ ਰਹੀ ਸੀ। ਗੋਰੀ ਕੁੜੀ ਉਸਨੂੰ ਸੰਭਾਲਣ ਦੀ ਬਹੁਤ ਕੋਸ਼ਿਸ਼ ਕਰ ਰਹੀ ਸੀ ਪਰ ਉਹ ਬੇਕਾਬੂ ਹੋ ਰਹੀ ਸੀ। ਦੇਖਣ ਤੇ ਉਸਦਾ ਹੁਲੀਆ ਕਿਸੇ ਵੀ ਪਾਸਿਓਂ ਪੰਜਾਬੀਆਂ ਵਾਲਾ ਨਹੀ ਸੀ। ਨਿੱਕੇ ਨਿੱਕੇ ਵਾਲ, ਕੰਨਾਂ ਵਿੱਚ ਬਹੁਤ ਸਾਰੀਆਂ ਵਾਲੀਆਂ ਅਤੇ ਝੁਰੜੀਆਂ ਭਰੇ ਸਰੀਰ ਉੱਤੇ ਖੁਣੇ ਟੈਟੂ ਵੀ ਆਪਣਾ ਹੁਸਨ ਗਵਾ ਢਲੇ ਪਏ ਸਨ।

ਅੰਗਰੇਜ਼ੀ ਬੋਲਦੀ ਤਾਂ ਜਵਾਂ ਇੱਥੋਂ ਦੀ ਹੀ ਵਸਨੀਕ ਲੱਗਦੀ ਪਰ ਕਿਤੇ ਵਰਤਦੀ ਪੰਜਾਬੀ ਦੇ ਲਫ਼ਜ਼ਾਂ ਤੋਂ ਹੀ ਪਤਾ ਲੱਗਦਾ ਸੀ ਕਿ ਉਹ ਸਾਡੇ ਵਾਲੀ ਹੀ ਹੈ। ਮੈਂ ਕੁੜੀ ਨੂੰ ਘੱਲ ਉਸਨੂੰ ਬਾਹਾਂ ਵਿੱਚ ਭਰ ਕੇ ਕਿਹਾ ਕਿ ਕੋਈ ਨਾ ਮੈਂ ਕਰ ਲਵਾਂਗੀ ਬਾਪੂ ਨਾਲ ਗੱਲ, ਤੂੰ ਆਰਾਮ ਕਰ। ਉਸਨੇ ਇੱਕ ਟੱਕ ਮੇਰੇ ਵੱਲ ਦੇਖਿਆ ਅਤੇ ਫੇਰ ਮੇਰੀ ਦਿੱਤੀ ਨੀਂਦ ਦੀ ਦਵਾਈ ਲੈ ਘੂਕ ਸੌਂ ਗਈ ਪਰ ਮੇਰੇ ਜ਼ਿਹਨ ਵਿੱਚ ਹਜ਼ਾਰਾਂ ਸਵਾਲ ਛੱਡ ਗਈ।

ਹਰ ਦਿਨ ਨਾਲ ਉਸਦੀ ਹਾਲਤ ਕੁੱਝ ਬੇਹਤਰ ਹੋ ਗਈ ਅਤੇ



ਉਸਦਾ ਮੇਰੇ ਨਾਲ ਲਗਾਵ ਵੀ ਬਹੁਤ ਵੱਧ ਗਿਆ। ਦਿਨੇ ਚਾਹੇ ਉਹ ਘੁੰਮ-ਸੁੰਮ ਰਹਿੰਦੀ ਪਰ ਹਰ ਰਾਤ ਫੇਰ ਰੋਂਦੀ। ਆਖਰ ਇੱਕ ਦਿਨ ਮੇਰੇ ਕਹਿਣ ਉੱਤੇ ਉਸਨੇ ਆਪਣੇ ਦਿਲ ਦਾ ਬੋਝ ਫਰੋਲ ਹੀ ਲਿਆ। ਦੱਸਣ ਲੱਗੀ ਕਿ, "ਚੜਦੀ ਉਮਰ ਵਿੱਚ ਉਂਜ ਤਾਂ ਸ਼ਾਇਦ ਹਰ ਕੁੜੀ ਨੂੰ ਮਾਪਿਆਂ ਦਾ ਵਿਹੜਾ ਭੀੜਾ ਜਾਪਦਾ ਪਰ ਉਸਦਾ ਕੁੱਝ ਜਿਆਦਾ ਹੀ ਸਾਹ ਘੁੱਟਦਾ ਸੀ। ਜਿਸ ਸਮੇਂ ਵਿੱਚ ਕੁੜੀਆਂ ਨੂੰ ਪੰਜ ਪੜ੍ਹਾ ਵਿਆਹ ਕੇ ਤੋਰ ਦਿੰਦੇ ਸਨ, ਘਰਦਿਆਂ ਨੇ ਉਸਨੂੰ ਸ਼ਹਿਰ ਪੜ੍ਹਨ ਭੇਜਿਆ ਸੀ।

ਉੱਥੇ ਉਸਨੂੰ ਰੂਹ ਦਾ ਹਾਣੀ ਵੀ ਮਿਲ ਗਿਆ ਸੀ ਪਰ ਫੇਰ ਆਸਮਾਨ ਵਿੱਚ ਉੱਡਦੇ ਜਹਾਜ਼ਾਂ ਦੇ ਸੁਪਨਿਆਂ ਨੇ ਸਭ ਫਿੱਕਾ ਪਾ ਦਿੱਤਾ ਅਤੇ ਉਹ ਵਲੈਤ ਵੱਸਣ ਦੇ ਸੁਪਨੇ ਦੇਖਣ ਲੱਗੀ। ਉਸਨੇ ਆਪ ਹੀ ਰਿਸ਼ਤੇ ਵਿੱਚੋਂ ਲੱਗਦੀ ਭੂਆ, ਜੋ ਰਿਸ਼ਤੇ ਕਰਾਉਣ ਵਿੱਚ ਹੀ ਮਾਹਰ ਸੀ, ਨਾਲ ਰਿਸ਼ਤੇ ਦੀ ਗੱਲ ਤੋਰੀ। ਕੁੜੀ ਸੋਹਣੀ ਸੁਨੱਖੀ ਸੀ, ਪੜ੍ਹ ਵੀ ਰਹੀ ਸੀ ਦਿਨਾਂ ਵਿੱਚ ਹੀ ਫੁੱਫੜ ਦੀ ਰਿਸ਼ਤੇਦਾਰੀ ਵਾਲੇ ਇੰਗਲੈਂਡ ਵਾਲੇ ਮੁੰਡੇ ਨਾਲ ਰਿਸ਼ਤਾ ਪੱਕਾ ਹੋ ਗਿਆ।

ਬਾਪੂ ਨੈਬ ਸਿੰਘ ਭਵਾਂ ਇਸ ਰਿਸ਼ਤੇ ਦੇ ਹੱਕ ਵਿੱਚ ਨਹੀ ਸੀ ਪਰ ਉਸਦੇ ਹੱਠ ਅੱਗੇ ਬਾਪੂ ਦੀ ਇੱਕ ਨਾ ਚੱਲੀ ਅਤੇ ਉਹ ਇੰਗਲੈਂਡ ਆ ਗਈ। ਸਹੁਰਾ ਪਰਿਵਾਰ ਰੱਜ ਕੇ ਸ਼ਰੀਫ ਸੀ ਅਤੇ ਮੁੰਡਾ ਵੀ ਨਸ਼ੇ ਤੋਂ ਰਹਿਤ ਪਰ ਉਹ ਗ੍ਰਹਿਸਤ ਵਿੱਚ ਪੈ ਕੇ ਜਿਉਣ ਵਾਲਿਆਂ ਵਿੱਚੋਂ ਨਹੀ ਸੀ।

ਉਸਨੂੰ ਇੱਕ ਵਾਰ ਫੇਰ ਹੁਣ ਸਿਰ ਦੇ ਸਾਂਈ ਦੇ ਘਰ ਦਾ ਵਿਹੜਾ ਵੀ ਭੀੜਾ ਲੱਗਣ ਲੱਗਾ ਅਤੇ ਇੱਕ ਦਿਨ ਸਭ ਸਮਾਨ ਸਮੇਟ ਘਰੋਂ ਨਿਕਲ ਗਈ। ਬਥੇਰਾ ਰੌਲਾ ਪਿਆ, ਪਿੰਡ ਵੀ ਪੰਚਾਇਤਾਂ ਹੋਈਆਂ ਪਰ ਉਹ ਇਸ ਸਭ ਤੋਂ ਬੇਖਬਰ ਆਪਣੀ ਜ਼ਿੰਦਗੀ ਕਿਸੇ ਹੋਰ ਸ਼ਹਿਰ ਵਿੱਚ ਜਿਉਣ ਲੱਗੀ। ਬਾਪੂ ਨੈਬ ਸਿੰਘ ਇਹ ਬਦਨਾਮੀ ਨਾ ਸਹਾਰ ਸਕਿਆ ਅਤੇ ਖੁਦਕੁਸ਼ੀ ਦੇ ਰਾਹ ਪੈ ਗਿਆ। ਛੋਟਾ ਭਰਾ ਅਤੇ ਮਾਂ ਸਾਰੀ ਜ਼ਮੀਨ-ਜਾਇਦਾਦ ਪਿੰਡੋਂ ਵੇਚ ਪਤਾ ਨਹੀ ਕਿੱਥੇ ਚਲੇ ਗਏ ਸਨ ਅਤੇ ਉਸਨੂੰ ਇਹ ਸਭ ਕੁੱਝ ਬਹੁਤ ਬਾਅਦ ਵਿੱਚ ਪਤਾ ਲੱਗਾ।

ਸੁਣ ਕੇ ਉਸਨੂੰ ਦੁੱਖ ਤਾਂ ਲੱਗਾ ਪਰ ਉਹ ਆਪਣੀ ਜ਼ਿੰਦਗੀ ਦੇ ਰੰਗਾਂ ਵਿੱਚ ਇੰਨੀ ਕੁ ਰੰਗ ਚੁੱਕੀ ਸੀ ਕਿ ਦਿਨਾਂ ਵਿੱਚ ਹੀ ਸਭ ਵਸਾਰ ਗਈ। ਤਮਾਮ ਉਮਰ ਉਸਨੇ ਬਥੇਰੀਆਂ ਨੌਕਰੀਆਂ ਕੀਤੀਆਂ, ਪੈਸਾ ਕਮਾਇਆ, ਪੈਸਾ ਉਡਾਇਆ ਅਤੇ ਕਈ ਸੱਜਣ ਬਣਾਏ ਪਰ ਢੱਲਦੀ ਉਮਰ ਕਿਸੇ ਨੂੰ ਪੁੱਛ ਕੇ ਨਹੀ ਆਉਂਦੀ। ਅੰਤ ਉਸਦੇ ਸੱਜਣ ਇੱਕ ਇੱਕ ਕਰਕੇ ਦੂਰ ਹੋ ਗਏ, ਉਹਨਾਂ ਘਰ ਵਸਾ ਲਏ ਪਰ ਉਹ ਫੇਰ ਵੀ ਭਟਕਦੀ ਰਹੀ ਪਤਾ ਨਹੀ ਕਿਸ ਖੁਸ਼ੀ ਦੀ ਭਾਲ ਵਿੱਚ। ਅੰਤ ਯਾਦਦਸਤ ਸਾਥ ਛੱਡਣ ਲਈ ਅਤੇ ਸਰੀਰ ਵੀ, ਕੰਮ ਵੀ ਛੁੱਟ ਗਿਆ ਅਤੇ ਕਿਰਾਏ ਦਾ ਘਰ ਵੀ।

ਉਹ ਅਚਾਨਕ ਆਸਮਾਨ ਵਿੱਚ ਉੱਡਦੀ ਉੱਡਦੀ ਧਰਾਤਲ ਤੇ ਡਿੱਗ ਪਈ, ਪਰ ਉਸ ਕੋਲ ਤਾਂ ਆਪਣੀ ਕੋਈ ਧਰਤੀ ਵੀ ਨਹੀਂ ਸੀ। ਪਿਛਲੇ ਕੁੱਝ ਮਹੀਨਿਆਂ ਤੋਂ ਉਹ ਇੰਦਾਂ ਹੀ ਭਟਕ ਰਹੀ ਸੀ, ਬਾਪੂ ਨੈਬ ਸਿੰਘ ਉਸਦੇ ਹਰ ਰੋਜ਼ ਸੁਪਨਿਆਂ ਵਿੱਚ ਆਉਣ ਲੱਗਾ ਸੀ"। ਅਤੇ ਉਹ ਆਪਣੇ ਦਿਲ ਦਾ ਬੋਝ ਹਲਕਾ ਕਰ ਮੇਰਾ ਹੀ ਹੱਥ ਫੜ੍ਹ ਸੌਂ ਗਈ ਸੀ।

ਅਗਲੇ ਦਿਨ ਮੈਂ ਕੰਮ ਤੇ ਪਹੁੰਚੀ ਤਾਂ ਪਹਿਲਾਂ ਕੰਮ ਕਰ ਰਹੀ ਕੁੜੀ ਨੇ ਦੱਸਿਆ ਕਿ ਅੱਜ ਉਹ ਬਹੁਤ ਖੁਸ਼ ਸੀ ਅਤੇ ਹੁਣ ਆਰਾਮ ਕਰ ਰਹੀ ਹੈ। ਮੇਰਾ ਮਨ ਇਹ ਸੁਣ ਕੇ ਸ਼ਾਤ ਹੋ ਗਿਆ ਪਰ ਰਾਤ ਵਾਲੇ ਦੌਰੇ ਉੱਤੇ ਜਦੋਂ ਮੈਂ ਉਸਨੂੰ ਰਾਤ ਦੇ ਭੋਜਨ ਲਈ ਉਠਾਉਣ ਗਈ ਤਾਂ ਉਹ ਸਦਾ ਦੀ ਨੀਂਦ ਸੌਂ ਚੁੱਕੀ ਸੀ। ਸ਼ਾਇਦ ਉਸਦੀ ਸਜਾ ਪੂਰੀ ਹੋ ਚੁੱਕੀ ਸੀ ਅਤੇ ਬਾਪੂ ਨੈਬ ਸਿੰਘ ਨੇ ਉਸਨੂੰ ਮਾਫ਼ ਕਰ ਦਿੱਤਾ ਸੀ।

ਲਿਖਤ- ਹਰਪ੍ਰੀਤ ਬਰਾੜ ਸਿੱਧੂ

# (ਔਰਤ ਦੀ ਤ੍ਰਾਸਦੀ)

ਲੜਕੀ ਜਨਮ ਲੈਂਦੀ ਹੈ, ਪੜ੍ਹਾਈ ਲਿਖਾਈ ਕਰਦੀ ਹੈ, ਆਪਣੇ ਭੈਣਾਂ ਭਰਾਵਾਂ ਨਾਲ ਆਪਣਾ ਬਚਪਨ ਆਪਣੇ ਮਾਪਿਆਂ ਦੇ ਘਰ ਬਤੀਤ ਕਰਦੀ ਹੈ ਵੱਡੇ ਹੋਣ ਤੇ ਉਸ ਦੇ ਮਾਂ ਪਿਉ ਵੱਲੋਂ ਲੜਕੀ ਨੂੰ ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਤੂੰ ਤੇ ਪਰਾਹੁਣੀ ਹੈ। ਤੇਰਾ ਅਸਲੀ ਘਰ ਵਿਆਹ ਤੋਂ ਬਾਦ ਤੇਰੀ ਸੁਸਰਾਲ, ਤੇਰੇ ਪਤੀ ਦਾ ਘਰ ਹੈ।

ਸ਼ਾਦੀ ਦੇ ਬਾਦ ਲੜਕੀ ਆਪਣੇ ਪਤੀ ਦੇ ਘਰ ਆ ਜਾਂਦੀ ਹੈ। ਉਹ ਸਿਰ ਝੁਕਾ ਕੇ ਸੱਭ ਦਾ ਹੁਕਮ ਮੰਨਦੀ ਹੈ ਤੇ ਜੋ ਕੁਝ ਵੀ ਉਸ ਨੂੰ ਦਾਜ ਵਿੱਚ ਮਿਲਦਾ ਹੈ ਉਹ ਸੱਭ ਦੇ ਦਿੰਦੀ ਹੈ ਆਪਣੇ ਸੁਸਰਾਲ ਵਾਲਿਆਂ ਨੂੰ। ਇਸ ਤਰਾਂ ਵੀ ਕਹਿ ਸਕਦੇ ਹਾਂ ਕਿ ਲੈ ਲਿਆ ਜਾਂਦਾ ਹੈ। ਲੜਕੇ ਵਾਲਿਆਂ ਦੀ ਆਪਣੀ ਔਕਾਤ ਚਾਹੇ ਕੁਝ ਨਾ ਹੋਵੇ ਪਰ ਫਿਰ ਵੀ ਉਹ ਲੜਕੀ ਨੂੰ ਮਿਹਣੇ ਤਾਹਣੇ ਦੇਣ ਤੋਂ ਗੁਰੇਜ਼ ਨਹੀਂ ਕਰਨਗੇ ਕਿ ਇਸ ਦੇ ਮਾਪਿਆ ਨੇ ਕੀ ਦਿੱਤਾ ਹੈ। ਇਕ ਚਪੜਾਸੀ ਵੀ ਆਪਣੀ ਧੀ ਨੂੰ ਐਨਾ ਦੇ ਦਿੰਦਾ ਹੈ।

ਮਰਦ ਇਹ ਕਿਉਂ ਭੁੱਲ ਜਾਂਦਾ ਹੈ ਕਿ ਔਰਤ ਤੇ ਜਨਣੀ ਹੈ, ਗੁਰੂਆਂ ਤੇ ਪੀਰਾਂ ਦੀ, ਰਾਜੇ ਤੇ ਮਹਾਰਾਜਿਆਂ ਦੀ, ਮਾਤਾ ਸੁੰਦਰੀ, ਬੀਬੀ ਭਾਨੀ, ਰਾਣੀ ਝਾਂਸੀ, ਲੱਛਮੀ ਬਾਈ ਅਤੇ ਅਨੇਕਾਂ ਹੀ ਮਹਾਨ ਹਸਤੀਆਂ ਨੂੰ ਉਸ ਨੇ ਜਨਮ ਦਿੱਤਾ ਹੈ। ਪਰ ਫਿਰ ਵੀ ਮਰਦ ਔਰਤ ਨੂੰ ਭੋਗਣ ਦੀ ਵਸਤੂ ਤੇ ਕੰਮ ਕਰਨ ਵਾਲੀ ਨੋਕਰਾਨੀ ਹੀ ਸਮਝਦਾ ਹੈ। ਔਰਤ ਸੱਭ ਬਰਦਾਸ਼ਤ ਕਰਦੀ ਹੈ। ਸਾਰੀ ਉਮਰ ਘਰ ਨੂੰ ਬਨਾਉਣ ਸੰਵਾਰਨ ਵਿੱਚ ਲੱਗੀ ਰਹਿੰਦੀ ਹੈ। ਬੱਚਿਆਂ ਦੀ ਪਰਵਰਿਸ਼ ਵਿੱਚ, ਉਮਰ ਬਿਤਾ ਦਿੰਦੀ ਹੈ। ਸਾਰਾ ਦਿਨ ਕੰਮ ਵਿੱਚ ਲੱਗੇ ਰਹਿਣਾ, ਹਰ ਆਏ ਗਏ ਦੀ ਖਾਤਿਰਦਾਰੀ ਕਰਦੀ ਹੈ। ਮਰਦ ਨੇ ਜੋ ਕਹਿਣਾ ਔਰਤ ਸਾਰੀ ਉਮਰ ਚੁੱਪ-ਚਾਪ ਜਰਦੇ ਰਹਿੰਦੀ ਹੈ। ਫਿਰ ਵੀ ਉਫ਼ ਤੱਕ ਨਹੀਂ ਕਰਦੀ। ਮਰਦ ਸਾਰੀ ਉਮਰ ਤਾਨੇ ਮਿਹਨੇ

ਦਿੰਦਾ, ਕੁੱਟ ਮਾਰ ਕਰਦਾ, ਗਾਲੀ ਗਲੋਚ ਕਰਦਾ ਰਹਿੰਦਾ ਹੈ। ਹਰ ਸਮੇਂ ਟੋਕਾ ਟਾਕੀ ਕਰਨੀ ਇਹ ਨਹੀਂ ਕਰਨਾ, ਉਹ ਨਹੀਂ ਕਰਨਾ, ਇੱਥੇ ਨਹੀਂ ਜਾਣਾ, ਉੱਥੇ ਨਹੀਂ ਜਾਣਾ, ਨਾ ਕੋਈ ਆਏ, ਨਾ ਕੋਈ ਜਾਏ। ਕਿਸੇ ਨਾਲ ਗੱਲ ਨਹੀਂ ਕਰਨ ਦੇਣੀ, ਉਸਦੇ ਪੇਕਿਆਂ ਤੋਂ ਸਦਾ ਹੀ ਮੰਗਦੇ ਰਹਿਣਾ ਅਤੇ ਜੋ ਉਹਨਾਂ ਦੇਣਾ ਹਥਿਆ ਲੈਣਾ। ਹਰ ਜਗਹ ਹਰ ਇਕ ਸਾਹਮਣੇ ਆਪਣੀ ਪਤਨੀ ਨੂੰ ਬਿਨਾਂ ਵਜ੍ਹਾ ਬੇਇੱਜ਼ਤ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ।

ਔਰਤ ਹਰ ਪਲ ਸਬਰ ਦੇ ਘੁੱਟ ਭਰਦੀ ਰਹਿੰਦੀ ਹੈ।

ਪਰ ਕੱਦ ਤੱਕ ਭਰਿਆ ਰਹਿੰਦਾ ਉਸਦੇ ਸਬਰ ਦਾ ਪਿਆਲਾ, ਭਰਿਆ ਪਿਆਲਾ ਕਦੀ ਤੇ ਉੱਛਲੇਗਾ ਨਾ।

ਦੱਬੀ ਹੋਈ ਅੱਗ ਕਦੀ ਤੇ ਭੜਕੇਗੀ। ਔਰਤ ਦੀ ਸਾਰੀ ਉਮਰ ਦੀ ਤਪੱਸਿਆ ਪਲ ਛਿੰਨ ਵਿੱਚ ਭੰਗ ਹੋ ਗਈ, ਜਦ ਉਸਦੇ ਮਰਦ ਨੇ ਕਿਹਾ ਤੈਨੂੰ ਕੀ ਦੇਣਾ, ਤੂੰ ਤੇ ਨੌਕਰ ਹੈ। ਸਾਰੀ ਉਮਰ ਇਸ ਘਰ ਦੀਆਂ ਰੋਟੀਆਂ ਖਾਂਦੀ ਆ ਰਹੀ ਹੈ। ਇਹ ਸੁਣ ਸੀਨਾ ਲਹੂ ਲੁਹਾਣ ਹੋ ਗਿਆ।

ਮਰਦ ਇਹ ਕਿਉਂ ਭੁੱਲ ਗਿਆ ਕਿ ਔਰਤ ਦੀ ਜਵਾਨੀ ਰੁੱਲ ਗਈ, ਇਸ ਘਰ ਨੂੰ ਸੰਵਾਰਦੇ ਸੰਵਾਰਦੇ ਉਸਦਾ ਹਰ ਪੱਲ ਦਿਮਾਗੀ ਸੰਤਾਪ ਭੋਗਦੇ ਹੋਏ ਗੁਜ਼ਰਿਆ। ਹਰ ਰਾਤ ਅੱਥਰੂਆਂ ਨਾਲ ਤਕੀਆ ਭਿਗੋਣਾ ਇਹ ਸੋਚ ਸੋਚ ਕੇ ਤੇ ਰੋ ਰੋ ਕੇ ਬਦਲੇ ਵਿੱਚ ਉਸਨੂੰ ਜੋ ਉਸਦੇ ਪਤੀ ਨੇ ਦਿੱਤਾ ਇਹ ਕੁਝ। ਮਾਰ ਕੁੱਟ ਗਾਲੀ ਗਲੋਚ, ਤਾਨੇ ਮਿਹਨੇ।



ਰੋਜ਼ ਦਾ ਮਰ ਮਰ ਕੇ ਜਿਊਣਾ, ਸਾਰੀ ਉਮਰ ਦੇ ਹਉਕੇ ਤੇ

ਕੀ ਇਹ ਹੈ ਰੋਟੀਆਂ ਦੀ ਕੀਮਤ। ਕਿਸ ਤਰਾਂ ਭਰਪਾਈ ਹੋਵੇਗੀ ਇਸ ਸੱਭ ਦੀ, ਫਿਰ ਵੀ ਔਰਤ ਦਾ ਕੋਈ ਘਰ ਨਹੀਂ, ਕੋਈ ਤਨਖ਼ਾਹ ਨਹੀਂ। ਕੰਮ ਵਾਲੀ ਬਾਈ ਵੀ ਤਨਖ਼ਾਹ ਲੈਂਦੀ ਹੈ, ਰੋਟੀ ਪਾਣੀ ਕੱਪੜਾ ਲੱਤਾ ਸੱਭ ਲੈਂਦੀ ਹੈ। ਉਸ ਨੂੰ ਅਗਰ ਉੱਚੀ ਅਵਾਜ਼ ਵਿੱਚ ਬੋਲਾਂਗੇ ਤੇ ਉਹ ਕੰਮ ਛੱਡ ਕੇ ਚਲੇ ਜਾਏਗੀ। ਵਾਹ ਰੀ ਔਰਤ ਤੇਰੀ ਕਿਸਮਤ, ਕੀ ਸ਼ਾਦੀ ਇਸੇ ਦਾ ਨਾਮ ਹੈ, ਜਿੱਥੇ ਉਸਦੀ ਰੋਟੀਆਂ ਦੀ ਬੰਦਾ ਗਿਣਤੀ ਕਰੇ। ਐਨੀ ਘਟੀਆ ਸੋਚ ਐਨਾ ਘਟੀਆਪਣ, ਔਰਤ ਤੇਰੀ ਇਹ ਕੈਸੀ ਉਮਰ ਕੈਦ ਹੈ। ਇਹ ਤੇਰਾ ਕੈਸਾ ਬਨਵਾਸ ਹੈ, ਜੋ ਸ਼ਾਇਦ ਕਦੀ ਖਤਮ ਹੋਣ ਵਿੱਚ ਨਹੀਂ ਆਉਂਦਾ। ਮਰਦ ਇਹ ਕਿਉਂ ਭੁੱਲ ਜਾਂਦਾ ਹੈ ਕਿ ਔਰਤ ਅਗਰ ਸਬਰ ਸੰਤੋਖ ਦੀ ਮੂਰਤ ਹੈ ਤੇ ਵਕਤ ਆਉਣ ਤੇ ਉਹ ਚੰਡੀ ਵੀ ਬਣ ਜਾਂਦੀ ਹੈ। ਔਰਤ ਕਮਜ਼ੋਰ ਨਹੀਂ ਸ਼ਕਤੀ ਦਾ ਨਾਮ ਔਰਤ ਹੈ।

ਆਪਣੇ ਆਪ ਨੂੰ ਕਹਿੰਦੀ ਹੈ, ਉੱਠ ਹੰਭਲਾ ਮਾਰ ਤੇ ਆਪਣੇ ਹੱਕਾਂ ਲਈ ਲੜ। ਰੋਟੀਆਂ ਦੀ ਕੀਮਤ ਵਸੂਲ ਕਰ, ਜਿਸਦੇ ਬਦਲੇ ਉਸਨੇ ਸਾਰੀ ਉਮਰ ਕੀ ਖੋਇਆ ਹੈ ਤੇ ਕੀ ਬਰਦਾਸ਼ਤ ਕੀਤਾ ਹੈ। ਤੋੜ ਦੇ ਝੂਠੇ ਬੰਧਨ, ਜਿੱਥੇ ਔਰਤ ਨੂੰ ਹਰ ਸਮੇਂ ਬੇਇੱਜ਼ਤ ਕੀਤਾ ਜਾਏ। ਔਰਤ ਸੋਚਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵੀ ਫ਼ਰਮਾਇਆ ਹੈ (ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ) ਪਰ ਔਰਤ ਦੀ ਇਹ ਤ੍ਰਾਸਦੀ ਹੈ ਕਿ ਔਰਤ ਕਿਤੇ ਵੀ ਚਲੀ ਜਾਏ ਉਸਦੀ ਸਥਿਤੀ ਉਹੀ ਹੈ, ਚਾਹੇ ਕੋਈ ਮਰਦ ਪੜ੍ਹਿਆ ਲਿਖਿਆ ਹੈ ਜਾਂ ਅਨਪੜ੍ਹ ਹੈ, ਚਾਹੇ ਕਿਸੇ ਉੱਚ ਔਹਦੇ ਤੇ ਹੈ ਜਾਂ ਰਿਟਾਇਰ ਹੋ ਕੇ ਘਰ ਬੈਠਾ ਹੈ ਉਸਦੀ ਫਿਤਰਤ ਉਹੀ ਰਹਿੰਦੀ ਹੈ, ਉਸਦੀਆਂ ਆਦਤਾਂ ਨਹੀਂ ਬਦਲਦੀਆਂ ਉਹ ਔਰਤ ਨੂੰ ਨੌਕਰਾਣੀ ਹੀ ਸਮਝਦਾ ਹੈ ਤੇ ਇਹ ਕਹਿ ਉਸਦਾ ਹਮੇਸ਼ਾਂ ਤ੍ਰਿਸਕਾਰ ਕਰੇਗਾ ਕਿ ਤੈਨੂੰ ਕੀ ਦੇਣਾ ਹੈ ਤੂੰ ਤੇ ਨੌਕਰਾਣੀ ਹੈ ਸਾਰੀ ਉਮਰ ਰੋਟੀਆਂ ਖਾਂਦੀ ਆਈ ਹੈ।

ਔਰਤ ਦੀ ਇਹ ਸੱਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਹ ਸਾਰੀ ਉਮਰ ਤਿੰਨ ਪੱਪਿਆਂ ਦੇ ਅਧੀਨ ਰਹਿੰਦੀ ਹੈ। ਪਹਿਲਾਂ ਪਿਉ, ਫਿਰ ਪਤੀ ਤੇ ਫਿਰ ਪੁੱਤਰ। ਫਿਰ ਵੀ ਉਸਦਾ ਆਪਣਾ ਕੁਝ ਨਹੀਂ ਨਾ ਕੋਈ ਘਰ, ਨਾ ਪੈਸਾ ਤੇ ਨਾ ਹੀ ਸੋਚ। ਇਸਤੋਂ ਵੱਡੀ ਤ੍ਰਾਸਦੀ ਔਰਤ ਦੀ ਕੀ ਹੋ ਸਕਦੀ ਹੈ ਕਿ ਪੜ੍ਹੀ ਲਿਖੀ ਹੋਣ ਦੇ ਬਾਵਜੂਦ ਵੀ ਔਰਤ ਦਾ ਆਪਣਾ ਕੁਝ ਨਹੀਂ। ਲਾਲ ਚੂੜੇ ਤੇ ਚਾਰ ਲਾਵਾਂ ਲੈਣ ਦੀ ਕਿੰਨੀ ਵੱਡੀ ਕੀਮਤ ਔਰਤ ਨੂੰ ਅਦਾ ਕਰਨੀ ਪੈਂਦੀ ਹੈ, ਜਿੱਥੋਂ ਚਾਅ ਕੇ ਵੀ ਉਹ ਆਪਣੇ ਆਪ ਨੂੰ ਮੁਕਤ ਨਹੀਂ ਕਰ ਸਕਦੀ। ਇਹ ਕੈਸਾ ਬਨਵਾਸ ਤੇ ਉਮਰਕੈਦ ਹੈ ਔਰਤ ਦੀ। ਇਸ ਤੋਂ ਵੱਡੀ ਤ੍ਰਾਸਦੀ ਕੀ ਹੋਏਗੀ।

ਅਸੀਂ ਔਰਤਾਂ ਤੇ ਬਹੁਤ ਸੈਮੀਨਾਰ ਕਰਦੇ ਹਾਂ, ਔਰਤਾਂ ਤੇ ਬਹੁਤ ਕੁਝ ਲਿਖਿਆ ਵੀ ਜਾਂਦਾ ਹੈ ਪਰ ਬੰਦੇ ਦੀ ਸੋਚ ਨੂੰ ਨਹੀਂ ਬਦਲ ਸਕਦੇ।

ਗੁਰਬਾਣੀ ਵਿੱਚ ਵੀ ਸਾਡੇ ਗੁਰੂ ਸਾਹਿਬ ਜੀ ਨੇ ਲਿਖਿਆ ਹੈ ਕਿ...

ਸੋ ਕਿਉਂ ਮੰਦਾ ਆਖੀਏ ਜਿੱਤ ਜੰਮੇ ਰਾਜਾਨਿ ....

ਇਕ ਗੀਤ ਵੀ ਹੈ ..

ਔਰਤ ਨੇ ਜਨਮ ਦਿਆ ਮਰਦੋਂ ਕੋ ...

ਵਾਰਸ ਸ਼ਾਹ ਨੇ ਵੀ ਲਿਖਿਆ ਹੈ ਕਿ ..

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਏ

ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ ....

ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ ਕਿ ..

ਕੁੱਤਾ ਰਾਜ ਬਹਾਲੀਏ ਫਿਰ ਚੱਕੀ ਚੱਟੇ ..

ਔਰਤ ਕੱਦ ਤੱਕ ਇਹ ਸੱਭ ਬਰਦਾਸ਼ਤ ਕਰਦੀ ਰਹੇਗੀ ਤੇ ਜ਼ਿੱਲਤ ਭਰੀ ਜ਼ਿੰਦਗੀ ਜੀਉਂਦੀ ਰਹੇਗੀ।

ਸਿਰਫ਼ ਰਚਨਾਵਾਂ ਲਿਖਣ ਨਾਲ ਵੀ ਕੁਝ ਨਹੀਂ ਹੁੰਦਾ, ਸੈਮੀਨਾਰ ਜਾਂ ਕਾਨਫ਼ਰੰਸਾਂ ਕਰਾਉਣ ਨਾਲ ਵੀ ਕੁਝ ਨਹੀਂ ਹੁੰਦਾ, ਕੌਣ ਦਿੰਦਾ ਹੈ ਔਰਤ ਦਾ ਸਾਥ ਕੋਈ ਨਹੀਂ, ਨਾ ਸਮਾਜ, ਨਾ ਦੋਸਤ, ਨਾ ਭੈਣ ਭਰਾ, ਨਾ ਬੱਚੇ, ਕੋਈ ਵੀ ਤੇ ਨਹੀਂ, ਉਸਦੇ ਦਰਦ ਸਿਰਫ਼ ਉਸਦੇ ਆਪਣੇ ਨੇ, ਜੱਦ ਉਸਨੂੰ ਸਮਝ ਆਉਂਦੀ ਹੈ ਤਾਂ ਸਮਾਂ ਹੱਥੋਂ ਨਿਕਲ ਗਿਆ ਹੁੰਦਾ ਹੈ। ਫਿਰ ਔਰਤ ਸੋਚਦੀ ਹੈ ਕਿ ਔਰਤ ਨੂੰ ਸਮਾਂ ਰਹਿੰਦੇ ਆਪਣੇ ਫ਼ੈਸਲੇ ਆਪ ਕਰ ਲੈਣੇ ਚਾਹੀਦੇ ਹਨ ਪਰ ਤੱਦ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਕਿਉਂਕਿ ਉਸ ਕੋਲ ਆਪਣਾ ਕੁਝ ਵੀ ਨਹੀਂ, ਨਾ ਕਿਸੇ ਦਾ ਸਾਥ, ਨਾ ਪੱਲੇ ਪੈਸਾ ਧੇਲਾ ਤੇ ਨਾ ਹੀ ਆਪਣੀ ਮਰਜ਼ੀ ਕੀ ਕਰੇ ਔਰਤ?

ਇਹੀ ਔਰਤ ਦੀ ਸੱਭ ਤੋਂ ਵੱਡੀ ਤ੍ਰਾਸਦੀ ਹੈ।

ਰਮਿੰਦਰ ਰੰਮੀ ਕੈਨੇਡਾ

# ਬਾਸੜੀਏ ਦੇ ਚੂਹੇ



ਸਾਡੇ ਘਰ ਮੇਰੀ ਸੁਰਤ ਤੋਂ ਪਹਿਲਾਂ ਈ ਕਿਸੇ ਤਰਾਂ ਦਾ ਕਰਮ-ਕਾਂਡ, ਮੜ੍ਹੀਆਂ-ਮਸਾਣੀਆਂ ਨੂੰ ਮੱਥਾ ਆਦਿ ਕੁਝ ਨ੍ਹੀਂ ਸੀ ਕੀਤਾ ਜਾਂਦਾ। ਗੁਰਦੁਆਰੇ ਤੋਂ ਇਲਾਵਾ ਹੋਰ ਕਿਤੇ ਵੀ ਮੱਥਾ ਨ੍ਹੀਂ ਸੀ ਟੇਕਿਆ ਜਾਂਦਾ।

ਆਓ ਪਹਿਲਾਂ ਬਾਸੜੀਏ ਦਾ ਪੋਸਟ ਮਾਰਟਮ ਕਰ ਲਈਏ। ਜਿੱਥੋਂ ਤੱਕ ਮੈਂ ਅੰਦਾਜਾ ਲਗਾਇਆ, ਬਾਸੜੀਏ ਦਾ ਮਤਲਬ ਬਾਸੀ ਪਕਵਾਨਾਂ ਤੋਂ ਹੈ। ਕਿਉਂਕਿ ਜੋ ਵੀ ਮੱਠੀਆਂ ਗੁਲਗੁਲੇ ਆਦਿ ਬਣਾਏ ਜਾਂਦੇ ਸੀ, ਓਹ ਇੱਕ ਦਿਨ ਪਹਿਲਾਂ ਬਣਾਏ ਜਾਂਦੇ ਸੀ। ਜਿਵੇਂ ਬਾਸੜੀਆ ਅੱਜ ਹੈ, ਪਰ ਇਸ ਲਈ ਜੋ ਕੁਝ ਬਣਾਇਆ ਗਿਆ, ਓਹ ਕੱਲ੍ਹ ਆਥਣੇ ਬਣਾਇਆ ਗਿਆ ਹੈ। ਆਹੀ ਦਿਨਾਂ ਵਿੱਚ ਬਾਸੜੀਆ ਆਉਂਦਾ ਹੈ। ਜਿੱਥੋਂ ਤੱਕ ਇਸਦਾ ਕਾਰਨ ਲਗਦਾ, ਓਹ ਇਹ ਲਗਦਾ ਕਿ ਸਰਦੀ ਤੋਂ ਬਾਅਦ ਗਰਮੀਆਂ ਪੈਣ ਲੱਗ ਜਾਂਦੀਆਂ ਨੇ। ਓਦੋਂ ਫਰਿਜ਼ ਵਗੈਰਾ ਤਾਂ ਹੁੰਦੇ ਨ੍ਹੀਂ ਸੀ, ਇਸ ਲਈ ਬਾਸੀ ਭੋਜਨ ਦਾ ਗਰਮੀ 'ਚ ਬਚਣਾ ਮੁਸ਼ਕਿਲ ਸੀ। ਹੋ ਸਕਦਾ ਬਾਸੜੀਏ ਦਾ ਮੱਥਾ ਟੇਕ ਕੇ, ਲੋਕ ਬਾਸੀ ਭੋਜਨ ਰੱਖਣੋਂ ਹਟ ਜਾਂਦੇ ਹੋਣ।

ਘਰ ਇਹੋ ਜਿਹਾ ਕੁਝ ਨਾ ਬਣਨ ਕਰਕੇ, ਮੈਂ ਇੱਕ ਦਿਨ ਪਹਿਲਾਂ ਮਾਮੀ ਜੀ ਰੋਸ਼ਨੀ ਕੋਲ਼ ਚਲਿਆ ਜਾਂਦਾ। ਦੋ ਕੁ ਸਾਲ ਤਾਂ ਰਾਤ ਦੇ ਬਣਾਏ ਬਾਸੀ ਗੁਲਗੁਲੇ, ਸਵੇਰੇ ਚਾਹ ਨਾਲ਼ ਖਾਣ ਨੂੰ ਮਿਲੇ। ਆਥਣੇ ਤਾਂ ਬਸ ਖੁਸ਼ਬੋਆਂ ਲੈ-ਲੈ ਤਰਸੀ ਜਾਂਦੇ। ਫੇਰ ਮੈਂ ਤੇ ਮਾਮਾ ਜੀ ਦੇ ਛੋਟੇ ਮੁੰਡੇ ਜਸਵੀਰ ਨੇ ਸਲਾਹ ਕੀਤੀ। ਅੱਖ ਬਚਾ ਕੇ, ਲਾ ਤਾ ਗੁਲਗੁਲਿਆਂ ਨੂੰ ਪਾੜ। ਚੋਰੀ ਕਰਕੇ, ਗਰਮਾ-ਗਰਮ ਰਾਤ ਨੂੰ ਈ ਲਪੇਟਤੇ। ਕਿੰਨੀ ਕੁ ਦੇਰ ਚਲਦੀ ਚੋਰੀ ਭਲਾਂ।

ਆਖਰ ਇੱਕ ਵਾਰ "ਚੂਹੇ" ਆ ਈ ਗਏ ਅੜਿੱਕੇ। ਫੇਰ ਮਾਮੀ ਜੀ ਨੇ ਹੱਲ ਕੱਢ ਲਿਆ। ਦੂਸਰੇ ਦਿਨ ਸਵੇਰ ਲਈ ਮੱਥਾ ਟੇਕਣ ਜੋਗੇ ਰੱਖ, ਆਥਣੇ ਸਾਨੂੰ ਗਰਮ-ਗਰਮ ਖੁਆ ਦੇਣੇ।

-ਜਸਵਿੰਦਰ ਪੰਜਾਬੀ ਸਾਧੂ ਸੁਭਾਅ ਗੱਭਰੂ







# ‘ਅੰਤਰਰਾਸ਼ਟਰੀ ਬੋਸਟਨ ਮੈਰਾਥਨ’ ਤੇ ਕਈ ਹੋਰ ਮੈਰਾਥਨਾਂ ਦਾ ਦਸਤਾਰਧਾਰੀ ਦੌੜਾਕ- ਧਿਆਨ ਸਿੰਘ ਸੋਹਲ

‘ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ’ (ਟੀ.ਪੀ.ਏ.ਆਰ. ਕਲੱਬ) ਦਾ ਰਸਮੀ ਗਠਨ ਬੇਸ਼ਕ 2017 ‘ਚ ਜਾ ਕੇ ਹੋਇਆ ਪਰ ਇਸਦੇ ਕਈ ਮੈਂਬਰ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਤੌਰ ‘ਤੇ ਰਿਸ਼ਟ-ਪੁਸ਼ਟ ਰੱਖਣ ਲਈ ਇਸ ਤੋਂ ਪਹਿਲਾਂ ਵੀ ਨਿੱਜੀ ਤੌਰ ‘ਤੇ ਯਤਨਸ਼ੀਲ ਸਨ। 2014 ਦੀਆਂ ਗਰਮੀਆਂ ਵਿੱਚ ਇਸ ਕਲੱਬ ਦੇ ਮੁੱਢਲੇ ਮੈਂਬਰ ਸੰਧੂਰਾ ਸਿੰਘ ਬਰਾੜ ਅਤੇ ਹਰਭਜਨ ਸਿੰਘ ਗਿੱਲ ਜੋ ਬਾਅਦ ਵਿੱਚ ਕ੍ਰਮਵਾਰ ਇਸਦੇ ਚੇਅਰਪਰਸਨ ਤੇ ਪ੍ਰਧਾਨ ਬਣੇ, ਸਵੇਰੇ ਸੱਤ ਕੁ ਵਜੇ ਟੌਰਬਰੈਮ ਰੋਡ ਦੇ ‘ਵਾਕ-ਵੇਅ’ ‘ਤੇ ਦੌੜਨ ਲਈ ਨਿਕਲ ਪੈਂਦੇ ਸਨ। ਇਨ੍ਹਾਂ ਦਿਨਾਂ ‘ਚ ਹੀ ਟੌਰਬਰਮ ਰੋਡ ਦੇ ‘ਵਾਕ-ਵੇਅ’ ‘ਤੇ ਦੌੜਦਿਆਂ ਉਹ ਅਕਸਰ ਦਸਤਾਰ ਸਜਾਈ ਅਤੇ ਸਲੀਕੇ ਨਾਲ ਕੱਟੀ ਹੋਈ ਫੱਬਵੀਂ ਦਾੜ੍ਹੀ ਵਾਲੇ ਇੱਕ ਅੱਧਖੜ ਸ਼ਖ਼ਸ ਨੂੰ ਸਾਹਮਣਿਓਂ ਆਉਂਦਾ ਵੇਖਦੇ। ਉਹ ਆਪਣੀ ਮਸਤ ਚਾਲੇ ਦੌੜਦਾ ਹੋਇਆ ਆਉਂਦਾ ਤੇ ਚੁੱਪ-ਚਾਪ ਉਨ੍ਹਾਂ ਦੇ ਕੋਲੋਂ ਲੰਘ ਜਾਂਦਾ। ਉਸ ਨੂੰ ਆਉਂਦਿਆਂ ਵੇਖ ਕੇ ਇੱਕ ਦਿਨ ਸੰਧੂਰਾ ਸਿੰਘ ਬਰਾੜ ਨੇ ਰੁਕਣ ਦਾ ਇਸ਼ਾਰਾ ਕੀਤਾ, ਪਰ ਉਹ ਉਸਦੇ ਇਸ ਇਸ਼ਾਰੇ ਨੂੰ ਪੂਰੀ ਤਰ੍ਹਾਂ ਅਣਗੌਲ਼ਦਾ ਹੋਇਆ ਉਨ੍ਹਾਂ ਦੇ ਲਾਗੋਂ ਦੀ ਲੰਘ ਗਿਆ। ਉਹ ਦੋਵੇਂ ਉਸਦੇ ਇਸ ਅਜੀਬ ਵਿਹਾਰ ‘ਤੇ ਬੜੇ ਹੈਰਾਨ ਹੋਏ। ਅਗਲੇ ਦੋ-ਤਿੰਨ ਦਿਨ ਉਨਾਂ ਦੇ ਨਾਲ ਫਿਰ ਇੰਜ ਹੀ ਹੋਇਆ। ਹਰ ਵਾਰ ਉਹ ਉਨ੍ਹਾਂ ਦੇ ਕੋਲੋਂ ਪਾਸਾ ਵੱਟ ਕੇ ਲੰਘ ਜਾਂਦਾ ਰਿਹਾ। ਪਰ ਸੰਧੂਰਾ ਬਰਾੜ ਵੀ ਅੱਗੋਂ ਪੂਰਾ ਸਿਰੜੀ ਤੇ ਜ਼ਿਦੀ ਸੀ। ਉਸਨੇ ਹਿੰਮਤ ਨਹੀਂ ਹਾਰੀ ਅਤੇ ਇਕ ਦਿਨ ਉਸਦਾ ਰਾਹ ਰੋਕ ਕੇ ਪੁੱਛਣ ਲੱਗਾ, ਸਰਦਾਰ ਜੀ, ਕੀ ਗੱਲ ਕੋਈ ਨਰਾਜ਼ਗੀ ਆ, ਸਾਡੇ ਨਾਲ? ਅਸੀਂ ਰੋਜ਼ ਤੁਹਾਨੂੰ ਇਕੱਲਿਆਂ ਹੀ ਦੌੜਦੇ ਵੇਖਦੇ ਹਾਂ ਤੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਨਾ਼ਲ ਦੌੜਿਆ ਕਰੋ।” ਪਹਿਲਾਂ ਤਾਂ ਉਸਨੇ ਇਸ ਦੇ ਲਈ ਨਾਂਹ-ਨੁੱਕਰ ਕੀਤੀ ਪਰ ਫਿਰ ਬਰਾੜ ਨੇ ਅਖ਼ੀਰ ਉਸਨੂੰ ਆਪਣੇ ਨਾਲ ਦੌੜਨ ਲਈ ਮਨਾ ਹੀ ਲਿਆ।

ਦਰਅਸਲ, ਸਰੀਰ ਨੂੰ ਰਿਸ਼ਟ-ਪੁਸ਼ਟ ਤੇ ਸਹੀ ਰੱਖਣ ਲਈ ਹਰੇਕ ਨੂੰ ਥੋੜ੍ਹੀ ਬਹੁਤੀ ਕਸਰਤ ਦੀ ਜ਼ਰੂਰਤ ਤਾਂ ਪੈਂਦੀ ਹੀ ਹੈ ਅਤੇ ਖੇਡਾਂ ਇਸ ਕਸਰਤ ਦੇ ਲਈ ਮੁੱਖ ਸਾਧਨ ਹਨ। ਸੰਸਾਰ-ਭਰ ‘ਚ ਪ੍ਰਚੱਲਤ ਖੇਡਾਂ ਵਿੱਚੋਂ ਦੌੜਨਾ ਸੱਭ ਤੋਂ ਸਰਲ ਅਤੇ ਆਸਾਨ ਹੈ। ਇਸਦੇ ਲਈ ਕਿਸੇ ਟੀਮ, ਖ਼ਾਸ ‘ਡਰੈੱਸ ਕੋਡ’ ਜਾਂ ਵਿਸ਼ੇਸ਼ ਕਿਸਮ ਦੇ ਖੇਡ-ਸਮਾਨ ਦੀ ਲੋੜ ਨਹੀਂ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਨਿਯਮਾਂ ਦਾ ਕੋਈ ਵਿਸ਼ੇਸ਼ ਬੰਧੇਜ ਹੈ। ਹਾਕੀ, ਕ੍ਰਿਕਟ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਬੇਸਬਾਲ ਵਰਗੀਆਂ ਖੇਡਾਂ ਵਿੱਚ ਭਾਗ ਲੈਣ ਲਈ ਖਿਡਾਰੀ ਨੂੰ ਇਨ੍ਹਾਂ ਦੇ ਲਈ ਲੋੜੀਂਦੇ ਖੇਡ-ਸਮਾਨ ਦੀ ਲੋੜ ਪੈਂਦੀ ਹੈ ਅਤੇ ਇਨ੍ਹਾਂ ਗੇਮਾਂ ਲਈ ਬਣਾਏ ਗਏ ਨਿਯਮਾਂ ਦੀ ਪਾਲਣਾ ਵੀ ਸਖ਼ਤੀ ਨਾਲ ਕਰਨੀ ਪੈਂਦੀ ਹੈ। ਪਰ ਦੌੜਨ ਦੇ ਲਈ ਅਜਿਹੇ ਵਿਸ਼ੇਸ਼ ‘ਸਾਜ਼ੋ-ਸਮਾਨ’ ਜਾਂ ਖ਼ਾਸ ਨਿਯਮਾਂ ਦੀ ਬੰਦਸ਼ ਦੀ ਲੋੜ ਨਹੀਂ ਹੈ। ਕੋਈ ਵੀ ਮਨੁੱਖ ਇਕੱਲਾ ਵੀ ਦੌੜ ਸਕਦਾ ਹੈ ਅਤੇ ਉਹ ਆਪਣੇ ਸਾਥੀਆਂ ਦੇ ਨਾਲ ਮਿ਼ਲ ਕੇ ਦੌੜਨ ਦਾ ਵੀ ਅਨੰਦ ਲੈ ਸਕਦਾ ਹੈ।... ਤੇ ਟੌਰਬਰਮ ਰੋਡ ਦੇ ਵਾੱਕ-ਵੇਅ ‘ਤੇ ਦੌੜਨ ਵਾਲਾ ਉਹ ’ਅੱਧਖੜ ਸ਼ਖ਼ਸ’ ਵੀ ਤਾਂ ਆਪਣੀ ਮੌਜ ਵਿੱਚ ਰੋਜ਼ ਇਕੱਲਾ ਹੀ ਦੌੜਦਾ ਸੀ। ਇਹ ਕੋਈ ਹੋਰ ਨਹੀਂ ਸੀ, ਇਹ ਧਿਆਨ ਸਿੰਘ ਸੋਹਲ ਸੀ, ਜੋ ਬੇਹੱਦ ਸੰਗਾਊ ਸੁਭਾਅ ਦਾ ਮਾਲਕ ਸੀ ਤੇ ਉਹ ਹੁਣ ਵੀ ਉਵੇਂ ਹੀ ਹੈ। ਦੌੜਨ ਦਾ ਅਭਿਆਸ ਤਾਂ ਉਸਦਾ ਪਹਿਲਾਂ ਹੀ ਬਥੇਰਾ ਸੀ। ਇਨ੍ਹਾਂ ਦੋਹਾਂ ਸੱਜਣਾਂ ਦੀ ਪ੍ਰੇਰਨਾ ਨਾਲ ਉਸ ਨੂੰ ਦੌੜਨ ਲਈ ਹੋਰ ਉਤਸ਼ਾਹ ਤੇ ਹੌਸਲਾ ਮਿਲਿਆ ਅਤੇ ਉਨ੍ਹਾਂ ਨਾ਼ਲ ਮਿ਼ਲ ਕੇ ਉਸਨੇ ਪਹਿਲੀ ਵਾਰ ਅਕਤੂਬਰ 2014 ਵਿੱਚ ‘ਟੋਰਾਂਟੋ ਸਕੋਸ਼ੀਆ ਬੈਂਕ ਵਾਟਰਫ਼ਰੰਟ ਮੈਰਾਥਨ ਈਵੈਂਟ ਵਿੱਚ 21 ਕਿਲੋਮੀਟਰ ‘ਹਾਫ਼-ਮੈਰਾਥਨ’ ਲਗਾਈ। ਫਿਰ 22 ਮਈ 2015 ਨੂੰ ਉਸਨੇ ‘ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ’ ਵੱਲੋਂ ਕਰਵਾਈ ਗਈ ‘ਇੰਸਪੀਰੇਸ਼ਨਲ ਸਟੈੱਪਸ-2015’ ਵਿੱਚ ਭਾਗ ਲਿਆ ਅਤੇ ਅਕਤੂਬਰ 2015 ਵਿੱਚ ‘ਟੋਰਾਂਟੋ ਸਕੋਸ਼ੀਆਬੈਂਕ ਵਾਟਰਫ਼ਰੰਟ ਫੁੱਲ ਮੈਰਾਥਨ’ ਲਗਾਈ। ਇਸ ਤਰ੍ਹਾਂ ਉਸਦਾ ਲੰਮੀਆਂ ਦੌੜਾਂ ਵਿੱਚ ਭਾਗ ਲੈਣ ਦਾ ਸਿਲਸਿਲਾ ਆਰੰਭ ਹੋ ਗਿਆ ਅਤੇ ਫਿਰ ਉਸਨੇ ਪਿੱਛੇ ਭੌਂਅ ਕੇ ਨਹੀਂ ਵੇਖਿਆ। ਉਸ ਤੋਂ ਬਾਅਦ ਉਹ ਹਰ ਸਾਲ ਕਰਵਾਏ ਜਾਂਦੇ ਈਵੈਂਟਾਂ ‘ਇੰਸਪੀਰੇਸ਼ਨਲ ਸਟੈੱਪਸ’, ‘ਬਰੈਂਪਟਨ ਹਾਫ਼-ਮੈਰਾਥਨ, ‘ਜੌਰਜਿਨਾ ਮੈਰਾਥਨ’, ‘ਚਿੱਲੀ ਹਾਫ਼-ਮੈਰਾਥਨ’, ‘ਪੀਟਰਬੋਰੋ ਬਟਰਫ਼ਲਾਈ ਰਨ’, ‘ਬਿੰਬੋ ਗਲੋਬਲ ਰਨ’, ਪੀਲ ਪੋਲੀਸ ਦੀ ‘ਰੇਸ ਅਗੇਨਸਟ ਰੇਸਿਜ਼ਮ’, ਆਦਿ ਵਿੱਚ ਲਗਾਤਾਰ ਭਾਗ ਲੈ ਰਿਹਾ ਹੈ। ਇਸ ਦੌਰਾਨ 2017 ਵਿੱਚ ਟੀ.ਪੀ.ਏ.ਆਰ. ਕਲੱਬ ਬਰੈਂਪਟਨ ਬਾਕਾਇਦਾ ਹੋਂਦ ਵਿੱਚ ਆ ਗਈ ਅਤੇ ਇਸਦੇ ਚੇਅਰਪਰਸਨ ਸੰਧੂਰਾ ਬਰਾੜ ਨੇ ਧਿਆਨ ਸੋਹਲ ਨੂੰ ਕਲੱਬ ਦੇ ਸਰਗਰਮ ਮੈਂਬਰ ਕਰਮਜੀਤ ਖੰਗੂੜਾ ਕੋਚ, ਜੋ ਖ਼ੁਦ ਸਫ਼ਲ ਮੈਰਾਥਨ ਰੱਨਰ ਵਜੋਂ ਉਸ ਸਮੇਂ 100 ਤੋਂ ਵਧੇਰੇ ਮੈਰਾਥਨਾਂ ਵਿੱਚ ਭਾਗ ਲੈ ਚੁੱਕਾ ਸੀ, ਦੇ ਨਾਲ ਮਿਲਾਇਆ। ਉਸ ਨੇ ਦੌੜਾਂ ਦੇ ਇਸ ‘ਹੀਰੇ’ ਨੂੰ ਖ਼ੂਬ ਤਰਾਸ਼ਿਆ ਅਤੇ ਕਲੱਬ ਦੇ ਬੇਸ਼-ਕੀਮਤੀ ‘ਨਗੀਨੇ’ ਦੇ ਰੂਪ ਵਿੱਚ ਪੇਸ਼ ਕੀਤਾ। ਉਸਨੂੰ ਲੰਮੀ ਦੌੜ ਦੌੜਨ ਦੀਆਂ ਅਜੋਕੀਆਂ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਖ਼ੁਦ ਉਸਦੇ ਨਾ਼ਲ-ਨਾ਼ਲ ਦੌੜ ਕੇ ਇਸਦੇ ‘ਵਿਹਾਰਕ’ (ਪ੍ਰੈਕਟੀਕਲ) ਪੱਖਾਂ ਬਾਰੇ ਚਾਨਣਾ ਪਾਇਆ। ਇਸ ਦੌਰਾਨ ਧਿਆਨ ਸਿੰਘ ਸੋਹਲ ਨੇ ਦਾਹੜੀ ਰੱਖ ਲਈ ਅਤੇ ਉਹ ਖ਼ੂਬਸੂਰਤ ਦਸਤਾਰ ਸਜਾ ਕੇ ਪ੍ਰਕਾਸ਼ ਹੋਈ ਲੰਮੀ ਦਾਹੜੀ ਨਾਲ ਪੂਰਨ ਸਿੱਖੀ ਸਰੂਪ ਵਿੱਚ ਦੌੜਨ ਲੱਗਾ।








ਇਸ ਤੋਂ ਪਹਿਲਾਂ ਧਿਆਨ ਸਿੰਘ ਸੋਹਲ ਆਪਣੀ ਹਿੱਕ ਦੇ ਜ਼ੋਰ ਨਾਲ ਹੀ ਦੌੜਦਾ ਸੀ ਪਰ ਕਰਮਜੀਤ ਕੋਚ ਦੀ ਯੋਗ ਸਿਖਲਾਈ ਅਤੇ ਅਗਵਾਈ ਵਿੱਚ 2017 ਵਿੱਚ ਉਸਨੇ ਹੈਮਿਲਟਨ ਦੀ 30 ਕਿਲੋਮੀਟਰ ‘ਅਰਾਊਂਡ ਦ ਬੇਅ ਦੌੜ’ ਵਿੱਚ ਹਿੱਸਾ ਲੈ ਕੇ ਇਹ 2 ਘੰਟੇ 47 ਮਿੰਟ ‘ਚ ਸਫ਼ਲਤਾ ਪੂਰਵਕ ਸੰਪੰਨ ਕੀਤੀ ਅਤੇ ਏਸੇ ਸਾਲ ਟੋਰਾਂਟੋ ਵਿੱਚ ਹੋਈ ‘ਗੁੱਡਲਾਈਫ਼ ਫ਼ਿੱਟਨੈੱਸ ਟੋਰਾਂਟੋ ਫੁੱਲ ਮੈਰਾਥਨ’ 3 ਘੰਟੇ 51 ਮਿੰਟ ‘ਚ ਪੂਰੀ ਕਰਕੇ ਅੰਤਰਰਾਸ਼ਟਰੀ ਬੋਸਟਨ ਮੈਰਾਥਨ ਦੌੜਨ ਲਈ ਕੁਆਲੀਫ਼ਾਈ ਕੀਤਾ। ਪਰ ਉਸ ਸਾਲ ਬੋਸਟਨ ਦੀ ਇਸ ਮੈਰਾਥਨ ਵਿੱਚ ਉਸਦੇ ਨਾਲੋਂ ਘੱਟ ਸਮਾਂ ਲੈਣ ਵਾਲੇ ਮੈਰਾਥਨ ਦੌੜਾਕਾਂ ਦੀ ਗਿਣਤੀ ਪੂਰੀ ਹੋ ਜਾਣ ਕਰਕੇ ਉਹ ਇਸ ਅੰਤਰਰਾਸ਼ਟਰੀ ਮੈਰਾਥਨ ਵਿੱਚ ਭਾਗ ਨਾ ਲੈ ਸਕਿਆ ਅਤੇ ਉਸ ਤੋਂ ਅਗਲੇਰੇ ਸਾਲ 2019 ਦੀ ‘ਟੋਰਾਂਟੋ ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ’ ਉਸ ਤੋਂ ਵੀ ਘੱਟ ਸਮਾਂ ਲੈਂਦਿਆਂ ਹੋਇਆਂ ਦੋਬਾਰਾ ਫਿਰ ਕੁਆਲੀਫ਼ਾਈ ਕੀਤਾ। 2020 ਵਿੱਚ ਸਾਰੀ ਦੁਨੀਆਂ ਵਿੱਚ ‘ਕਰੋਨਾ ਮਹਾਂਮਾਰੀ’ ਫ਼ੈਲ ਜਾਣ ਕਰਕੇ ਖੇਡਾਂ ਦਾ ਕੋਈ ਵੀ ਈਵੈਂਟ ਆਯੋਜਿਤ ਨਾ ਹੋ ਸਕਿਆ ਅਤੇ ਧਿਆਨ ਸਿੰਘ ਸੋਹਲ ਨੇ ਉਸ ਤੋਂ ਅਗਲੇ ਸਾਲ 11 ਅਕਤੂਬਰ 2021 ਨੂੰ ‘125ਵੀਂ ਅੰਤਰਰਾਸ਼ਟਰੀ ਬੋਸਟਨ ਮੈਰਾਥਨ’ ਵਿੱਚ ਸਫ਼ਲਤਾ ਪੂਰਵਕ ਹਿੱਸਾ ਲਿਆ। ਇਸ ਮੈਰਾਥਨ ਦੌੜ ਨੂੰ ਪੂਰੀ ਕਰਨ ਲਈ ਭਾਵੇਂ ਉਸਨੂੰ ਬੇਸ਼ਕ ਚਾਰ ਘੰਟੇ ਤੋਂ ਵੀ ਵਧੀਕ ਸਮਾਂ ਲੱਗ ਗਿਆ ਪਰ ਇਹ ਉਸਦੇ ਲਈ ਬੜੇ ਮਾਣ ਵਾਲੀ ਗੱਲ ਸੀ, ਕਿਉਂਕਿ ਇਨ੍ਹਾਂ ਅੰਤਰਰਾਸ਼ਟਰੀ ‘ਵੱਕਾਰੀ ਦੌੜਾਂ’ ਨੂੰ ਸਫ਼ਲਤਾ ਪੂਰਵਕ ਪੂਰਿਆਂ ਕਰਨਾ ਹੀ ਬੜੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ। ਦਸਤਾਰ ਅਤੇ ਖੁੱਲ੍ਹੀ ਦਾਹੜੀ ਨਾਲ ਇਸ ਵੱਕਾਰੀ ਮੈਰਾਥਨ ਵਿੱਚ ਦੌੜਦਿਆਂ ਉਹ ਬਜ਼ੁਰਗ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਦਾ ‘ਦੂਸਰਾ ਰੂਪ’ ਹੀ ਲੱਗ ਰਿਹਾ ਸੀ।

ਧਿਆਨ ਸਿੰਘ ਸੋਹਲ ਦੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਇਹ ਦੁਆਬੇ ਦੇ ਜ਼ਿਲੇ ਨਵਾਂ ਸ਼ਹਿਰ ਦਾ ਹੈ, ਜਿਸ ਦੇ ਪਿੰਡ ਸਹੂੰਗੜਾ ਵਿੱਚ ਉਸਦਾ ਜਨਮ 19 ਮਈ 1956 ਨੂੰ ਪਿਤਾ ਸ. ਤਰਸੇਮ ਸਿੰਘ ਤੇ ਮਾਤਾ ਅਮਰ ਕੌਰ ਦੇ ਘਰ ਹੋਇਆ। ਪੰਜਵੀਂ ਤੱਕ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਹੀ ਪੜ੍ਹਿਆ ਅਤੇ ਫਿਰ ਅੱਗੋਂ ਸਰਕਾਰੀ ਹਾਈ ਸਕੂਲ ਵਿੱਚ ਛੇਵੀਂ ‘ਚ ਦਾਖ਼ਲਾ ਲੈ ਲਿਆ। ਇੱਥੇ ਉਹ ਸੱਤਵੀਂ ਜਮਾਤ ਤੱਕ ਹੀ ਪੜ੍ਹ ਸਕਿਆ ਅਤੇ ਫਿਰ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਦਾ ‘ਪਿਤਾ-ਪੁਰਖ਼ੀ’ ਕੰਮ ਸੰਭਾਲਣ ਵਿੱਚ ਮਦਦ ਕਰਨ ਲੱਗ ਪਿਆ। ਚੜ੍ਹਦੀ ਜਵਾਨੀ ‘ਚ 1978 ਵਿੱਚ ਉਸਦਾ ਵਿਆਹ ਦੁਆਬੇ ਦੇ ਪਿੰਡ ’ਰੋਡ ਮਜਾਰਾ’ ਦੀ ਬੀਬੀ ਗੁਰਦੇਵ ਕੌਰ ਨਾਲ ਹੋ ਗਿਆ। ਅੱਗੋਂ ਉਨ੍ਹਾਂ ਦੇ ਘਰ ਦੋ ਬੇਟਿਆਂ ਮਨਜਿੰਦਰ ਸਿੰਘ ਤੇ ਕੁਲਦੀਪ ਸਿੰਘ ਨੇ ਜਨਮ ਲਿਆ। ਕਈ ਹੋਰ ਪੰਜਾਬੀਆਂ ਵਾਂਗ ਚੰਗੇਰੇ ਭਵਿੱਖ ਦੀ ਆਸ ਵਿੱਚ ਉਹ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿੱਚ ਚੰਗੇ ਕੰਮ-ਕਾਜ ਦੀ ਤਲਾਸ਼ ਵਿੱਚ ਅਰਬ ਦੇਸ਼ਾਂ ਵੱਲ ਚੱਲ ਪਿਆ। ਪਹਿਲਾਂ ਲਿਬਨਾਨ ਜਾ ਕੇ ਇੱਕ ਭੱਠੇ ਉੱਪਰ ਇੱਟਾਂ ਪੱਥਣ ਤੇ ਪਕਾਉਣ ਦਾ ਕੰਮ ਕੀਤਾ ਅਤੇ ਫਿਰ ਉਸ ਤੋਂ ਬਾਅਦ ਲਿਬੀਆ, ਸੀਰੀਆ, ਤੁਰਕੀ, ਗਰੀਸ, ਇਟਲੀ, ਬਰਾਜ਼ੀਲ ਅਤੇ ਇੰਗਲੈਂਡ ਜਾ ਕੇ ਖੇਤੀਬਾੜੀ ਤੇ ਫ਼ੈਕਟਰੀਆਂ ਵਿੱਚ ਕਈ ਹੌ਼ਲੇ-ਭਾਰੇ ਕੰਮ ਕਰਕੇ ਕਿਸਮਤ ਅਜ਼ਮਾਈ। ਪਰ ਇਹ ਸਿਲਸਿਲਾ ਉਸਨੂੰ ਬਹੁਤਾ ਰਾਸ ਨਾ ਆਇਆ ਅਤੇ ਅਖ਼ੀਰ 1997 ਵਿੱਚ ਉਸਨੇ ਕੈਨੇਡਾ ਵੱਲ ਨੂੰ ਰੁਖ਼ ਕਰ ਲਿਆ। ਇੱਥੇ ਉਹ ਪਹਿਲਾਂ ਕਿਊਬਿਕ ਸੂਬੇ ਦੇ ਸ਼ਹਿਰ ਮਾਂਟਰੀਆਲ ਵਿੱਚ ‘ਰਫ਼ਿਊਜੀ’ ਵਜੋਂ ਪਹੁੰਚਿਆ ਅਤੇ ਤਿੰਨ ਕੁ ਸਾਲ ਉੱਥੇ ਏ.ਸੀ. ਬਨਾਉਣ ਵਾਲੀ ਇੱਕ ਫ਼ੈਕਟਰੀ ਵਿੱਚ ਕੰਮ ਕੀਤਾ। ਉੱਥੇ ਫ਼ਰੈਂਚ ਭਾਸ਼ਾ ਸਮਝਣ ਤੇ ਬੋਲਣ ਦੀ ਦਿੱਕਤ ਹੋਣ ਕਰਕੇ 2000 ਵਿੱਚ ਉਹ ‘ਪੰਜਾਬੀਆਂ ਦੇ ਗੜ੍ਹ’ ਬਰੈਂਪਟਨ ਵਿੱਚ ਆ ਗਿਆ।

ਇੱਥੇ ਆਪਣੇ ਪੰਜਾਬੀ ਭਾਈਚਾਰੇ ਵਿੱਚ ਆ ਕੇ ਉਸਦਾ ਮਨ ਵਧੀਆ ਲੱਗ ਗਿਆ। ਨੌਕਰੀ ਵੀ ਇੱਕ ਫ਼ੈਕਟਰੀ ਵਿੱਚ ਚੰਗੀ ਮਿ਼ਲ ਗਈ। ਜਲਦੀ ਹੀ ‘ਫੋਰਕ-ਲਿਫ਼ਟ’ ਚਲਾਉਣ ਦਾ ਲਾਇਸੈਂਸ ਲੈ ਲਿਆ ਅਤੇ ਆਮ ਲੇਬਰ ਤੋਂ ‘ਫੋਰਕ-ਲਿਫ਼ਟ ਡਰਾਈਵਰ’ ਬਣ ਗਿਆ ਜਿਸ ਨਾਲ ਉਸਦੀ ਤਨਖ਼ਾਹ ਵਿੱਚ ਵੀ ਕੁਝ ਵਾਧਾ ਹੋ ਗਿਆ। ਇੱਥੇ ਉਸਨੇ ਪੰਜਾਬ ਤੋਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਬੁਲਾ ਲਿਆ। ਫ਼ੈਕਟਰੀ ਦੇ ਮਾਲਕਾਂ ਨੂੰ ਉਸਦਾ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕੀਤਾ ਗਿਆ ਕੰਮ ਬਹੁਤ ਪਸੰਦ ਆਇਆ ਅਤੇ ਉਸਨੂੰ ਉਤਸ਼ਾਹਿਤ ਕਰਨ ਲਈ ਉਹ ਉਸਦੀ ਤਨਖ਼ਾਹ ਵਿੱਚ ਸਮੇਂ-ਸਮੇਂ ਵਾਧਾ ਕਰਦੇ ਗਏ। ਹੈਰਾਨੀ ਵਾਲੀ ਗੱਲ ਹੈ ਕਿ ਢਾਈ-ਦਹਾਕਿਆਂ ਤੋਂ ਬਾਅਦ ਵੀ ਧਿਆਨ ਸਿੰਘ ਸੋਹਲ 70 ਸਾਲ ਦੀ ਉਮਰ ਵਿੱਚ ਵੀ ਉਹ ਓਸੇ ਹੀ ਫ਼ੈਕਟਰੀ ਵਿੱਚ ਕੰਮ ਕਰ ਰਿਹਾ ਹੈ ਅਤੇ ਨਾਲ ਹੀ ਦੌੜਨ ਦੀਆਂ ਆਪਣੀਆਂ ਸਰਗਰਮੀਆਂ ਵੀ ਬਰਾਬਰ ਜਾਰੀ ਰੱਖ ਰਿਹਾ ਹੈ। ਅਲਬੱਤਾ! ਹੁਣ ਕਦੇ-ਕਦੇ ਉਸਦੇ ਮਨ ‘ਚ ਕੰਮ ਤੋਂ ‘ਸੇਵਾ-ਮੁਕਤੀ’ ਲੈਣ ਦਾ ਖ਼ਿਆਲ ਆਉਂਦਾ ਹੈ, ਪਰ ਫ਼ੈਕਟਰੀ ਦੇ ਮਾਲਕ ਅਜੇ ਵੀ ਇਸ ਦੇ ਲਈ ਹਾਮੀ ਨਹੀਂ ਭਰ ਰਹੇ। ਇਮਾਨਦਾਰੀ ਤੇ ਦਿਆਨਤਦਾਰੀ ਬਾਰੇ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਅਰਬ ਦੇਸ਼ਾਂ ਵੱਲੋਂ ਕੈਨੇਡਾ ਵੱਲ ਆਉਣ ਦਾ ਸਬੱਬ ਉਸਦਾ ਅਚਾਨਕ ਹੀ ਬਣਿਆਂ। ਉਸ ਸਮੇਂ ਉਸਦੇ ਕਈ ਫ਼ੈਕਟਰੀ ਮਾਲਕਾਂ ਵੱਲੋਂ ਅਜੇ ਪੈਸੇ ਆਉਣੇ ਰਹਿੰਦੇ ਸਨ ਅਤੇ ਉਨ੍ਹਾਂ ਨੇ ਉਹ ਪੈਸੇ ਬਾਅਦ ਵਿੱਚ ਉਸਦੇ ਜਾਣਕਾਰ ਦੋਸਤਾਂ-ਮਿੱਤਰਾਂ ਦੇ ਹੱਥ ਮਾਂਟਰੀਆਲ ਭਿਜਵਾਏ। ਧਿਆਨ ਸਿੰਘ ਸੋਹਲ ਦਾ ਕਹਿਣਾ ਹੈ ਕਿ ਸਖ਼ਤ ਮਿਹਨਤ, ਇਮਾਨਦਾਰੀ ਤੇ ਦਿਆਨਤਦਾਰੀ ਬੜੇ ਚੰਗੇ ਗੁਣ ਹਨ ਪਰ ਇਹ ਇਮਾਨਦਾਰੀ ਦੋਵੇਂ ਪਾਸਿਆਂ ਤੋਂ ਹੋਣੀ ਚਾਹੀਦੀ ਹੈ। ਖਾਣ-ਪੀਣ ਦੀਆਂ ਆਦਤਾਂ ਬਾਰੇ ਪੁੱਛਣ ‘ਤੇ ਉਸਨੇ ਦੱਸਿਆ ਕਿ ਕੈਨੇਡਾ ਆਉਣ ਤੋਂ ਪਹਿਲਾਂ ਤਾਂ ਉਹ ਸੱਭ ਕੁਝ ਖਾ ਪੀ ਲੈਂਦਾ ਸੀ ਪਰ ਇੱਥੇ ਆ ਕੇ ਉਸ ਨੇ ਮਾਸਾਹਾਰੀ ਖਾਣੇ ਅਤੇ ਸ਼ਰਾਬ ਪੀਣ ਤੋਂ ਤੌਬਾ ਕਰ ਲਈ। ਹੁਣ ਇਸ ਸਮੇਂ ਉਸਦਾ ਭੋਜਨ ਬਿਲਕੁਲ ‘ਸ਼ਾਕਾਹਾਰੀ’ ਹੈ। ਉਸਨੇ ਦੱਸਿਆ ਕਿ ਉਹ ਤੜਕੇ ਚਾਰ ਵਜੇ ਉੱਠਦਾ ਹੈ ਅਤੇ ਨਿਤਾ-ਪ੍ਰਤੀ ਕ੍ਰਿਆਵਾਂ ਤੇ ਇਸ਼ਨਾਨ-ਪਾਣੀ ਤੋਂ ਬਾਦ ਪਾਠ-ਪੂਜਾ ਵਿੱਚ ਕੁਝ ਸਮਾਂ ‘ਧਿਆਨ’ ਲਗਾਉਣ ਉਪਰੰਤ ਸੈਰ ਜਾਂ ਥੋੜ੍ਹਾ ਜਿਹਾ ਦੌੜਨ ਲਈ ਚੱਲ ਪੈਂਦਾ ਹੈ। ਉਸ ਤੋਂ ਬਾਅਦ ਫਿਰ ਉਸਨੇ ਹਫ਼ਤੇ ਵਿੱਚ ਪੰਜ ਦਿਨ ਕੰਮ ‘ਤੇ ਵੀ ਜਾਣਾ ਹੁੰਦਾ ਹੈ। ਲੰਮੀ ਦੌੜ ਦਾ ਅਭਿਆਸ ਉਹ ‘ਵੀਕ-ਐਂਡਜ਼’ ’ਤੇ ਹੀ ਕਰਦਾ ਹੈ। ਧਿਆਨ ਸਿੰਘ ਸੋਹਲ ਨੇ ਕਲੱਬ ਦੇ ਆਪਣੇ ਸਾਥੀਆਂ ਦੇ ਨਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ 2017 ਵਿੱਚ ਚੜ੍ਹੀਆਂ।



ਡਾ. ਸੁਖਦੇਵ ਸਿੰਘ ਝੰਡ
1-647-567-9128

ਪੌੜੀਆਂ ਚੜ੍ਹਨ ਦੇ ਇਸ ਈਵੈਂਟ ਅਤੇ ਵੱਖ-ਵੱਖ ਦੌੜਾਂ ਵਿੱਚ ਹਿੱਸਾ ਲੈਣ ਲਈ ਉਸਨੂੰ ਆਪਣੀ ਪਤਨੀ ਅਤੇ ਪੁੱਤਰਾਂ ਮਨਜਿੰਦਰ ਸਿੰਘ ਤੇ ਕੁਲਦੀਪ ਸਿੰਘ ਕੋਲੋਂ ਹਮੇਸ਼ਾ ਭਰਪੂਰ ਸਹਿਯੋਗ ਮਿਲਿਆ ਹੈ ਅਤੇ ਇਹ ਹੁਣ ਵੀ ਨਿਰੰਤਰ ਮਿ਼ਲ ਰਿਹਾ ਹੈ। ਜੀਵਨ ਵਿੱਚ ਆਪਣੀਆਂ ਸਮੁੱਚੀਆਂ ਪ੍ਰਾਪਤੀਆਂ ਦਾ ਸਿਹਰਾ ਉਹ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਕੋਚ ਕਰਮਜੀਤ ਖੰਗੂੜਾ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਸਿਰ ਬੰਨ੍ਹਦਾ ਹੈ। ਇਹ ਪੁੱਛਣ ‘ਤੇ ਕਿ ਉਹ ਆਪਣੇ ਇਸ ਅਜੋਕੇ ਜੀਵਨ ਅਤੇ ਅਰਬ ਦੇਸ਼ਾਂ, ਇਟਲੀ ਤੇ ਇੰਗਲੈਂਡ, ਆਦਿ ਦੇਸ਼ਾਂ ਵਿੱਚ ਬਿਤਾਏ ਹੋਏ ਸਮੇਂ ਨੂੰ ਕਿਵੇਂ ਵੇਖਦਾ ਹੈ, ਬਾਰੇ ਉਸਨੇ ਦੱਸਿਆ ਕਿ ਇਹ ਅਜੋਕਾ ਸਮਾਂ ਉਸਦੇ ਲਈ ‘ਸਵਰਗ’ ਦੀ ਨਿਆਈਂ ਹੈ ਅਤੇ ਉਹ ਇਸਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਖ਼ੂਬ ਮਾਣ ਰਿਹਾ ਹੈ। ਉਨ੍ਹਾਂ ਦੇਸ਼ਾਂ ਵਿੱਚ ਤਾਂ ‘ਜੀਵਨ-ਗੱਡੀ’ ਨੂੰ ‘ਧੱਕਾ ਦੇਣ’ ਵਾਲੀ ਗੱਲ ਹੀ ਸੀ। ਇੱਕ ਹੋਰ ਸੁਆਲ ਕਿ ਅਜੋਕੀ ਪੀੜ੍ਹੀ ਦੇ ਨੌਜੁਆਨਾਂ ਅਤੇ ਨਵੇਂ ਆਏ ਇਮੀਗਰੈਂਟਾਂ ਲਈ ਉਸਦਾ ਕੀ ਸੁਨੇਹਾ ਹੈ, ਬਾਰੇ ਉਸਦਾ ਕਹਿਣਾ ਸੀ ਕਿ ਉਨਾਂ ਨੂੰ ਨੇਕ-ਨੀਅਤੀ ਅਤੇ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੇ ਆਚਰਣ ਨੂੰ ਉੱਚਾ, ਸੁੱਚਾ ਤੇ ਸਹੀ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਮਰ ਦੇ 70ਵੇਂ ਵਰ੍ਹੇ ਵਿੱਚ ਵਿਚਰਦਿਆਂ ਧਿਆਨ ਸਿੰਘ ਸੋਹਲ ਰਿਸ਼ਟ-ਪੁਸ਼ਟ, ਊਰਜਾ, ਉਤਸ਼ਾਹ ਅਤੇ ਦਮ-ਖ਼ਮ ਨਾਲ ਭਰਪੂਰ ਹੈ। ਦੌੜਨ ਲੱਗਿਆਂ ਉਹ ਰਵਾਂ-ਰਵੀਂ ਇਕਸਾਰ ਦੌੜਦਾ ਹੈ ਅਤੇ ਆਪਣੀ ਮੰਜ਼ਲ ਵੱਲ ਵੱਧਦਾ ਚੱਲਿਆ ਜਾਂਦਾ ਹੈ। ਪ੍ਰਮਾਤਮਾ ਉਸਨੂੰ ਜੀਵਨ ਵਿੱਚ ਤੰਦਰੁਸਤੀ ਅਤੇ ਹੋਰ ਕਾਮਯਾਬੀਆਂ ਬਖ਼ਸ਼ੇ!

## ਸੱਚਾ ਇਨਸਾਨ

ਆਪਣੇ ਬਣਾਏ ਹੋਏ ਇਨਸਾਨ ਨੂੰ,
ਦੇਖ ਪ੍ਰਮਾਤਮਾ ਵੀ ਬੜਾ ਹੈਰਾਨ ਸੀ।
ਕੀ ਇਹ ਉਹੀ ਸੱਚਾ ਇਨਸਾਨ ਸੀ ?
ਜਿਨੂੰ ਉਸਨੇ ਦਿੱਤਾ ਜੀਵਨਦਾਨ ਸੀ ।
ਈਰਖਾ, ਬੇਈਮਾਨੀ, ਭ੍ਰਿਸ਼ਟਾਚਾਰੀ,
ਧੋਖੇਬਾਜ਼ੀ ਕਰ ਬਣਿਆ ਸ਼ੈਤਾਨ ਸੀ।
ਹਉਮੈਂ ਨਾਲ ਰਾਤ ਦਿਨ ਭਰਿਆ ਫਿਰੇ,
ਡੋਲਦਾ ਨਿੱਤ ਆਪਣਾ ਈਮਾਨ ਸੀ।
ਮੈਂ 'ਚ ਪ੍ਰਮਾਤਮਾ ਨੂੰ ਭੁਲਾਈ ਬੈਠਾ,
ਜਿਸ ਨੇ ਬਖਸ਼ੀ ਸੁੰਦਰ ਜਾਨ ਸੀ।
ਕਾਇਨਾਤ ਨੂੰ ਦਿੱਤਾ ਵਰਦਾਨ ਸੀ।
ਮੈਂ ਤੇ ਮੇਰੀ 'ਚ ਇਨਸਾਨੀਅਤ ਭੁਲਾ,
ਸੱਚਾ ਇਨਸਾਨ ਬਣਿਆ ਬੇਈਮਾਨ ਸੀ।
ਅਪਸ਼ਬਦ ਬੋਲ ਕਰਦਾ ਅਭਿਮਾਨ ਸੀ,
ਨਿੱਤ ਝੂਠ ਦੀ ਸੁਣਾਉਂਦਾ ਦਾਸਤਾਨ ਸੀ।
ਉਸਨੂੰ ਲੱਭਦਾ ਬਣਿਆ ਵਿਦਵਾਨ ਸੀ,
ਜਿਸ ਇਸਨੂੰ ਦਿੱਤਾ ਜੀਵਨਦਾਨ ਸੀ।
ਘੁੱਪ ਹਨ੍ਹੇਰੇ ਵਿੱਚ ਕਿਤੇ ਗੁੰਮ ਹੋਇਆ,
ਕਰਦਾ ਫਿਰਦਾ ਨਿੱਤ ਗੁਮਾਨ ਸੀ।
ਇਹ ਅੱਜ ਦਾ ਸੱਚਾ ਇਨਸਾਨ ਸੀ।

ਪਰਮਬੀਰ ਕੌਰ ਰਿਆੜ






# ਸਿਆਣਪ ਅਤੇ ਜ਼ਿੱਦ

ਕਹਿੰਦੇ ਹਨ ਕਿ ਬੋਲ ਸਿਆਣਿਆਂ ਨੂੰ ਸਿਖਾਉਂਦੇ ਹਨ ਪਰ ਸਬੂਤ ਵੀ ਜ਼ਿੱਦੀ ਮੂਰਖ ਨੂੰ ਨਹੀਂ ਸਿਖਾ ਸਕਦੇ।

ਮਨੁੱਖੀ ਜੀਵਨ ਤਜ਼ਰਬਿਆਂ, ਸਿੱਖਿਆਵਾਂ ਅਤੇ ਸਿੱਖਣ ਦੇ ਮੌਕਿਆਂ ਨਾਲ ਭਰਿਆ ਹੋਇਆ ਹੈ। ਕੁਝ ਲੋਕ ਹਰ ਤਜ਼ਰਬੇ ਨਾਲ ਹੋਰ ਸਿਆਣੇ ਬਣਦੇ ਜਾਂਦੇ ਹਨ, ਜਦਕਿ ਕੁਝ ਲੋਕ ਵਾਰ-ਵਾਰ ਦੀਆਂ ਹਦਾਇਤਾਂ ਅਤੇ ਸਪੱਸ਼ਟ ਸਬੂਤਾਂ ਦੇ ਬਾਵਜੂਦ ਵੀ ਨਹੀਂ ਬਦਲਦੇ। ਇੱਕ ਪੁਰਾਣੀ ਕਹਾਵਤ ਹੈ: "ਸਿਆਣਿਆਂ ਨੂੰ ਬੋਲਾਂ ਨਾਲ ਸਿਖਾਇਆ ਜਾ ਸਕਦਾ ਹੈ, ਪਰ ਜ਼ਿੱਦੀ ਮੂਰਖ ਨੂੰ ਸਬੂਤ ਵੀ ਨਹੀਂ ਸਿਖਾ ਸਕਦੇ।"

ਇਹ ਕਹਾਵਤ ਮਨੁੱਖੀ ਵਿਉਹਾਰ ਅਤੇ ਸਿੱਖਣ ਦੀ ਪ੍ਰਕਿਰਿਆ ਬਾਰੇ ਇੱਕ ਡੂੰਘੀ ਸੱਚਾਈ ਦਰਸਾਉਂਦੀ ਹੈ। ਇਹ ਉਹਨਾਂ ਲੋਕਾਂ ਵਿਚਕਾਰ ਫਰਕ ਦਿਖਾਉਂਦੀ ਹੈ ਜੋ ਗਿਆਨ ਲਈ ਖੁੱਲ੍ਹੇ ਹੁੰਦੇ ਹਨ ਅਤੇ ਉਹ ਜੋ ਸਪੱਸ਼ਟ ਸੱਚਾਈ ਦੇ ਬਾਵਜੂਦ ਵੀ ਜ਼ਿੱਦੀ ਅਤੇ ਅੜਿੱਗ ਰਹਿੰਦੇ ਹਨ।

**ਅਰਥ ਦੀ ਸਮਝ**

ਇਸ ਅਖੌਤ ਦਾ ਮਤਲਬ ਹੈ ਕਿ ਸਿਆਣਾ ਵਿਅਕਤੀ ਕਿਸੇ ਗਲਤੀ ਤੋਂ ਸਿੱਖਣ ਲਈ ਸਖ਼ਤ ਸਜ਼ਾ, ਵਾਰ-ਵਾਰ ਦੀਆਂ ਗਲਤੀਆਂ ਜਾਂ ਕਠਿਨ ਤਜ਼ਰਬਿਆਂ ਦੀ ਲੋੜ ਨਹੀਂ ਮਹਿਸੂਸ ਕਰਦਾ। ਸਾਧਾਰਨ ਸਲਾਹ, ਮਾਰਗਦਰਸ਼ਨ ਜਾਂ ਨਰਮ ਬੋਲ ਹੀ ਉਸ ਲਈ ਕਾਫ਼ੀ ਹੁੰਦੇ ਹਨ। ਉਹ ਸੋਚਣ, ਵਿਚਾਰ ਕਰਨ ਅਤੇ ਆਪਣੇ ਵਿਉਹਾਰ ਨੂੰ ਸੁਧਾਰਨ ਦੀ ਸਮਰੱਥਾ ਰੱਖਦਾ ਹੈ।

ਦੂਜੇ ਪਾਸੇ, ਜ਼ਿੱਦੀ ਮੂਰਖ ਉਹ ਵਿਅਕਤੀ ਹੁੰਦਾ ਹੈ ਜੋ ਬਹੁਤ ਹਠੀ, ਹੰਕਾਰੀ ਜਾਂ ਦੂਜਿਆਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੁੰਦਾ। ਸਪੱਸ਼ਟ ਸਬੂਤ, ਤਰਕ ਜਾਂ ਅਸਲੀ ਜ਼ਿੰਦਗੀ ਦੇ ਨਤੀਜ਼ੇ ਵੇਖਣ ਦੇ ਬਾਵਜੂਦ ਵੀ ਉਹ ਆਪਣੀ ਸੋਚ ਜਾਂ ਕਰਮਾਂ ਨੂੰ ਬਦਲਣ ਤੋਂ ਇਨਕਾਰ ਕਰਦਾ ਹੈ। ਉਸਦਾ ਹੰਕਾਰ, ਘਮੰਡ ਜਾਂ ਅਗਿਆਨਤਾ ਉਸ ਨੂੰ ਸਿੱਖਣ ਤੋਂ ਰੋਕ ਲੈਂਦੀ ਹੈ।

ਸਾਧਾਰਨ ਸ਼ਬਦਾਂ ਵਿੱਚ ਕਹੀਏ ਤਾਂ ਸਿਆਣਪ ਮਨੁੱਖ ਨੂੰ ਆਸਾਨੀ ਨਾਲ ਸਿੱਖਣ ਦੀ ਯੋਗਤਾ ਦਿੰਦੀ ਹੈ, ਜਦਕਿ ਜ਼ਿੱਦ ਸਪੱਸ਼ਟ ਸੱਚਾਈ ਦੇ ਬਾਵਜੂਦ ਵੀ ਸਿੱਖਣ ਦਾ ਰਾਹ ਰੋਕ ਦਿੰਦੀ ਹੈ।

**ਸਿਆਣੇ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ**

ਸਿਆਣਾ ਵਿਅਕਤੀ ਆਮ ਤੌਰ 'ਤੇ ਕੁਝ ਖਾਸ ਗੁਣ ਰੱਖਦਾ ਹੈ ਜੋ ਉਸਨੂੰ ਸਧਾਰਨ ਸਲਾਹ ਤੋਂ ਵੀ ਸਿੱਖਣ ਯੋਗ ਬਣਾਉਂਦੇ ਹਨ।

**ਖੁੱਲ੍ਹਾ ਮਨ:**

ਸਿਆਣੇ ਲੋਕ ਦੂਜਿਆਂ ਦੀ ਗੱਲ ਸੁਣਨ ਲਈ ਤਿਆਰ ਰਹਿੰਦੇ ਹਨ। ਉਹ ਗਿਆਨ ਦੀ ਕਦਰ ਕਰਦੇ ਹਨ ਅਤੇ ਅਧਿਆਪਕਾਂ, ਬਜ਼ੁਰਗਾਂ ਅਤੇ ਤਜ਼ਰਬੇਕਾਰ ਲੋਕਾਂ ਦੀ ਸਲਾਹ ਨੂੰ ਮਹੱਤਵ ਦਿੰਦੇ ਹਨ।

**ਆਤਮ-ਵਿਸ਼ਲੇਸ਼ਣ:**

ਉਹ ਆਪਣੇ ਕਰਮਾਂ ਅਤੇ ਗਲਤੀਆਂ ਬਾਰੇ ਸੋਚਦੇ ਹਨ। ਇਹ ਆਤਮ-ਸਚੇਤਨਾ ਉਨ੍ਹਾਂ ਨੂੰ ਬਿਨਾਂ ਸਖ਼ਤ ਸਜ਼ਾ ਦੇ ਆਪਣੇ ਆਪ ਨੂੰ ਸੁਧਾਰਨ ਵਿੱਚ ਮਦਦ ਕਰਦੀ ਹੈ।

**ਨਿਮਰਤਾ:**

ਸਿਆਣਾ ਮਨੁੱਖ ਜਾਣਦਾ ਹੈ ਕਿ ਕੋਈ ਵੀ ਸਭ ਕੁਝ ਨਹੀਂ ਜਾਣਦਾ। ਇਸ ਕਰਕੇ ਉਹ ਸਦਾ ਨਵਾਂ ਸਿੱਖਣ ਲਈ ਤਿਆਰ ਰਹਿੰਦਾ ਹੈ।

**ਦੂਜਿਆਂ ਦੇ ਤਜ਼ਰਬਿਆਂ ਤੋਂ ਸਿੱਖਣਾ:**

ਸਿਆਣੇ ਲੋਕ ਉਹੀ ਗਲਤੀਆਂ ਦੁਹਰਾਉਣ ਦੀ ਬਜਾਏ ਦੂਜਿਆਂ ਦੇ ਤਜ਼ਰਬਿਆਂ ਤੋਂ ਸਿੱਖ ਲੈਂਦੇ ਹਨ।

ਇਹ ਗੁਣ ਉਨ੍ਹਾਂ ਨੂੰ ਬੌਧਿਕ ਅਤੇ ਭਾਵਨਾਤਮਕ ਤੌਰ 'ਤੇ ਤੇਜ਼ੀ ਨਾਲ ਵਿਕਸਿਤ ਹੋਣ ਵਿੱਚ ਮਦਦ ਕਰਦੇ ਹਨ।

**ਜ਼ਿੱਦੀ ਮੂਰਖ ਦੀਆਂ ਵਿਸ਼ੇਸ਼ਤਾਵਾਂ**

ਇਸਦੇ ਉਲਟ, ਜ਼ਿੱਦੀ ਮੂਰਖ ਵਿੱਚ ਕੁਝ ਨਕਾਰਾਤਮਕ ਗੁਣ ਹੁੰਦੇ ਹਨ ਜੋ ਸਿੱਖਣ ਦੀ ਪ੍ਰਕਿਰਿਆ ਨੂੰ ਰੋਕ ਦਿੰਦੇ ਹਨ।

**ਜ਼ਿੱਦ:**

ਉਹ ਆਪਣੀਆਂ ਗਲਤ ਧਾਰਨਾਵਾਂ ਨਾਲ ਵੀ ਚੰਬੜੇ ਰਹਿੰਦੇ ਹਨ।

**ਹੰਕਾਰ:**

ਉਹ ਸਮਝਦੇ ਹਨ ਕਿ ਉਹ ਹਮੇਸ਼ਾਂ ਸਹੀ ਹਨ ਅਤੇ ਕਿਸੇ ਦੀ ਸਲਾਹ ਮੰਨਣ ਤੋਂ ਇਨਕਾਰ ਕਰਦੇ ਹਨ।

**ਆਤਮ-ਵਿਸ਼ਲੇਸ਼ਣ ਦੀ ਘਾਟ:**

ਉਹ ਆਪਣੀਆਂ ਗਲਤੀਆਂ ਜਾਂ ਕਮਜ਼ੋਰੀਆਂ ਬਾਰੇ ਸੋਚਦੇ ਨਹੀਂ।

**ਸਬੂਤਾਂ ਨੂੰ ਰੱਦ ਕਰਨਾ:**

ਸਪੱਸ਼ਟ ਤੱਥਾਂ ਜਾਂ ਸਬੂਤਾਂ ਦੇ ਬਾਵਜੂਦ ਵੀ ਉਹ ਸੱਚਾਈ ਨੂੰ ਸਵੀਕਾਰ ਨਹੀਂ ਕਰਦੇ।



ਇਨ੍ਹਾਂ ਕਾਰਨਾਂ ਕਰਕੇ ਉਹ ਵਾਰ-ਵਾਰ ਉਹੀ ਗਲਤੀਆਂ ਦੁਹਰਾਉਂਦੇ ਰਹਿੰਦੇ ਹਨ।

**ਅਸਲ ਜ਼ਿੰਦਗੀ ਵਿੱਚ ਇਸ ਵਿਚਾਰ ਦੀ ਝਲਕ**

**ਸਿੱਖਿਆ ਵਿੱਚ**

ਕਲਾਸਰੂਮ ਵਿੱਚ ਕੁਝ ਵਿਦਿਆਰਥੀ ਅਧਿਆਪਕ ਦੀ ਇਕ ਵਾਰ ਦੀ ਵਿਆਖਿਆ ਨਾਲ ਹੀ ਪਾਠ ਸਮਝ ਲੈਂਦੇ ਹਨ। ਉਹ ਧਿਆਨ ਨਾਲ ਸੁਣਦੇ ਹਨ ਅਤੇ ਸਲਾਹ ਨੂੰ ਅਮਲ ਵਿੱਚ ਲਿਆਉਂਦੇ ਹਨ।

ਪਰ ਕੁਝ ਵਿਦਿਆਰਥੀ ਵਾਰ-ਵਾਰ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਮਤਿਹਾਨਾਂ ਵਿੱਚ ਅਸਫਲ ਹੋਣ ਦੇ ਬਾਵਜੂਦ ਵੀ ਉਹ ਆਪਣੀਆਂ ਆਦਤਾਂ ਨਹੀਂ ਬਦਲਦੇ।

**ਸਿਹਤ ਅਤੇ ਜੀਵਨਸ਼ੈਲੀ ਵਿੱਚ**

ਡਾਕਟਰ ਅਕਸਰ ਮਰੀਜ਼ਾਂ ਨੂੰ ਸਿਹਤਮੰਦ ਆਦਤਾਂ ਅਪਣਾਉਣ ਦੀ ਸਲਾਹ ਦਿੰਦੇ ਹਨ, ਜਿਵੇਂ ਕਿ ਸੰਤੁਲਿਤ ਆਹਾਰ, ਕਸਰਤ ਅਤੇ ਨੁਕਸਾਨਦਾਇਕ ਪਦਾਰਥਾਂ ਤੋਂ ਦੂਰ ਰਹਿਣਾ।

ਸਿਆਣਾ ਵਿਅਕਤੀ ਇਹ ਸਲਾਹ ਮੰਨ ਕੇ ਆਪਣੀ ਸਿਹਤ ਸੁਧਾਰ ਲੈਂਦਾ ਹੈ, ਪਰ ਜ਼ਿੱਦੀ ਵਿਅਕਤੀ ਇਹ ਹਦਾਇਤਾਂ ਨਜ਼ਰਅੰਦਾਜ਼ ਕਰਦਾ ਹੈ ਅਤੇ ਕਈ ਵਾਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋਣ ਤੱਕ ਵੀ ਨਹੀਂ ਸਿੱਖਦਾ।

**ਸਮਾਜਿਕ ਸੰਬੰਧਾਂ ਵਿੱਚ**

ਸਿਆਣੇ ਲੋਕ ਛੋਟੀਆਂ ਗਲਤਫ਼ਹਿਮੀਆਂ ਤੋਂ ਸਿੱਖ ਕੇ ਸੰਚਾਰ ਨੂੰ ਸੁਧਾਰਦੇ ਹਨ। ਉਹ ਆਪਣੀ ਗਲਤੀ ਮੰਨਣ ਤੋਂ ਨਹੀਂ ਘਬਰਾਉਂਦੇ।

ਪਰ ਜ਼ਿੱਦੀ ਲੋਕ ਆਪਣੀਆਂ ਗਲਤੀਆਂ ਮੰਨਣ ਤੋਂ ਇਨਕਾਰ ਕਰਦੇ ਹਨ ਅਤੇ ਅਕਸਰ ਦੂਜਿਆਂ ਨੂੰ ਦੋਸ਼ ਦਿੰਦੇ ਰਹਿੰਦੇ ਹਨ।

**ਪੇਸ਼ਾਵਰ ਜੀਵਨ ਵਿੱਚ**

ਕਾਰਜਸਥਲ 'ਤੇ ਉਹ ਕਰਮਚਾਰੀ ਜੋ ਸੁਝਾਅ ਅਤੇ ਆਲੋਚਨਾ ਨੂੰ ਸਵੀਕਾਰ ਕਰਦੇ ਹਨ, ਉਹ ਤੇਜ਼ੀ ਨਾਲ ਤਰੱਕੀ ਕਰਦੇ ਹਨ। ਜੋ ਲੋਕ ਰਚਨਾਤਮਕ ਆਲੋਚਨਾ ਨਹੀਂ ਮੰਨਦੇ, ਉਹ ਆਪਣੇ ਕੈਰੀਅਰ ਵਿੱਚ ਅੱਗੇ ਨਹੀਂ ਵੱਧ ਸਕਦੇ।

**ਮਨੋਵਿਗਿਆਨਕ ਵਿਆਖਿਆ**

ਆਧੁਨਿਕ ਮਨੋਵਿਗਿਆਨ ਵੀ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ। ਮਨੁੱਖੀ ਸਿੱਖਣ ਬਹੁਤ ਹੱਦ ਤੱਕ ਮਨੋਭਾਵਾਂ ਅਤੇ ਸੋਚ 'ਤੇ ਨਿਰਭਰ ਕਰਦਾ ਹੈ।

ਜਿਨ੍ਹਾਂ ਲੋਕਾਂ ਵਿੱਚ ਵਿਕਾਸਸ਼ੀਲ ਸੋਚ (ਘਰੋਟਹ ਨਿੰਦਸਟ) ਹੁੰਦੀ ਹੈ, ਉਹ ਮੰਨਦੇ ਹਨ ਕਿ ਮਿਹਨਤ ਅਤੇ ਸਿੱਖਣ ਨਾਲ ਯੋਗਤਾਵਾਂ ਵੱਧ ਸਕਦੀਆਂ ਹਨ। ਇਸ ਕਰਕੇ ਉਹ ਸਲਾਹ ਅਤੇ ਆਲੋਚਨਾ ਨੂੰ ਸਵੀਕਾਰ ਕਰਦੇ ਹਨ।

ਦੂਜੇ ਪਾਸੇ, ਸਥਿਰ ਸੋਚ (ਫਿਣਦ ਨਿੰਦਸਟ) ਵਾਲੇ ਲੋਕ ਸਮਝਦੇ ਹਨ ਕਿ ਉਹ ਪਹਿਲਾਂ ਹੀ ਸਹੀ ਹਨ। ਇਸ ਕਰਕੇ ਉਹ ਨਵੀਆਂ ਵਿਚਾਰਧਾਰਾਵਾਂ ਜਾਂ ਆਲੋਚਨਾ ਨੂੰ ਅਕਸਰ ਰੱਦ ਕਰ ਦਿੰਦੇ ਹਨ।

**ਸਿਆਣਪ ਵਿਕਸਿਤ ਕਰਨ ਦੀ ਮਹੱਤਤਾ**

ਇਸ ਅਖੌਤ ਨੂੰ ਸਮਝਣ ਨਾਲ ਮਨੁੱਖ ਨੂੰ ਸਿਆਣਪ ਦੇ ਗੁਣ ਵਿਕਸਿਤ ਕਰਨ ਲਈ ਪ੍ਰੇਰਣਾ ਮਿਲਦੀ ਹੈ।

ਸਲਾਹ ਨੂੰ ਮੰਨਣ ਨਾਲ ਬੇਕਾਰ ਦੀਆਂ ਗਲਤੀਆਂ ਤੋਂ ਬਚਿਆ ਜਾ ਸਕਦਾ ਹੈ। ਸਾਧਾਰਨ ਮਾਰਗਦਰਸ਼ਨ ਤੋਂ ਸਿੱਖਣਾ ਸਮਾਂ, ਊਰਜਾ ਅਤੇ ਦੁੱਖ ਨੂੰ ਬਚਾਉਂਦਾ ਹੈ।

ਸਿਆਣੇ ਲੋਕ ਸਮਾਜ ਲਈ ਵੀ ਲਾਭਦਾਇਕ ਹੁੰਦੇ ਹਨ ਕਿਉਂਕਿ ਉਹ ਸੋਚ-ਸਮਝ ਕੇ ਫ਼ੈਸਲੇ ਕਰਦੇ ਹਨ ਅਤੇ ਗਿਆਨ ਦੀ ਕਦਰ ਕਰਦੇ ਹਨ।

"ਸਿਆਣਿਆਂ ਨੂੰ ਬੋਲਾਂ ਨਾਲ ਸਿਖਾਇਆ ਜਾ ਸਕਦਾ ਹੈ ਪਰ ਜ਼ਿੱਦੀ ਮੂਰਖ ਨੂੰ ਸਬੂਤ ਵੀ ਨਹੀਂ ਸਿਖਾ ਸਕਦੇ" ਵਾਲੀ ਅਖੌਤ ਮਨੁੱਖੀ ਸੁਭਾਵ ਬਾਰੇ ਇਕ ਸਦੀਵੀ ਸੱਚਾਈ ਦਰਸਾਉਂਦੀ ਹੈ।

ਸਿਆਣਪ ਮਨੁੱਖ ਨੂੰ ਸਧਾਰਨ ਮਾਰਗਦਰਸ਼ਨ, ਤਜ਼ਰਬੇ ਅਤੇ ਆਤਮ-ਚਿੰਤਨ ਰਾਹੀਂ ਸਿੱਖਣ ਯੋਗ ਬਣਾਉਂਦੀ ਹੈ। ਦੂਜੇ ਪਾਸੇ, ਜ਼ਿੱਦ, ਹੰਕਾਰ ਅਤੇ ਅਗਿਆਨਤਾ ਸਪੱਸ਼ਟ ਸਬੂਤਾਂ ਦੇ ਬਾਵਜੂਦ ਵੀ ਸਿੱਖਣ ਨੂੰ ਰੋਕ ਦਿੰਦੇ ਹਨ।

ਅੰਤ ਵਿੱਚ, ਕਿਸੇ ਮਨੁੱਖ ਦੀ ਅਸਲੀ ਸਿਆਣਪ ਉਸਦੀ ਜਾਣਕਾਰੀ ਵਿੱਚ ਨਹੀਂ, ਸਗੋਂ ਦੂਜਿਆਂ ਤੋਂ ਸਿੱਖਣ ਦੀ ਨਿਮਰਤਾ ਅਤੇ ਜ਼ਰੂਰਤ ਪੈਣ 'ਤੇ ਆਪਣੇ ਆਪ ਨੂੰ ਬਦਲਣ ਦੇ ਹੌਸਲੇ ਵਿੱਚ ਹੁੰਦੀ ਹੈ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਤੁਹਾਨੂੰ ਕਿਵੇਂ ਪਤਾ ਲੱਗਦਾ ਹੈ ਕਿ ਕੋਈ ਤੁਹਾਨੂੰ ਪਿਆਰ ਕਰਦਾ ਹੈ?



ਤੁਸੀਂ ਇੱਕ ਔਰਤ ਜਾਂ ਇੱਕ ਮਰਦ ਦੇ ਪ੍ਰੇਮ ਵਿੱਚ ਪੈਂਦੇ ਹੋ, ਕੀ ਤੁਸੀਂ ਸਹੀ-ਸਹੀ ਦੱਸ ਸਕਦੇ ਹੋ ਕਿ ਇਸ ਔਰਤ ਨੇ ਤੁਹਾਨੂੰ ਕਿਉਂ ਆਕਰਸ਼ਿਤ ਕੀਤਾ? ਇਸ ਮਰਦ ਨੇ ਤੁਹਾਨੂੰ ਕਿਉਂ ਆਕਰਸ਼ਿਤ ਕੀਤਾ? ਯਕੀਨਨ ਹੀ ਤੁਸੀਂ ਉਸਦੀ ਆਤਮਾ ਨੂੰ ਨਹੀਂ ਦੇਖ ਸਕਦੇ; ਤੁਸੀਂ ਹੁਣ ਤੱਕ ਆਪਣੀ ਆਤਮਾ ਨੂੰ ਹੀ ਨਹੀਂ ਦੇਖਿਆ ਹੈ। ਤੁਸੀਂ ਉਸਦਾ ਮਨੋਵਿਗਿਆਨ ਵੀ ਨਹੀਂ ਦੇਖ ਸਕਦੇ, ਕਿਉਂਕਿ ਕਿਸੇ ਦਾ ਮਨ ਪੜ੍ਹਨਾ ਆਸਾਨ ਕੰਮ ਨਹੀਂ ਹੈ ਤਾਂ ਤੁਸੀਂ ਇਸ ਔਰਤ ਵਿੱਚ ਕੀ ਦੇਖਿਆ? ਤੁਹਾਡੇ ਸਰੀਰ ਵਿਗਿਆਨ ਵਿੱਚ, ਤੁਹਾਡੇ ਹਾਰਮੋਨਸ ਵਿੱਚ ਕੁਝ ਅਜਿਹਾ ਹੈ ਜੋ ਇਸ ਔਰਤ ਦੇ ਸਰੀਰ ਵਿਗਿਆਨ ਵੱਲ, ਉਸਦੇ ਹਾਰਮੋਨਸ ਵੱਲ, ਉਸਦੀ ਕੈਮਿਸਟਰੀ ਵੱਲ ਆਕਰਸ਼ਿਤ ਹੋਇਆ ਹੈ। ਇਹ ਪ੍ਰੇਮ ਪ੍ਰਸੰਗ ਨਹੀਂ ਹੈ, ਇਹ ਰਸਾਇਣਕ ਪ੍ਰਸੰਗ ਹੈ।

ਜ਼ਰਾ ਸੋਚੋ, ਜਿਸ ਔਰਤ ਦੇ ਪ੍ਰੇਮ ਵਿੱਚ ਤੁਸੀਂ ਹੋ ਜੇਕਰ ਉਹ ਡਾਕਟਰ ਕੋਲ ਜਾ ਕੇ ਆਪਣਾ ਲਿੰਗ ਬਦਲਵਾ ਲਵੇ ਅਤੇ ਮੁੱਛਾਂ ਅਤੇ ਦਾੜ੍ਹੀ ਉਗਾਉਣ ਲੱਗੇ ਤਾਂ ਕੀ ਤੁਸੀਂ ਫਿਰ ਵੀ ਉਸਨੂੰ ਪ੍ਰੇਮ ਕਰੋਗੇ? ਕੁਝ ਵੀ ਨਹੀਂ ਬਦਲਿਆ, ਸਿਰਫ਼ ਕੈਮਿਸਟਰੀ, ਸਿਰਫ਼ ਹਾਰਮੋਨ। ਫਿਰ ਤੁਹਾਡਾ ਪ੍ਰੇਮ ਕਿੱਥੇ ਗਿਆ?

ਸਿਰਫ਼ ਇੱਕ ਪ੍ਰਤੀਸ਼ਤ ਲੋਕ ਥੋੜ੍ਹੀ ਡੂੰਘੀ ਸਮਝ ਰੱਖਦੇ ਹਨ। ਕਵੀ, ਚਿੱਤਰਕਾਰ, ਸੰਗੀਤਕਾਰ, ਨ੍ਰਿਤਕ, ਜਾਂ ਗਾਇਕ ਦੇ ਕੋਲ ਇੱਕ ਸੰਵੇਦਨਸ਼ੀਲਤਾ ਹੁੰਦੀ ਹੈ ਜੋ ਸਰੀਰ ਤੋਂ ਪਰੇ ਦੇਖ ਸਕਦੀ ਹੈ। ਉਹ ਮਨ ਦੀ, ਦਿਲ ਦੀ ਸੁੰਦਰਤਾ ਨੂੰ ਮਹਿਸੂਸ ਕਰ ਸਕਦੇ ਹਨ, ਕਿਉਂਕਿ ਉਹ ਖੁਦ ਉਸ ਤਲ 'ਤੇ ਜਿਉਂਦੇ ਹਨ।

ਇਸਨੂੰ ਇੱਕ ਬੁਨਿਆਦੀ ਨਿਯਮ ਦੇ ਤੌਰ 'ਤੇ ਯਾਦ ਰੱਖੋ: ਤੁਸੀਂ ਜਿੱਥੇ ਵੀ ਰਹਿੰਦੇ ਹੋ ਉਸ ਤੋਂ ਪਾਰ ਨਹੀਂ ਦੇਖ ਸਕਦੇ । ਜੇਕਰ ਤੁਸੀਂ ਆਪਣੇ ਸਰੀਰ ਵਿੱਚ ਜਿਉਂਦੇ ਹੋ, ਆਪਣੇ ਆਪ ਨੂੰ ਸਿਰਫ਼ ਸਰੀਰ ਮੰਨਦੇ ਹੋ ਤਾਂ ਤੁਸੀਂ ਸਿਰਫ਼ ਕਿਸੇ ਦੇ ਸਰੀਰ ਵੱਲ ਆਕਰਸ਼ਿਤ ਹੋਵੋਗੇ। ਇਹ ਪ੍ਰੇਮ ਦਾ ਸਰੀਰਿਕ/ਭੌਤਿਕ ਤਲ (ਪੱਧਰ) ਹੈ। ਪਰ ਸੰਗੀਤਕਾਰ, ਚਿੱਤਰਕਾਰ, ਕਵੀ ਇੱਕ ਵੱਖਰੇ ਤਲ 'ਤੇ ਜਿਉਂਦਾ ਹੈ। ਉਹ ਸੋਚਦਾ ਨਹੀਂ, ਉਹ ਮਹਿਸੂਸ ਕਰਦਾ ਹੈ ਅਤੇ ਕਿਉਂਕਿ ਉਹ ਦਿਲ ਵਿੱਚ ਜਿਉਂਦਾ ਹੈ, ਉਹ ਦੂਜੇ ਵਿਅਕਤੀ ਦੇ ਦਿਲ ਨੂੰ ਮਹਿਸੂਸ ਕਰ ਸਕਦਾ ਹੈ। ਆਮ ਤੌਰ 'ਤੇ ਇਸਨੂੰ ਹੀ ਪ੍ਰੇਮ ਕਹਿੰਦੇ ਹਨ। ਇਹ ਵਿਰਲਾ ਹੁੰਦਾ ਹੈ। ਮੈਂ ਕਹਿ ਰਿਹਾ ਹਾਂ ਸ਼ਾਇਦ ਸਿਰਫ ਇੱਕ ਪ੍ਰਤੀਸ਼ਤ, ਉਹ ਵੀ ਕਦੇ ਕਦਾਈਂ। — ਓਸ਼ੋ

## ਅਣਖੀ

ਦਿਨ ਚੜ੍ਹ ਜਾਂਦਾ ਏ ਛਿਪ ਜਾਂਦਾ ਏ
ਨਿੱਤ ਨਵੀਂ ਕਹਾਣੀ ਲਿਖ ਜਾਂਦਾ ਏ
ਜਿਉਂ ਜਿਉਂ ਭਾਰ ਸਾਹਾਂ ਦਾ ਘਟਦੈ
ਤਿਉਂ ਤਿਉਂ ਬੰਦਾ ਲਿਫ ਜਾਂਦਾ ਏ
ਦੁਨੀਆਂ ਉਨ੍ਹਾਂ ਹੀ ਸਿਰ ਤੇ ਚੜ੍ਹਦੀ
ਜਿਹੜਾ ਜਿੰਨਾਂ ਝਿਪ ਜਾਂਦਾ ਏ
ਅਣਖੀ ਸਦਾ ਜੁਬਾਨ 'ਤੇ ਖੜ੍ਹਦੈ
ਬੇ ਅਣਖਾ ਤਾਂ ਰਿਤ ਜਾਂਦਾ ਏ
ਕੌਮ ਦੀ ਖਾਤਰ ਅੜੇ ਸੂਰਮਾ
ਗਦਾਰ ਤਾਂ ਪੈਰੀਂ ਲਿਟ ਜਾਂਦਾ ਏ
ਰਾਜ ਝੂਠ ਦਾ ਸਦਾ 'ਨੀ ਰਹਿੰਦਾ
ਮਿਟਦਾ ਮਿਟਦਾ ਮਿਟ ਜਾਂਦਾ ਏ
ਥੋੜ੍ਹਾ ਵੀ ਉਸਨੂੰ ਬਹੁਤਾ ਲਗਦੈ



ਜੋ ਸਬਰਾਂ ਤੇ ਟਿਕ ਜਾਂਦਾ ਏ
ਦਿਨ ਕੁਲਵਿੰਦਰਾ ਹੋਣ ਜੇ ਪੁੱਠੇ
ਖਰੀਦਦਾਰ ਵੀ ਵਿਕ ਜਾਂਦਾ ਏ।

ਕੁਲਵਿੰਦਰ ਸਿੱਧੂ ਕਾਮੇ ਕਾ
+91 98146 23454

## ਅਸਲ ਦੌਲਤ ਦਾ ਮਾਪ

ਧਨ ਕੱਪੜਿਆਂ ਦੀ ਰੌਣਕ ਬਦਲ ਸਕਦਾ ਹੈ,
ਪਰ ਮਨ ਦੇ ਵਿਚਾਰ ਨਹੀਂ ਗੜ ਸਕਦਾ।
ਉੱਚੀਆਂ ਇਮਾਰਤਾਂ ਖੜੀਆਂ ਕਰ ਸਕਦਾ ਹੈ,
ਪਰ ਦਿਲਾਂ ਨੂੰ ਸੱਚ ਦਾ ਰਾਹ ਨਹੀਂ ਦਿਖਾ ਸਕਦਾ।
ਨਿਮਰ ਤੇ ਸੁਝਵਾਂ ਮਨ ਹਮੇਸ਼ਾ ਸ਼ਾਂਤ ਰਹਿੰਦਾ ਹੈ,
ਜਿੱਥੇ ਦਇਆ ਵੱਸਦੀ ਹੈ, ਅਹੰਕਾਰ ਢਹਿ ਜਾਂਦਾ ਹੈ।
ਕਿਸਮਤ ਵੀ ਸੱਚੇ ਕਰਮਾਂ ਨਾਲ ਹੀ ਖਿੜਦੀ ਹੈ,
ਨਾ ਕਿ ਸੋਨੇ ਦੀ ਚਮਕ ਜਾਂ ਲੋਕਾਂ ਦੀ ਵਾਹ ਵਾਹ ਨਾਲ।
ਅਸਲ ਕਾਮਯਾਬੀ ਸ਼ੋਰ ਨਹੀਂ ਮਚਾਉਂਦੀ,
ਉਹ ਤਾਂ ਅੰਦਰਲੀ ਸ਼ਾਂਤੀ ਵਿੱਚ ਚੁੱਪਚਾਪ ਵੱਸਦੀ ਹੈ।
ਇਸ ਲਈ ਆਪਣੀ ਆਤਮਾ ਨੂੰ ਸੋਨੇ ਤੋਂ ਵੱਧ ਸੰਭਾਲੋ,
ਕਿਉਂਕਿ ਉੱਚਾ ਤੇ ਸੁੱਚਾ ਮਨ ਹੀ ਸਭ ਤੋਂ ਵੱਡੀ ਦੌਲਤ ਹੈ।
Satwinder Kaur ਕਹਿੰਦੀ ਹੈ:
"ਧਨ ਦੁਨੀਆ ਦੀ ਚਮਕ ਵਧਾ ਸਕਦਾ ਹੈ,
ਪਰ ਮਨ ਦੀ ਪਵਿੱਤਰਤਾ ਅਤੇ ਕਰਮਾਂ ਦੀ ਸੱਚਾਈ
ਹੀ ਤੈਅ ਕਰਦੀ ਹੈ ਕਿ ਅਸੀਂ ਅਸਲ ਵਿੱਚ ਕੌਣ ਬਣਦੇ ਹਾਂ।"

# ਆਖਰੀ ਸਮੇਂ ਦੀ ਮਾਨਸਿਕਤਾ...

ਸ਼ਿਵ ਆਖਰੀ ਟਾਈਮ ਵੇਲੇ ਨਾਲਦੀ ਨੂੰ ਆਖਣ ਲੱਗਾ..ਕਿਸੇ ਹਕੀਮ ਵੱਲੋਂ ਦਿੱਤੀ ਕੋਈ ਪੁੜੀ ਦਵਾਈ ਪਈ ਏ ਤਾਂ ਲਿਆਂਦੇ..ਜਾਂਦਾ ਹੋਇਆ ਫੱਕਾ ਮਾਰਦਾ ਜਾਵਾਂ..ਨਹੀਂ ਤੇ ਆਖੂ ਮੇਰੀ ਦਵਾਈ ਨਹੀਂ ਸੀ ਖਾਦੀ ਤਾਂ ਹੀ ਮੁੱਕ ਗਿਆ! ਆਖਰੀ ਸਮੇਂ ਦੀ ਮਾਨਸਿਕਤਾ..ਜਮੀਰ ਤੇ ਭਾਰੂ ਹੋ ਜਾਂਦੇ ਕਿੰਨੇ ਸਾਰੇ ਅਹਿਸਾਸ..ਕਾਹਲੀਆਂ..ਵਲ ਵਲੇ..ਡਰ..ਆਖਣ ਸੁਣਨ ਦੱਸਣ ਦੇ..ਸੁਨੇਹੇ ਘੱਲਣ ਦੇ..ਪਦਾਰਥਵਾਦ ਵਾਲੀ ਘਬਰਾਹਟ ਵੀ..ਏਨਾ ਕੁਝ ਬਣਾਇਆ ਖੜਾ ਕੀਤਾ..ਮਗਰੋਂ ਕੌਣ ਸਾਂਭੂ..!



ਤੇਤੀ ਵਰੇ ਪਹਿਲੋਂ ਮਾਝੇ ਦੀ ਧਰਤ ਤੇ..ਅਖੀਰ ਨੂੰ ਕੱਲਾ ਰਹਿ ਗਿਆ ਬਾਬਾ ਬੋਹੜ..ਬਾਕੀ ਸਾਰੇ ਤੁਰਦੇ ਗਏ..ਕੈਸੀ ਜਮਾਨੇ ਕੀ ਯਾਰੀ..ਬਿਛੜੇ ਸਭੀ ਬਾਰੀ ਬਾਰੀ..ਅਖੀਰ ਤੀਕਰ ਅਜਾਦ ਸੁਤੰਤਰ ਹਸਤੀ..ਆਪ ਬਿਨਾ ਕਿਸੇ ਘਬਰਾਹਟ ਫਿਕਰ ਮੰਦੀ ਦੇ ਤੁਰਿਆ ਫਿਰਦਾ ਰਿਹਾ..ਬਸ ਕਦੇ ਕਦੇ ਜਜਬਾਤੀ ਰੌਂ ਵਿੱਚ ਆ ਕੁਝ ਅੱਖਰ ਜਰੂਰ ਲਿਖ ਜਾਂਦਾ..ਖਿਆਲਾਂ ਦੀ ਘੁੰਮਣਘੇਰੀ ਨਾਲ ਵਹਿ ਤੁਰਦੀ ਭਾਵਨਾਤਮਿਕ ਸੋਚ..ਲਾਪਰਵਾਹੀ ਦੇ ਆਲਮ ਤੋਂ ਕੋਹਾਂ ਦੂਰ..ਬੇਪਰਵਾਹੀ ਦੇ ਘੋੜੇ ਤੇ ਚੜਿਆ ਹਮੇਸ਼ ਹੀ ਤਿਆਰ ਬਰ ਤਿਆਰ..ਅੱਖੀਆਂ ਖੋਲ ਕੇ ਸੌਣ ਵਾਲਾ..!

ਪਰਖ ਦੀ ਆਖਰੀ ਘੜੀ ਦੀ ਬਿੜਕ ਸਾਫ-ਸਾਫ ਸੁਣਾਈ ਦੇਣ ਲੱਗੀ ਤਾਂ ਸਰਫ਼ੇ ਦੇ ਸ਼ਸ਼ਤਰ ਸੂਤ ਲਏ..ਕੇ ਪੀ ਗਿੱਲ ਨੂੰ ਕੱਲੇ ਨੂੰ ਕੱਲਾ ਟੱਕਰਨ ਵਾਲਾ ਸੁਨੇਹਾ!

ਆਖਰੀ ਪੜਾਅ ਤੇ ਲੋਕਾਈ ਦੇ ਬਦਲਦੇ ਹਾਵ ਭਾਵ..ਬਦਲਦੀ ਸੋਚ..ਨਜਰੀਏ..ਲਹਿਜੇ..ਗੱਲ ਬਾਤ..ਚੜ੍ਹਦੇ ਸੂਰਜ ਨੂੰ ਸਲਾਮੀਆਂ ਵਾਲੇ ਕਿੱਸੇ..ਪਾਸਾ ਵੱਟਦੀਆਂ ਵਫਾਦਾਰੀਆਂ ਮੁਲਾਹਜੇਦਾਰੀਆਂ..ਢਹਿ-ਢੇਰੀ ਹੁੰਦੇ ਦੋਸਤੀ ਦੇ ਮੁਜੱਸਮੇਂ..ਸਾਰਾ ਕੁਝ ਸਾਮਣੇ ਵਾਪਰਨ ਲੱਗਾ..ਕਾਹਲਿਆਂ ਹੋਸ਼ਿਆਂ ਵੱਲੋਂ ਹੱਥਾਂ ਨਾਲ ਦਿੱਤੀਆਂ ਫੇਰ ਕੱਲੇ ਨੂੰ ਦੰਦਾਂ ਨਾਲ ਖੋਹਲਣੀਆਂ ਪੈ ਗਈਆਂ..!

ਕਿਸੇ ਕੋਲੋਂ ਸਾਈਕਲ..ਕਿਸੇ ਕੋਲੋਂ ਲੋਈ..ਕਿਸੇ ਕੋਲੋਂ ਫੁਲਕੇ ਤੇ ਕਿਸੇ ਕੋਲੋਂ ਰਾਤ ਕੱਟਣ ਲਈ ਬਿਸਤਰਾ..ਕਿਸੇ ਨਾਂਹ ਨਾ ਕੀਤੀ..ਮੰਜਿਲ ਬਹੁਤ ਨੇੜੇ ਸੀ..ਡਾਹਢੀ ਸੋਚ ਅੱਗੇ ਲੱਗ ਨੱਸ ਪਿਆ ਕਾਲ..ਰਾਹਾਂ ਬੰਨਿਆ ਠਾਹਰਾਂ ਦੀ ਟੋਹ ਲਾਉਂਦਾ..ਅਖੀਰ ਕਿੰਨੀਆਂ ਬਹਿਕਾਂ ਥਣੀ ਹੁੰਦਾ ਇੱਕ ਠਿਕਾਣੇ ਤੇ ਅੱਪੜਿਆ..ਜਾਂਦੇ ਜਾਂਦੇ ਇਸਨੂੰ ਵੀ ਪਰਖ ਲਿਆ ਜਾਵੇ..ਵਰਨਾ ਆਖੇਗਾ ਜੇ ਮੇਰੇ ਕੋਲ ਅੱਪੜ ਜਾਂਦਾ ਤਾਂ ਸ਼ਾਇਦ ਬਚ ਜਾਂਦਾ..!

ਲਿਲਕੜੀਆਂ ਤਰਲੇ ਕੱਢ ਜਾਨ ਬਖਸ਼ੀ ਕਰਾਉਣਾ ਅਸੂਲਾਂ ਦੇ ਸਖਤ ਖਿਲਾਫ..ਅਕਸਰ ਜੂ ਆਖਿਆ ਕਰਦੇ..ਬਾਬਾ ਜੀ ਸਾਡੇ ਵੀ ਚਰਨ ਪਾਇਓ..ਉਸ ਦਿਨ ਪਾਏ ਵੀ..ਪਰ ਅੱਜ ਦੁੱਧ ਦੇ ਗਿਲਾਸ ਵਿੱਚ ਵਿਹੁ ਸੀ..ਮਿੱਠੇ ਵਿਚ ਰਲਿਆ ਹੋਇਆ ਧੋਖਾ ਫ਼ਰੇਬ ਵਿਸ਼ਵਾਸ਼ਘਾਤ ਪਿੱਠ ਪਿੱਛੇ ਛੁਰੀ ਅਤੇ ਦੋਗਲਾਪਨ..ਸਾਰਾ ਕੁਝ ਮਾਹੌਲ ਫਿਜ਼ਾ ਹਵਾ ਵਿਚ ਘੁਲਿਆ ਹੋਇਆ..!

ਥਕੇਵੇਂ ਦਾ ਭੰਨਿਆਂ ਸਭ ਕੁਝ ਡੀਕ ਲਾ ਪੀ ਗਿਆ!

ਫੇਰ ਵੇਹੰਦਿਆਂ-ਵੇਹੰਦਿਆਂ ਇੱਕ ਯੁਗ ਦਾ ਅੰਤ ਹੋ ਗਿਆ..ਪਰ ਰੂਹਾਨੀ ਤੌਰ ਤੇ ਦੱਸਦੇ ਅੱਜ ਵੀ ਜਿਉਂਦਾ ਏ..ਬੰਨਿਆਂ ਵੱਟਾਂ ਨਹਿਰਾਂ ਪਹਿਆਂ ਬੰਕਰਾਂ ਬੰਬੀਆਂ ਵਾਹਣਾਂ ਕੱਸੀਆਂ ਟੋਭਿਆਂ ਕਮਾਦਾਂ ਝੋਨਿਆ ਕਣਕਾਂ ਰੋਹੀਆਂ ਅੰਦਰ ਤੁਰਦਾ ਫਿਰਦਾ!

ਫੇਰ ਖੁੱਲੇ ਕੇਸਾਂ ਵਾਲੀ ਦੇਹ ਕੋਲ ਖਲੋ ਬਾਘੀਆਂ ਬੁਲਬੁਲੀਆਂ ਪਾਈਆਂ..ਲਲਕਾਰੇ ਮਾਰੇ..ਅਸਾਂ ਆਖਰੀ ਥੰਮ ਡੇਗ ਲਿਆ..ਧੌਣ ਤੋਂ ਫੜ-ਫੜ ਫੋਟੋਆਂ ਤਸਵੀਰਾਂ ਖਿਚਵਾਈਆਂ..ਅਖੀਰ ਦੇਹ ਸਰਹਾਲੀ ਸੜਕ ਤੇ ਲਿਆ ਕਿੰਨੀਂ ਦੇਰ ਅਣਪਛਾਤੀ ਆਖ ਰੱਖ ਛੱਡੀ..ਲੰਘਦੇ ਆਉਂਦੇ ਵੇਖਣ..ਚੱਲ ਸੱਥ ਵਿਚ ਚੱਲ ਵਿਖਾਵਾਂ ਨੀ ਤੇਰਾ ਵੱਢੇਆ ਯਾਰ ਪਿਆ..ਨਿਢਾਲ ਪਿਆ ਮਾਝੇ ਦਾ ਜਰਨੈਲ..!

ਅੱਜ ਦੇ ਆਪੂੰ ਬਣੇ ਕਾਗਜੀ ਜਰਨੈਲਾਂ ਦੇ ਬੌਣੇ ਕਦ!

ਕੁਦਰਤੀ ਕੋਲੋਂ ਲੰਘਦਾ ਭਾਈ ਜਸਵੰਤ ਸਿੰਘ ਖਾਲੜਾ..ਖਾਕੀ ਵਰਦੀ ਨਾਲ ਬਹਿਸ ਪਿਆ..ਇਹ ਅਣਪਛਾਤਾ ਨਹੀਂ..ਇਸਦੇ ਵਾਰਿਸ ਅਜੇ ਜਿਉਂਦੇ..ਦੇਹ ਸਾਡੇ ਹਵਾਲੇ ਕਰੋ..ਪਰ ਪੇਸ਼ ਨਾ ਗਈ..!

ਉਸਦੀ ਸੁਨਹਿਰੀ ਸੋਚ..ਬਿਨਾ ਕਿਸੇ ਠੋਸ ਸਬੂਤ ਕਾਰਨ ਦੇ..ਮਨੁੱਖੀ ਜਾਨ ਲੈਣ ਦੇ ਸਖਤ ਵਿਰੁੱਧ..ਇੱਕੋ ਦਲੀਲ..ਮਾਂ ਨੇ ਨੌਂ ਮਹੀਨੇ ਢਿੱਡ ਅੰਦਰ ਰੱਖ ਰੱਤ ਨਾਲ ਸਿੰਝਿਆ ਹੁੰਦਾ..ਇੱਕ ਗੋਲੀ ਨੂੰ ਕੋਈ ਹੱਕ ਨਹੀਂ ਉਸਨੂੰ ਮਾਰ ਮੁਕਾਉਣ ਦਾ..ਕਿਸੇ ਤੋਂ ਗਲਤੀ ਹੋ ਜਵੇ ਤਾਂ ਪਹਿਲੋਂ ਸਮਜਾਓ..ਪਿੰਡ ਵਾਲਿਆਂ ਨਾਲ ਗੱਲ ਕਰੋ..ਕੋਈ ਵੀ ਰਾਹ ਨਾ ਬਚੇ ਤਾਂ ਵੀ ਫੇਰ ਕੋਸ਼ਿਸ਼ ਕਰ ਵੇਖੋ..ਅਖੀਰ ਨੂੰ ਫੇਰ ਕੌੜਾ ਘੁੱਟ..!

ਨੱਥਾ ਸਿੰਘ ਦਾਲਮ ਅਤੇ ਸੇਖਵਾਂ..ਇੱਕਨਵੇਂ ਦੀਆਂ ਚੋਣਾਂ ਵੇਲੇ ਠਾਹਰ ਤੇ ਮਿਲਣ ਗਏ..ਨਾਲਦੇ ਸਿੰਘ ਆਖਣ ਲੱਗੇ ਗੰਨਮੈਨਾਂ ਦੇ ਹਥਿਆਰ ਖੋਹ ਲੈਂਦੇ ਹਾਂ..ਅੱਗਿਓਂ ਵਰਜ ਦਿੱਤਾ..ਕਦਾਚਿਤ ਨਹੀਂ ਕਰਨਾ..ਸਾਡੇ ਮਹਿਮਾਨ ਨੇ..ਮਾਵਾਂ ਦੇ ਪੁੱਤ..!

ਕਿਸੇ ਆਖਿਆ ਸੈਂਟਰ ਦਾ ਏਜੰਟ ਏ..ਗ੍ਰਹਿ ਮੰਤਰੀ ਬੂਟਾ ਸਿੰਘ ਨੇ ਕੋਠੀ ਪਾ ਕੇ ਦਿੱਤੀ..ਕੰਵਰ ਸੰਧੂ ਇੰਟਰਵਿਊ ਲਈ ਮੰਡ ਇਲਾਕੇ ਗਿਆ ਤਾਂ ਸਭ ਤੋਂ ਪਹਿਲੋਂ ਝਾਲਿਆਂ ਅੰਦਰ ਬਣਾਈ ਕਾਹੀ ਦੀ ਛੰਨ ਵੱਲ ਇਸ਼ਾਰਾ ਕੀਤਾ ਅਖੇ ਉਹ ਬੂਟਾ ਸਿੰਘ ਵੱਲੋਂ ਦਿੱਤੀ ਕੋਠੀ ਦੀ ਫੋਟੋ ਜਰੂਰ ਛਾਪਿਆ ਜੇ..!

ਚੜ੍ਹਦੀ ਉਮਰ ਦੇ ਨਵਰੂਪ ਸਿੰਘ ਢੋਟੀਆਂ ਅਤੇ ਤਸਵੀਰ ਸਿੰਘ ਝੰਡੇਰ..ਬਾਬੇ ਦੇ ਘਰ ਤੇ ਗੋਲੀਆਂ ਚਲਾ ਗਏ..ਨਾਲਦੇ ਆਖਣ ਲੱਗੇ ਜੁਆਬੀ ਕਾਰਵਾਈ ਕਰਨੀ ਬਣਦੀ..ਅੱਗਿਓਂ ਵਰਜ ਦਿੱਤਾ..ਭਰਾ ਮਾਰੂ ਜੰਗ ਤੋਂ ਬਚਣਾ..ਗਰਮ ਖੂਨ ਬੱਚੇ ਨੇ ਆਪੇ ਸਮਝ ਜਾਣਗੇ..ਸੰਘੇ ਗਰੁੱਪ ਕੋਲੋਂ ਭੁਲੇਖੇ ਨਾਲ ਭਰਾ ਮੋਹਿੰਦਰ ਸਿੰਘ ਮਾਨੋਚਾਹਲ ਦਾ ਅੰਤ ਹੋ ਗਿਆ..ਤਾਂ ਵੀ ਮਾਨਸਿਕ ਸਰੀਰਕ ਤਵਾਜਨ ਵਿਗੜਨ ਨਹੀਂ ਦਿੱਤਾ..!

ਗੁਰਿੱਲਾ ਯੁੱਧ..ਰਾਜਸੀ ਫਰੰਟ ਦੀ ਮਹੱਤਤਾ..ਬਦਲਦੀਆਂ ਤਕਨੀਕਾਂ ਦਾ ਹਾਣ..ਅੰਤਰਰਾਸ਼ਟਰੀ ਹਾਲਾਤਾਂ ਦੀ ਪੜਚੋਲ..ਗਰੀਬ ਦੀ ਰੱਖਿਆ ਤੇ ਜਾਲਿਮ ਦੀ ਭਖਿਆ..ਸਰੀਰਕ ਫਿੱਟਨੈੱਸ..ਆਧੁਨਿਕ ਯੁੱਧ ਤਕਨੀਕਾਂ..ਗੁਰਬਾਣੀ ਦੇ ਆਸੇ ਮੁਤਾਬਿਕ ਜੀਵਨ ਜਾਚ..ਫੌਜੀ ਟਰੇਨਿੰਗ ਦਾ ਲਾਹਾ..ਤਾਰਿਆਂ ਦੀ ਲੋਅ ਵਿਚ ਰਾਹਾਂ ਮੰਜਿਲਾਂ ਦੀ ਪਛਾਣ..ਮਨ ਨੀਵਾਂ ਮਤ ਉੱਚੀ ਦਾ ਸਿਧਾਂਤ..ਰੋਹੀਆਂ ਕੱਸੀਆਂ ਰਾਂਹੀ ਰਾਤੋ ਰਾਤ ਤੁਰਕੇ ਗਾਹ ਦਿੱਤੇ ਤੀਹ ਤੀਹ ਕਿਲੋਮੀਟਰ..!

ਜਾਂਦੇ ਹੋਏ ਸਿਰਫ ਇੱਕੋ ਮਲਾਲ..ਚਉ-ਕੁੰਠਾ ਲਾਲਚ ਆਪਹੁਦਰਾਪਣ ਭਾਰੂ ਹੋ ਗਿਆ..ਵੱਡੇ ਵੱਡੇ ਨਾਵਾਂ ਨੇ ਪਰਿਵਾਰਿਕ ਸ਼ਹੀਦੀਆਂ ਦੇ ਮੁੱਲ ਵੱਟ ਲਏ..ਭਰਾ ਮਾਰੂ ਜੰਗ ਦੀ ਆਈ ਸੁਨਾਮੀ..!

ਅਜੇ ਤੀਕਰ ਵੀ ਇੰਨ-ਬਿੰਨ ਉੰਝ ਦੀ ਉੰਝ ਹੀ ਜਾਰੀ..ਮੈਂ ਮੇਰਾ ਗਰੁੱਪ ਮੇਰੀ ਸੰਸਥਾ ਮੇਰੀ ਆਰਗੇਨਾਈਜੇਸ਼ਨ ਮੇਰੀ ਸੋਚ ਮੇਰੀ ਮਿਸਲ ਹੀ ਸਭ ਤੋਂ ਬੇਹਤਰ ਮਹਾਨ ਅਤੇ ਵਿਲੱਖਣ..ਏਕਤਾ ਕਰਨੀ ਤਾਂ ਮੇਰੇ ਵਿਚ ਰਲੋ..ਜਿਥੇ ਮੈਂ ਖਲੋਤਾ ਲਾਈਨ ਓਥੋਂ ਸ਼ੁਰੂ ਹੋਊ..ਮੈਂ ਕਿਸੇ ਨਾਲ ਏਕਤਾ ਨਹੀਂ ਕਰਨੀ..!

ਮੈਂ ਮਰਾਂ ਪੰਥ ਜੀਵੇ ਵਾਲੀ ਭਾਵਨਾ..ਜਿੱਦਣ ਭਾਰੂ ਹੋ ਗਈ ਉੱਦਣ ਮਾਝੇ ਦੀ ਧਰਤ ਤੇ ਭਟਕਦੀ ਉਸਦੀ ਰੂਹ ਨੂੰ ਜਰੂਰ ਸੁਕੂਨ ਮਿਲੂ..!

ਅਠਾਈ ਫਰਵਰੀ ਉੱਨੀ ਸੌ ਤ੍ਰਿਨਵੇਂ..ਸ਼ਹੀਦ ਹੋਏ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ ਖਰਾਜ-ਏ-ਅਕੀਦਤ!

ਵਾਹਿਗੁਰੂ ਜੀ ਕਾ ਖਾਲਸਾ..ਵਾਹਿਗੁਰੂ ਜੀ ਕੀ ਫਤਹਿ



ਹਰਪ੍ਰੀਤ ਸਿੰਘ ਜਵੰਦਾ

# ਆਪਣੇ ਹਿੱਤਾਂ ਦੀ ਬਲੀ...!

ਕਦੀ ਕਦੀ ਛੋਟੇ ਲਾਲਚ ਵੱਡੀਆਂ ਹਾਰਾਂ ਦਾ ਕਾਰਨ ਬਣਦੇ ਹਨ। ਜਦੋਂ ਅਸੀਂ ਆਪਣੀ ਜਿੱਤ 'ਤੇ ਕੇਂਦਰਿਤ ਹੋਈਏ ਤਾਂ ਅਕਸਰ ਇੱਕ ਵੱਡੀ ਹਾਰ ਸਾਹਮਣੇ ਖੜ੍ਹੀ ਹੁੰਦੀ ਹੈ। ਨਿੱਕੇ ਨਿੱਕੇ ਰਾਜੇ ਬੇਸ਼ੱਕ ਸੁਤੰਤਰ ਰੂਪ ਵਿੱਚ ਆਪਣਾ ਰਾਜ ਚਲਾਉਂਦੇ ਹਨ ਪਰ ਇੱਕ ਸਮਰਾਜ ਦੀ ਸਥਾਪਨਾ ਲਈ ਉਹਨਾਂ ਨੂੰ ਆਪਣੇ ਹਿੱਤਾਂ ਦੀ ਬਲੀ ਦੇਣੀ ਪੈਂਦੀ ਹੈ। ਨਿੱਕੇ ਨਿੱਕੇ ਸੁਤੰਤਰ ਰਾਜਾਂ ਤੋਂ ਕਿਸੇ ਨੂੰ ਕੋਈ ਡਰ ਨਹੀਂ ਹੁੰਦਾ ਪਰ ਇੱਕ ਸਾਮਰਾਜ ਤੋਂ ਸ਼ਕਤੀਸ਼ਾਲੀ ਸਾਮਰਾਜ ਤੋਂ ਹਰ ਕੋਈ ਡਰਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਆਪਣੇ ਆਪਣੇ ਹਿੱਤਾਂ ਲਈ ਨਿੱਕੀਆਂ ਨਿੱਕੀਆਂ ਜਿੱਤਾਂ ਪ੍ਰਾਪਤ ਕਰ ਜਸ਼ਨ ਮਨਾਉਣ ਵਾਲੇ ਇਹ ਨਹੀਂ ਜਾਣਦੇ ਕਿ ਉਹਨਾਂ ਦੀ ਹੋਂਦ ਨੂੰ ਖਤਰਾ ਹੁੰਦਾ ਹੈ। ਜੇਕਰ ਵਿਰੋਧੀ ਤਾਕਤ ਵਾਲਾ ਹੋਵੇ ਤਾਂ ਛੋਟੀਆਂ ਜੇਤੂ ਧਿਰਾਂ ਦੀ ਪਰਵਾਹ ਨਹੀਂ ਕਰਦਾ।

ਹਿੰਦੁਸਤਾਨ ਲੰਬੇ ਸਮੇਂ ਤੱਕ ਗੁਲਾਮ ਵੀ ਇਸੇ ਲਈ ਰਿਹਾ ਕਿਉਂਕਿ ਇਸਨੇ ਕਦੇ ਵੀ ਏਕੇ ਦੀ ਤਾਕਤ ਨੂੰ ਨਹੀਂ ਪਛਾਣਿਆ। ਤਾਕਤਵਰ ਸਾਮਰਾਜ ਲਈ ਛੋਟੇ ਹਿੱਤਾਂ ਦੀ ਕੁਰਬਾਨੀ ਦੇਣੀ ਪੈਂਦੀ ਹੈ। ਐਵੇਂ ਤਾਂ ਨਹੀਂ ਕਿਹਾ ਜਾਂਦਾ ਏਕੇ ਵਿੱਚ ਬਰਕਤ ਹੁੰਦੀ ਹੈ ਜਾਂ ਏਕਤਾ ਵਿੱਚ ਬਲ ਹੈ।

ਇਕੱਲੀ ਇਕੱਲੀ ਲੱਕੜੀ ਨੂੰ ਹਰ ਕੋਈ ਤੋੜ ਲੈਂਦਾ ਹੈ ਪਰ ਲੱਕੜੀਆਂ ਦੇ ਗੁੱਟ ਨੂੰ ਤੋੜਨਾ ਸੌਖਾ ਨਹੀਂ।

ਜੀ ਹਾਂ ਮੈਂ ਬਿਲਕੁਲ ਸਾਹਿਤ ਅਕਾਦਮੀ ਦੀਆਂ ਚੋਣਾਂ ਬਾਰੇ ਹੀ ਗੱਲ ਕਰ ਰਹੀ ਹਾਂ। ਜੇਕਰ ਛੋਟੇ ਅਹੁਦਿਆਂ ਤੇ ਸਰਬ ਸੰਮਤੀ ਨਾ ਕੀਤੀ ਹੁੰਦੀ ਤਾਂ ਜਿੱਤ ਬੜੀ ਸੌਖੀ ਸੀ। ਹਰ ਬੰਦੇ ਨੇ ਆਪਣੇ ਕੁਝ ਖਾਸ ਬੰਦੇ ਵੋਟਾਂ ਲਈ ਬੁਲਾਉਣੇ ਸਨ ਕਿਉਂਕਿ ਉਸ ਨੂੰ ਆਪਣੀ ਹੋਂਦ ਦਾ ਸਵਾਲ ਸੀ। ਕਿਸੇ ਨੇ ਇਹ ਨਹੀਂ ਸੋਚਿਆ ਕਿ ਜਦੋਂ ਸਾਡੇ ਪ੍ਰਧਾਨ ਦੇ ਨਾਂ ਤੇ ਸਹਿਮਤੀ ਨਹੀਂ ਬਣਦੀ ਤਾਂ ਫਿਰ ਅਸੀਂ ਇਹ ਗਿਣੀ ਮਿਥੀ ਜਿਹੀ ਸਰਬ ਸੰਮਤੀ ਕਿਉਂ ਕਰੀਏ? ਉਹਨਾਂ ਤਾਂ ਆਪਣਾ ਆਪਣਾ ਵੇਖਿਆ ਤੇ ਜਸ਼ਨ ਮਨਾ ਲਏ। ਸਮੱਸਿਆ ਹੁਣ ਇਹ ਹੈ ਕਿ ਸਿਰਫ ਇੱਕ ਅਹੁਦੇ ਦੀ ਚੋਣ ਲਈ ਕਿੰਨੇ ਕੁ ਲੋਕ ਵੋਟ ਪਾਉਣ ਆਉਣਗੇ? ਜਦੋਂ ਟੀਮ ਨੇ ਹੀ ਆਪਣੇ ਪ੍ਰਧਾਨ ਦਾ ਖਿਆਲ ਨਹੀਂ ਕੀਤਾ ਤਾਂ ਲੋਕਾਂ ਤੋਂ ਕਿਸ ਗੱਲ ਦੀ ਉਮੀਦ। ਸਿਆਸਤ ਸੂਝ ਬੂਝ ਨਾਲ ਚਲਦੀ ਹੈ। ਸਿਆਸਤਦਾਨ ਬੜਾ ਦੂਰਦਰਸ਼ੀ ਹੁੰਦਾ ਹੈ। ਉਹ ਹਮੇਸ਼ਾ ਵੱਡੀ ਪ੍ਰਾਪਤੀ ਲਈ ਛੋਟੇ ਹਿੱਤਾਂ ਦੀ ਬਲੀ ਦਿੰਦਾ ਹੈ। ਹੁਣ ਸਥਿਤੀ ਅਜਿਹੀ ਹੈ ਕਿ ਕੁਝ ਲੋਕਾਂ ਦਾ ਕਹਿਣਾ ਹੈ ਦੂਜੀ ਧਿਰ ਕਿਸੇ ਖਾਸ ਵਿਚਾਰਧਾਰਾ ਨਾਲ ਸੰਬੰਧਿਤ ਹੈ। ਪਰ ਪਹਿਲੀ ਧਿਰ ਵੀ ਕਿਸੇ ਵਿਚਾਰਧਾਰਾ ਨਾਲ ਹੀ ਸੰਬੰਧਿਤ ਹੈ। ਇਹ ਕਿਤੇ ਨਾ ਕਿਤੇ ਦੋ ਸਿਆਸੀ ਵਿਚਾਰਧਾਰਾ ਦਾ ਟਕਰਾਅ ਹੈ।





ਹਰਪ੍ਰੀਤ ਕੌਰ ਸੰਧੂ

ਸਾਹਿਤ ਤੇ ਸਿਆਸਤ ਦਾ ਕੋਈ ਮੇਲ ਨਹੀਂ ਹੋਣਾ ਚਾਹੀਦਾ। ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਇਸ ਵਿੱਚ ਸਿਆਸਤ ਵਾਲਾ ਗੰਧਲਾਪਣ ਨਹੀਂ ਹੋਣਾ ਚਾਹੀਦਾ।

ਤੁਸੀਂ ਵੇਖਿਆ ਹੋਵੇਗਾ ਕਿ ਮਾਹੌਲ ਬਿਲਕੁਲ ਰਾਜਨੀਤਿਕ ਚੋਣਾਂ ਵਾਲਾ ਹੈ। ਖਦਸ਼ੇ ਤੇ ਡਰ ਵੀ ਰਾਜਨੀਤਿਕ ਚੋਣਾਂ ਵਾਲੇ ਹਨ। ਇਸ ਲਈ ਸੋਚ ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੋ।

ਇਹ ਨਾ ਸੋਚੋ ਜੇ ਕੋਈ ਵੀ ਜਿੱਤ ਜਾਵੇ ਸਾਨੂੰ ਕੀ ਫਰਕ ਪੈਂਦਾ ਹੈ। ਸਾਨੂੰ ਬਹੁਤ ਫਰਕ ਪਵੇਗਾ।

ਵਿਚਾਰਧਾਰਾ ਹੀ ਸਭ ਤੋਂ ਮਹੱਤਵਪੂਰਨ ਹੁੰਦੀ ਹੈ॥ ਕਿਸੇ ਸੰਸਥਾ ਦੇ ਮੁਖੀ ਦੀ ਵਿਚਾਰਧਾਰਾ ਹੀ ਫੈਸਲਾ ਕਰਦੀ ਹੈ ਕਿ ਸੰਸਥਾ ਕਿਸ ਉਦੇਸ਼ ਨੂੰ ਲੈ ਕੇ ਚੱਲੇਗੀ।

ਅਸੀਂ ਪੰਜਾਬੀ ਹਾਂ ਤੇ ਸਾਡੇ ਲਈ ਪੰਜਾਬੀਅਤ ਸਭ ਤੋਂ ਵੱਡਾ ਮੁੱਦਾ ਹੈ। ਪੰਜਾਬੀ ਭਾਸ਼ਾ ਦੀ ਬੇਹਤਰੀ ਲਈ ਕੰਮ ਕਰਨ ਲਈ ਸਾਨੂੰ ਵਚਨਬੱਧ ਹੋਣਾ ਚਾਹੀਦਾ ਹੈ।

ਇਸ ਲਈ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਜਰੂਰ ਕਰੋ। ਪੰਜਾਬੀ ਬਾਰੇ ਸੋਚ ਕੇ ਪੰਜਾਬੀ ਦੇ ਭਵਿੱਖ ਬਾਰੇ ਸੋਚ ਕੇ ਆਪਣੀ ਵੋਟ ਪਾਓ।

# ਮਾਂ ਦਾ ਫ਼ਰਜ਼



ਅਨਹਦ ਅਤੇ ਉਸਦੀ ਪਤਨੀ ਸ਼ਹਿਰ ਦੇ ਇੱਕ ਛੋਟੇ ਜਿਹੇ ਘਰ ਵਿੱਚ ਬਹੁਤ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਸਨ। ਅਨਹਦ ਇੱਕ ਸਰਕਾਰੀ ਅਧਿਆਪਕ ਵੱਜੋਂ ਸ਼ਹਿਰ ਦੇ ਨੇੜਲੇ ਪਿੰਡ ਆਪਣੀਆਂ ਸੇਵਾਵਾਂ ਦੇ ਰਿਹਾ ਸੀ ਅਤੇ ਉਸਦੀ ਪਤਨੀ ਕਾਫ਼ੀ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਇੱਕ ਚੰਗੀ ਸੁਆਣੀ ਵਾਂਗ ਘਰ ਨੂੰ ਕੁੰਜ ਕੇ ਰੱਖਦੀ ਸੀ। ਇੰਝ ਉਨ੍ਹਾਂ ਦੀ ਜ਼ਿੰਦਗੀ ਦੇ ਬਹੁਤ ਹੀ ਖੁਸ਼-ਗਵਾਰ ਦਿਨ ਲੰਘ ਰਹੇ ਸਨ। ਵਿਆਹ ਤੋਂ ਲਗਭਗ ਸਾਲ ਬਾਅਦ ਉਹਨਾਂ ਘਰ ਇੱਕ ਬੇਟੇ ਨੇ ਜਨਮ ਲਿਆ। ਬੇਟਾ ਅਜੇ ਤਿੰਨ-ਕੁ ਸਾਲ ਦਾ ਹੋਇਆ ਹੀ ਸੀ ਕਿ ਅਨਹਦ ਦੀ ਪਤਨੀ ਨੂੰ ਬਤੌਰ ਸਰਕਾਰੀ ਅਧਿਆਪਕਾ ਘਰ ਤੋਂ ਲਗਭਗ ਦੋ ਸੌ ਕਿਲੋਮੀਟਰ ਦੂਰ ਨੌਕਰੀ ਮਿਲ ਗਈ। ਇੱਕ ਵਾਰ ਤਾਂ ਉਨ੍ਹਾਂ ਨੂੰ ਕੁੱਝ ਸਮਝ ਹੀ ਨਾ ਆਈ। ਫਿਰ ਅਨਹਦ ਨੇ ਆਪਣੇ ਬੇਟੇ ਨੂੰ ਆਪਣੀ ਮਾਂ ਨਾਲ ਉਸੇ ਪਿੰਡ ਹੀ ਰੱਖਣ ਦਾ ਫੈਸਲਾ ਕੀਤਾ, ਜਿੱਥੇ ਉਸਦੀ ਪਤਨੀ ਨੂੰ ਨੌਕਰੀ ਮਿਲੀ ਸੀ। ਇੱਕ ਹਫ਼ਤਾ ਉਸਦਾ ਬੇਟਾ ਆਪਣੀ ਮਾਂ ਨਾਲ ਉਥੇ ਰਿਹਾ, ਪਰ ਉਸ ਜੀਅ ਨਾ ਲਾਇਆ। ਅਨਹਦ ਦੇ ਬੇਟੇ ਨੇ ਖਾਣਾ-ਪੀਣਾ ਛੱਡ ਦਿੱਤਾ ਤੇ ਦੂਜੇ-ਤੀਜੇ ਦਿਨ ਹੀ ਬਿਮਾਰ ਹੋ ਗਿਆ। ਅਨਹਦ ਨੂੰ ਆਪਣੇ ਬੇਟੇ ਨੂੰ ਵਾਪਿਸ ਲਿਆਉਣਾ ਪਿਆ ਕਿਉਂਕਿ ਉਸਦੀ ਆਪਣੀ ਪੋਸਟਿੰਗ ਘਰ ਦੇ ਨੇੜੇ ਜੋ ਸੀ। ਅਨਹਦ ਤੇ ਉਸਦੀ ਬਜ਼ੁਰਗ ਮਾਂ, ਜੋਕਿ ਅਨਹਦ ਦੇ ਛੋਟੇ ਭਰਾ ਦੇ ਪਰਿਵਾਰ ਨਾਲ ਰਹਿੰਦੀ ਸੀ, ਉਸਦੇ ਬੇਟੇ ਨੂੰ ਮਾਂ ਤੋਂ ਦੂਰ ਰੱਖ ਕੇ ਪਾਲਣ ਦੇ ਯਤਨਾਂ ਵਿੱਚ ਜੁਟ ਗਏ। ਉਹ ਦੋਵੇਂ ਰਲ਼-ਮਿਲ ਕੇ ਦਿਨ ਤਾਂ ਜਿਵੇਂ-ਤਿਵੇਂ ਕੱਢ ਲੈਂਦੇ, ਪਰ ਜਿਉਂ ਹੀ ਦਿਨ ਢਲਣ ਲੱਗਦਾ ਅਨਹਦ ਦਾ ਬੇਟਾ ਮਾਂ ਨੂੰ ਯਾਦ ਕਰਨ ਲੱਗ ਜਾਂਦਾ। ਉਹ ਮਾਂ ਦੀ ਬੁੱਕਲ ਦੇ ਨਿੱਘ ਨੂੰ ਯਾਦ ਕਰਕੇ ਬਹੁਤ ਰੋਂਦਾ-ਕੁਰਲਾਉਂਦਾ। ਅਨਹਦ ਤੇ ਉਸਦੀ ਮਾਂ ਬੇਵੱਸ ਜਿਹੇ ਉਸਨੂੰ ਰਿਝਾਉਣ ਦੀਆਂ ਅਨੇਕਾਂ ਕੋਸ਼ਿਸ਼ਾਂ ਕਰਦੇ, ਪਰ ਉਹ ਨਾ ਮੰਨਦਾ। ਅਨਹਦ ਜਦ ਕਦੀ ਆਪਣੇ ਬੇਟੇ ਦੀ ਉਸਦੀ ਮਾਂ ਨਾਲ ਫੋਨ ਤੇ ਗੱਲ ਕਰਵਾਉਂਦਾ, ਤਾਂ ਬੇਟਾ ਸਿਰਫ਼ ਇੰਨਾਂ ਬੋਲਦਾ, "ਮੰਮੀ! ਤੁਸੀਂ ਕਦੋਂ ਆਉਣੈ?" ਇਸ ਤੋਂ ਬਾਅਦ ਨਾ ਉਸਦਾ ਬੇਟਾ ਕੋਈ ਲਫ਼ਜ਼ ਬੋਲਦਾ ਤੇ ਨਾ ਉਸਦੀ ਪਤਨੀ। ਦੋਵੇਂ ਮਾਂ-ਪੁੱਤ ਰੱਜ ਕੇ ਰੋਂਦੇ ਤੇ ਅਖ਼ੀਰ ਫ਼ੋਨ ਕੱਟ ਦਿੰਦੇ। ਅਨਹਦ ਸ਼ਾਮ ਤੋਂ ਲੈ ਕੇ ਰਾਤ ਨੂੰ ਉਸਦੇ ਸੌਣ ਤੱਕ ਉਸਨੂੰ ਪਾਰਕਾਂ, ਬਜ਼ਾਰਾਂ ਤੇ ਸ਼ਹਿਰ ਦੀਆਂ ਸੜ੍ਹਕਾਂ 'ਤੇ ਲੈ ਕੇ ਘੁੰਮਦਾ ਤਾਂ ਜੋ ਉਸਨੂੰ ਮਾਂ ਦਾ ਚੇਤਾ ਨਾ ਆਵੇ। ਰਾਤ ਨੂੰ ਵੀ ਉਸਨੂੰ ਉਸਦੀ ਮਾਂ ਵਾਂਗ ਆਪਣੀ ਗਲਵਕੜੀ ਵਿੱਚ ਲੈ ਕੇ ਸੌਂਦਾ। ਇਸ ਤਰ੍ਹਾਂ ਵਿਚਾਰਾ ਔਖੇ-ਸੌਖੇ ਦਿਨ ਕੱਟਦਾ। ਜਦ ਅਨਹਦ ਮਹੀਨੇ ਦੇ ਅਖੀਰ ਵਿੱਚ ਆਪਣੇ ਬੇਟੇ ਦੇ ਸਕੂਲ 'ਅਧਿਆਪਕ-ਮਾਪੇ ਮਿਲਣੀ' ਤੇ ਜਾਂਦਾ ਤਾਂ ਉਸਦੇ ਬੇਟੇ ਦੀ ਅਧਿਆਪਕਾ ਨੇ ਰਿਪੋਰਟ ਕਾਰਡ ਵੇਖਦੀ ਨੇ ਸੁਆਲ ਕਰਨਾ ਕਿ ਇਸਦੀ ਮਾਂ ਕਿੱਥੇ ਹੈ? ਅਨਹਦ ਦੇ ਬੇਟੇ ਨੇ ਭਰੇ ਮਨ ਨਾਲ ਉਸ ਵੱਲ ਤੱਕਣਾ ਤੇ ਅਨਹਦ ਨੇ ਨੰਮ ਅੱਖਾਂ ਨਾਲ ਜੁਆਬ ਦੇਣਾ ਕਿ ਅੱਜਕਲ੍ਹ ਉਹ ਹੀ ਉਸਦੀ ਮਾਂ ਹੋਣ ਦਾ ਫ਼ਰਜ਼ ਅਦਾ ਕਰ ਰਿਹਾ ਹੈ। ਉਸਨੂੰ ਤਾਂ ਮਾਂ ਮਹੀਨੇ ਵਿੱਚ ਦੋ ਵਾਰ ਹੀ ਨਸੀਬ ਹੁੰਦੀ ਹੈ। ਜਦ ਵੀ ਦੋ ਛੁੱਟੀਆਂ ਇਕੱਠੀਆਂ ਹੋਣੀਆਂ ਅਤੇ ਅਨਹਦ ਦੀ ਪਤਨੀ ਨੇ ਘਰ ਆਉਣਾ, ਤਾਂ ਉਸਦੇ ਬੱਸ ਤੋਂ ਹੇਠਾਂ ਉਤਰਦਿਆਂ ਹੀ ਉਸਦੇ ਬੇਟੇ ਨੇ ਆਪਣੀ ਮਾਂ ਨੂੰ ਘੁੱਟ ਕੇ ਮਿਲਣਾ ਤੇ ਫਿਰ ਉਸਦਾ ਪਹਿਲਾ ਸੁਆਲ ਇਹ ਹੋਣਾ, "ਮੰਮੀ, ਤੁਸੀਂ ਵਾਪਿਸ ਕਦੋਂ ਜਾਣਾ?" ਪਤਨੀ ਨੇ ਪਹਿਲਾਂ ਤਾਂ ਅਨਹਦ ਵੱਲ ਝਾਤੀ ਮਾਰਨੀ ਤੇ ਫਿਰ ਸਹਿਜ-ਸੁਭਾਅ ਕਹਿ ਦੇਣਾ ਕਿ ਸੋਮਵਾਰ ਸਵੇਰੇ ਵਾਪਿਸ ਜਾਣਾ। ਅਨਹਦ ਦੇ ਬੇਟੇ ਨੇ ਝੱਟ ਆਪਣੀਆਂ ਨਿੱਕੀਆਂ-ਨਿੱਕੀਆਂ ਉਂਗਲਾਂ ਦੇ ਪੋਟਿਆਂ ਤੇ ਦਿਨ ਗਿਣਨ ਲੱਗ ਜਾਣਾ ਤੇ ਕਹਿਣਾ, "ਬਸ, ਦੋ ਦਿਨ?" ਫਿਰ ਮਾਂ ਦੇ ਗਲ਼ ਲੱਗ ਕੇ ਰੱਜ ਕੇ ਰੋਣਾ। ਅਨਹਦ ਤੇ ਉਸਦੀ ਪਤਨੀ ਨੇ ਬਹੁਤ ਦੇਰ ਤੱਕ ਖਾਮੋਸ਼ ਰਹਿਣਾ। ਖਾਮੋਸ਼ੀ ਤਾਂ ਇੱਕ ਬਹਾਨਾ ਹੀ ਸੀ, ਅਸਲ ਵਿੱਚ ਉਨ੍ਹਾਂ ਦੋਵਾਂ ਦੇ ਗਲ਼ ਭਰ ਆਉਣੇ ਤੇ ਸ਼ਬਦਾਂ ਦਾ ਉਥੇ ਕੋਈ ਮੁੱਲ ਹੀ ਨਾ ਰਹਿ ਜਾਣਾ। ਜਦ ਸੋਮਵਾਰ ਤੜਕੇ ਚਾਰ ਵਾਲੀ ਬੱਸ ਅਨਹਦ ਨੇ ਆਪਣੀ ਪਤਨੀ ਨੂੰ ਚੜਾਉਣ ਜਾਣਾ ਤਾਂ ਬੇਟੇ ਨੇ ਜ਼ਿੱਦ ਕਰਕੇ ਨਾਲ ਜਾਣਾ। ਉਹ ਆਪਣੀ ਮਾਂ ਨੂੰ ਆਪਣੇ ਤੋਂ ਦੂਰ ਜਾਂਦਿਆਂ ਵੇਖ ਕੇ ਰੋਂਦਾ ਨਹੀਂ ਸੀ, ਬਲਕਿ ਇੱਕ ਅਜੀਬ ਜਿਹੀ ਚੁੱਪੀ ਧਾਰ ਲੈਂਦਾ। ਜਿਵੇਂ ਆਪਣੀ ਮਾਂ ਨੂੰ ਸੁਆਲ ਕਰ ਰਿਹਾ ਹੋਵੇ, "ਮਾਂ, ਤੂੰ ਫਿਰ ਮੈਥੋਂ ਦੂਰ ਚੱਲੀ ਐਂ? ਤੂੰ ਮੁੜ ਕੇ ਕਦੋਂ ਆਵੇਂਗੀ ਮਾਂ?" ਉਹਨੀਂ ਦਿਨੀਂ ਕਿਸੇ ਪੰਜਾਬੀ ਫ਼ਿਲਮ ਦਾ ਗਾਣਾ ਆਇਆ ਸੀ, ਜੋ ਸੁਣ ਕੇ ਅਕਸਰ ਅਨਹਦ ਦੀ ਭੁੱਬ ਨਿਕਲ ਜਾਂਦੀ ਸੀ। ਗਾਣੇ ਦੇ ਬੋਲ ਸਨ, 'ਸਾਡੇ ਤਾਂ ਪਲ ਲੰਘਦੇ ਗਿਣ-ਗਿਣ ਘੜੀਆਂ ਨੇ, ਸਾਨੂੰ ਹੁਣ ਪਤਾ ਲੱਗਿਐ ਰਾਤਾਂ ਲੰਮੀਆਂ ਈ ਬੜੀਆਂ ਨੇ।' ਸਚਮੁੱਚ, ਅਨਹਦ ਨੂੰ ਜ਼ਿੰਦਗੀ ਦੇ ਉਸ ਪੜਾਅ ਦੀਆਂ ਰਾਤਾਂ ਬਹੁਤ ਲੰਮੀਆਂ ਪ੍ਰਤੀਤ ਹੋਈਆਂ। ਜਦ ਵੀ ਇਸ ਗਾਣੇ ਦੇ ਬੋਲ ਉਸਦੇ ਕੰਨੀਂ ਪੈਣੇ, ਉਸ ਨੇ ਇਕੱਲਿਆਂ ਬਹਿ ਕੇ ਰੱਜ ਕੇ ਰੌਣਾ ਤੇ ਸੋਚਣਾ ਕਿ ਮਾਂ ਵਿਹੂਣਾ ਬੱਚਾ ਪਾਲਣਾ ਕਿੰਨਾਂ ਔਖਾ ਹੈ। ਅਨਹਦ ਨੂੰ ਉਨ੍ਹਾਂ ਦਿਨਾਂ ਵਿੱਚ ਮਾਂ ਦੀ ਬੱਚੇ ਦੀ ਜ਼ਿੰਦਗੀ ਵਿੱਚ ਅਹਿਮੀਅਤ ਤੇ ਉਸਦੇ ਆਪਣੇ ਬੱਚੇ ਪ੍ਰਤੀ ਫ਼ਰਜ਼ ਦਾ ਅਹਿਸਾਸ ਹੋਇਆ। ਅਨਹਦ ਕਦੇ ਗਹਿਰੀ ਨੀਂਦ ਨਹੀਂ ਸੀ ਸੌਂਦਾ, ਤਾਂ ਜੋ ਉਸ ਨੂੰ ਬੇਟੇ ਦੀ ਬਿੜਕ ਰਹੇ। ਇੱਕ ਰਾਤ ਅਨਹਦ ਆਪਣੇ ਬੇਟੇ ਨਾਲ ਸੌਂ ਰਿਹਾ ਸੀ। ਉਸ ਦਿਨ ਉਸਦੀ ਤਬੀਅਤ ਠੀਕ ਨਹੀਂ ਸੀ। ਦਵਾਈ ਲਈ ਹੋਣ ਕਾਰਨ ਉਸਦੀ ਕਿਤੇ ਅੱਖ ਲੱਗ ਗਈ ਤੇ ਉਸਦਾ ਬੇਟਾ ਅਚਾਨਕ ਦੂਜੇ ਪਾਸੇ ਬੈਡ ਤੋਂ ਹੇਠਾਂ ਜਾ ਡਿੱਗਿਆ। ਉਸਦੀ ਉਂਗਲ ਤੇ ਸੱਟ ਲੱਗ ਗਈ। ਅਨਹਦ ਨੇ ਅੱਧੀ ਰਾਤ ਨੂੰ ਅਬੜਵਾਹੇ ਉਸਨੂੰ ਚੁੱਕਿਆ ਤੇ ਆਪਣੀ ਝੋਲੀ ਵਿੱਚ ਲੈ ਕੇ ਧਾਹਾਂ ਮਾਰ ਕੇ ਰੋਇਆ। ਉਸ ਨੂੰ ਰੋਂਦਾ ਵੇਖ ਉਸ ਦੇ ਬੇਟੇ ਨੇ ਮਾਸੂਮ ਜਿਹਾ ਮੂੰਹ ਬਣਾ ਕੇ ਕਿਹਾ, "ਡੈਡੀ, ਤੁਸੀਂ ਰੋਵੋ ਨਾ। ਮੈਂ ਮੰਮੀ ਨੂੰ ਤੁਹਾਡੀ ਸ਼ਿਕਾਇਤ ਨਹੀਂ ਲਾਉਂਦਾ। ਜਦ ਮੰਮੀ ਪੁੱਛਣਗੇ ਤਾਂ ਕਹਿ ਦੇਵਾਂਗਾ ਕਿ ਮੈਂ ਆਪੇ ਬੈਡ ਤੋਂ ਹੇਠਾਂ ਡਿੱਗ ਪਿਆ। ਇਸ ਵਿੱਚ ਡੈਡੀ ਦਾ ਕੋਈ ਕਸੂਰ ਨਹੀਂ।" ਉਸਦੇ ਇਹ ਸ਼ਬਦ ਸੁਣ ਕੇ ਅਨਹਦ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਜਿਵੇਂ ਹੜ੍ਹ ਹੀ ਵਹਿ ਤੁਰਿਆ। ਉਹ ਬਹੁਤ ਦੇਰ ਤੱਕ ਇਕੱਲਾ ਰੋਂਦਾ ਰਿਹਾ ਅਤੇ ਰੱਬ ਅੱਗੇ ਉਸਦੀ ਮਾਂ ਦੀ ਵਾਪਿਸੀ ਦੇ ਹਾੜੇ ਕੱਢਦਾ ਰਿਹਾ। ਉਹ ਰਾਤ ਉਸ ਨੇ ਜਾਗ ਕੇ ਕੱਟੀ, ਨੀਂਦ ਜਿਵੇਂ ਅੱਖਾਂ ਵਿੱਚੋਂ ਗਾਇਬ ਹੀ ਹੋ ਗਈ। ਜ਼ਿੰਦਗੀ ਦੇ ਇਨ੍ਹਾਂ ਤਿੰਨ ਸਾਲਾਂ ਦੇ ਪੜਾਅ ਵਿੱਚ ਅਨਹਦ ਨੇ ਆਪਣੇ ਦੋਸਤ-ਮਿੱਤਰ ਜਿਵੇਂ ਤਿਆਗ ਹੀ ਦਿੱਤੇ। ਸਮਾਜ ਅਤੇ ਸਮਾਜਿਕ ਗਤੀਵਿਧੀਆਂ ਤੋਂ ਖ਼ੁਦ ਨੂੰ ਬਹੁਤ ਦੂਰ ਕਰ ਲਿਆ। ਆਪਣੇ ਬੇਟੇ ਨੂੰ ਹੀ ਆਪਣੀ ਜ਼ਿੰਦਗੀ ਬਣਾ ਲਿਆ। ਉਸ ਨੇ ਸਵੇਰੇ ਆਪਣੇ ਬੇਟੇ ਨੂੰ ਆਪਣੇ ਹੱਥੀਂ ਤਿਆਰ ਕਰਕੇ ਸਕੂਲ ਭੇਜਣਾ ਤੇ ਸਕੂਲੋਂ ਆਏ ਨੂੰ ਤਾਜ਼ੀ ਤੇ ਗਰਮ ਰੋਟੀ ਦੇਣ ਲਈ ਰੋਟੀ ਪਕਾਉਣੀ ਵੀ ਸਿੱਖੀ। ਇੰਝ ਕਹਿ ਲਵੋ ਕਿ ਉਸ ਨੇ ਆਪਣਾ ਸਭ ਕੁੱਝ ਆਪਣੇ ਬੇਟੇ ਤੋਂ ਕੁਰਬਾਨ ਕਰ ਦਿੱਤਾ। ਉਦੋਂ ਹੀ ਅਨਹਦ ਨੂੰ ਮਾਂ, ਮਾਂ ਦੇ ਫ਼ਰਜ਼ ਤੇ ਉਸਦੀ ਸਾਡੀ ਜ਼ਿੰਦਗੀ ਵਿੱਚ ਹੋਂਦ ਦਾ ਅਹਿਸਾਸ ਹੋਇਆ। ਅਨਹਦ ਦੇ ਸਭ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਉਹ ਆਪਣੇ ਬੇਟੇ ਦੀ ਮਾਂ ਦੀ ਥਾਂ ਨਾ ਲੈ ਸਕਿਆ। ਸਚਮੁੱਚ, ਮਾਂ ਰੱਬ ਦੀ ਬਖ਼ਸ਼ੀ ਅਜਿਹੀ ਅਣਮੁੱਲੀ ਦਾਤ ਹੈ, ਜਿਸਦੀ ਜਗ੍ਹਾ ਸ਼ਾਇਦ ਰੱਬ ਆਪ ਵੀ ਨਹੀਂ ਲੈ ਸਕਦਾ।

ਲੇਖਕ: ਅਭਿਜੀਤ ਅਬੋਹਰ, 95929-00486

ਪੰਜਾਬ ਸਟਾਰ
www.punjabstar.com

# ਤੀਜੀ ਵਾਰ ਟੀ-20 ਵਿਸ਼ਵ ਚੈਂਪੀਅਨ ਬਣਿਆ

## ਪਹਿਲੀ ਵਾਰ ਮੇਜ਼ਬਾਨ ਟੀਮ ਨੇ ਖਿਤਾਬ ਜਿੱਤਿਆ; ਨਿਊਜ਼ੀਲੈਂਡ ਨੂੰ 96 ਦੌੜਾਂ ਨਾਲ ਹਰਾਇਆ; ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਧਾਈ




ਅਹਿਮਦਾਬਾਦ : ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਏ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ 2026 ਦੇ ਫਾਈਨਲ ਮੈਚ ’ਚ ਭਾਰਤ ਨੇ ਨਿਊਜ਼ੀਲੈਂਡ ਨੂੰ ਹਰਾ ਟੀ-20 ਵਿਸ਼ਵ ਕੱਪ ਅਪਣੇ ਨਾਮ ਕਰ ਲਿਆ। ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ। ਭਾਰਤ ਦੀ ਤਾਕਤਵਰ ਬੱਲੇਬਾਜ਼ੀ ਲਾਈਨ-ਅੱਪ ਨੇ ਨਿਊਜ਼ੀਲੈਂਡ ਵਿਰੁੱਧ ਫਾਈਨਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਭਾਰਤ ਨੇ 20 ਓਵਰਾਂ ਵਿੱਚ 255/5 ਦੌੜਾਂ ਬਣਾਈਆਂ। ਇਹ ਠ20 ਵਰਲਡ ਕੱਪ ਫਾਈਨਲ ਵਿੱਚ ਸਭ ਤੋਂ ਵੱਡਾ ਸਕੋਰ ਹੈ। ਨਿਊਜ਼ੀਲੈਂਡ ਦੇ ਤੇਜ਼ ਗੇਂਦਬਾਜ਼ ਲਾਈਨ 'ਤੇ ਕਾਬੂ ਨਹੀਂ ਰੱਖ ਸਕੇ, ਜਦਕਿ ਭਾਰਤ ਦੇ ਖੱਬੇ-ਸੱਜੇ ਹੱਥ ਦੇ ਓਪਨਰ ਸੰਜੂ ਸੈਮਸਨ ਅਤੇ ਅਭਿਸ਼ੇਕ ਸ਼ਰਮਾ ਨੇ ਨੇ ਪਹਿਲੇ ਛੇ ਓਵਰਾਂ ਵਿੱਚ 92 ਦੌੜਾਂ ਬਣਾ ਕੇ ਦਬਾਅ ਬਣਾਇਆ। ਸੈਮਸਨ-ਸ਼ਰਮਾ ਜੋੜੀ ਠ20 ਵਰਲਡ ਕੱਪ ਫਾਈਨਲ ਵਿੱਚ 50+ ਰਨ ਦੀ ਸਾਂਝ ਬਣਾਉਣ ਵਾਲੀ ਪਹਿਲੀ ਓਪਨਿੰਗ ਜੋੜੀ ਬਣੀ।

ਮੈਟ ਹੈਨਰੀ ਨੇ ਪੰਜਵੇਂ ਓਵਰ ਵਿੱਚ ਚਾਰ ਵਾਈਡ ਸੁੱਟੀਆਂ, ਜਿਸ ਨਾਲ ਪਾਵਰਪਲੇ ਵਿੱਚ ਨਿਊਜ਼ੀਲੈਂਡ ਨੇ ਕੁੱਲ ਅੱਠ ਵਾਧੂ ਗੇਂਦਾਂ ਸੁੱਟੀਆਂ। ਸ਼ਰਮਾ, ਜੋ ਟੂਰਨਾਮੈਂਟ ਦੇ ਸ਼ੁਰੂ ਵਿੱਚ ਫਾਰਮ ਵਿੱਚ ਨਹੀਂ ਸੀ, ਫਾਈਨਲ ਵਿੱਚ ਚਮਕਿਆ। ਉਸਨੇ ਸਿਰਫ 18 ਗੇਂਦਾਂ 'ਤੇ ਛੇ ਚੌਕੇ ਅਤੇ ਤਿੰਨ ਛੱਕਿਆਂ ਦੀ ਮਦਦ ਨਾਲ ਟੂਰਨਾਮੈਂਟ ਦੀ ਸਭ ਤੋਂ ਤੇਜ਼ ਅੱਧੀ ਸੈਂਚਰੀ ਪੂਰੀ ਕੀਤੀ।

ਰਚਿਨ ਰਵਿੰਦ੍ਰਾ ਨੇ ਆਪਣੀ ਟੀਮ ਨੂੰ ਤੋੜ ਮੁਹੱਈਆ ਕਰਵਾਇਆ ਜਦੋਂ ਉਸ ਨੇ ਸ਼ਰਮਾ ਨੂੰ ਵਿਕਟਕੀਪਰ ਦੇ ਹਵਾਲੇ ਕੀਤਾ। ਇੱਕ ਵਿਕਟ ਗੁਆਉਣ ਤੋਂ ਬਾਅਦ ਵੀ ਭਾਰਤ ਨੇ ਨਿਊਜ਼ੀਲੈਂਡ ਨੂੰ ਮੈਚ ਵਿੱਚ ਪੈਰ ਜਮਾਉਣ ਦਾ ਮੌਕਾ ਨਹੀਂ ਦਿੱਤਾ। ਸੈਮਸਨ ਅਤੇ ਇਸ਼ਾਨ ਕਿਸ਼ਨ ਨੇ ਧਮਾਕੇਦਾਰ ਬੱਲੇਬਾਜ਼ੀ ਕੀਤੀ ਅਤੇ ਸਿਰਫ਼ 48 ਗੇਂਦਾਂ 'ਤੇ ਦੂਜੇ ਵਿਕਟ ਲਈ 105 ਦੌੜਾਂ ਜੋੜੀਆਂ। ਉਸ ਨੇ 5 ਚੌਕੇ ਅਤੇ 8 ਛੱਕੇ ਮਾਰ ਕੇ 45 ਗੇਂਦਾਂ 'ਤੇ 89 ਦੌੜਾਂ ਬਣਾਈਆਂ। ਉਹ ਤੀਜਾ ਖਿਡਾਰੀ ਬਣਿਆ ਜਿਸ ਨੇ ਟੀ-20 ਵਰਲਡ ਕੱਪ ਦੇ ਸੈਮੀਫਾਈਨਲ ਅਤੇ ਫਾਈਨਲ ਦੋਵੇਂ ਵਿੱਚ ਅੱਧੀ ਸੈਂਚਰੀ ਬਣਾਈ। ਕਿਸ਼ਨ ਨੇ ਵੀ ਆਪਣੀ ਅੱਧੀ ਸੈਂਚਰੀ ਪੂਰੀ ਕੀਤੀ। 4 ਚੌਕੇ ਅਤੇ 4 ਛੱਕਿਆਂ ਨਾਲ, ਕਿਸ਼ਨ ਨੇ 25 ਗੇਂਦਾਂ 'ਤੇ 54 ਦੌੜਾਂ ਬਣਾਈਆਂ।

ਜੇਮਸ ਨੀਸ਼ਮ ਦੇ ਓਵਰ ਨੇ ਭਾਰਤ ਦੀ ਰਫ਼ਤਾਰ ਰੋਕੀ। ਸੈਮਸਨ ਇੱਕ ਫੁੱਲ ਟਾਸ 'ਤੇ ਦੌੜ ਨਹੀਂ ਬਣਾ ਸਕਿਆ, ਅਤੇ ਉਸੇ ਓਵਰ ਵਿੱਚ ਕਿਸ਼ਨ ਅਤੇ ਸੂਰਯਕੁਮਾਰ ਯਾਦਵ ਵੀ ਆਊਟ ਹੋ ਗਏ, ਜਿਸ ਵਿੱਚ ਯਾਦਵ ਨੂੰ ਰਵਿੰਦਰਾ ਨੇ ਸ਼ਾਨਦਾਰ ਕੈਚ ਨਾਲ ਪਵਿਲੀਅਨ ਭੇਜਿਆ। ਇਸ ਤਰ੍ਹਾਂ ਭਾਰਤ 16ਵੇਂ ਓਵਰ ਵਿੱਚ 203/2 ਤੋਂ 204/4 'ਤੇ ਪਹੁੰਚ ਗਿਆ। ਕੁਝ ਸਮੇਂ ਲਈ ਦੌੜਾਂ ਦੀ ਗਤੀ ਹੌਲੀ ਹੋਈ, ਪਰ ਆਖ਼ਰੀ ਦੋ ਓਵਰਾਂ ਵਿੱਚ ਭਾਰਤ ਨੇ ਮੁੜ ਰਫ਼ਤਾਰ ਫੜੀ। ਸ਼ਿਵਮ ਦੂਬੇ ਨੇ ਤਿੰਨ ਚੌਕੇ ਅਤੇ ਦੋ ਛੱਕੇ ਮਾਰ ਕੇ ਆਖ਼ਰੀ ਓਵਰ ਵਿੱਚ 24 ਦੌੜਾਂ ਬਣਾਈਆਂ ਅਤੇ ਭਾਰਤ ਨੂੰ 250 ਤੋਂ ਉੱਪਰ ਲੈ ਗਿਆ। ਕੁੱਲ ਮਿਲਾ ਕੇ, ਭਾਰਤ ਨੇ 19 ਚੌਕੇ ਅਤੇ 18 ਛੱਕੇ ਮਾਰ ਕੇ ਬਾਊਂਡਰੀਆਂ ਰਾਹੀਂ 184 ਦੌੜਾਂ ਹਾਸਲ ਕੀਤੀਆਂ। ਭਾਰਤ ਨੇ ਨਿਊਜ਼ੀਲੈਂਡ ਨੂੰ ਦਿੱਤਾ 256 ਦੌੜਾਂ ਬਣਾਉਣ ਦਾ ਟੀਚਾ ਦਿੱਤਾ।

ਜਵਾਬੀ ਪਾਰੀ ਵਿੱਚ ਨਿਊਜ਼ੀਲੈਂਡ ਨੂੰ ਸ਼ੁਰੂਆਤੀ ਝਟਕੇ ਲੱਗੇ। ਫਿਨ ਐਲਨ, ਰਚਿਨ ਰਵਿੰਦਰਾ ਅਤੇ ਗਲੇਨ ਫਿਲਿਪਸ ਸਸਤੇ ਵਿੱਚ ਆਊਟ ਹੋ ਗਏ। ਐਲਨ, ਜਿਸਨੂੰ ਪਹਿਲਾਂ ਜੀਵਨਦਾਨ ਮਿਲਿਆ ਸੀ, ਅਕਸਰ ਪਟੇਲ ਦੀ ਗੇਂਦ 'ਤੇ ਲਾਂਗ-ਆਨ 'ਤੇ ਕੈਚ ਹੋ ਗਿਆ। ਅਗਲੇ ਓਵਰ ਵਿੱਚ ਜਸਪ੍ਰੀਤ ਬੁਮਰਾਹ ਨੇ ਪਹਿਲੀ ਹੀ ਗੇਂਦ 'ਤੇ ਰਵਿੰਦਰਾ ਨੂੰ ਆਊਟ ਕਰ ਦਿੱਤਾ, ਜਦੋਂ ਇਸ਼ਾਨ ਕਿਸ਼ਨ ਨੇ ਸ਼ਾਨਦਾਰ ਡਾਈਵਿੰਗ ਕੈਚ ਲਿਆ। ਆਪਣੇ ਘਰੇਲੂ ਮੈਦਾਨ 'ਤੇ ਖੇਡਦੇ ਹੋਏ ਅਕਸਰ ਪਟੇਲ ਨੇ ਫਿਲਿਪਸ ਨੂੰ ਬੋਲਡ ਕਰਕੇ ਸਕੋਰ 47/3 ਕਰ ਦਿੱਤਾ। ਅਹਿਮਦਾਬਾਦ ਵਿੱਚ ਨਿਊਜ਼ੀਲੈਂਡ ਦਾ ਤੇਜ਼ ਗੇਂਦਬਾਜ਼ੀ 'ਤੇ ਨਿਰਭਰ ਕਰਨ ਦਾ ਫੈਸਲਾ ਉਲਟਾ ਪੈ ਗਿਆ। ਹੈਨਰੀ ਜਲਦੀ ਹੀ ਆਪਣਾ ਸੰਤੁਲਨ ਗੁਆ ਬੈਠਾ, ਜਦਕਿ ਲਾਕੀ ਫਰਗੂਸਨ ਨੂੰ ਭਾਰਤੀ ਬੱਲੇਬਾਜ਼ਾਂ ਨੇ ਨਿਸ਼ਾਨਾ ਬਣਾਇਆ ਅਤੇ ਉਸ ਦੇ ਦੋ ਓਵਰਾਂ 'ਚੋਂ 48 ਦੌੜਾਂ ਕੱਢੀਆਂ। ਟਿਮ ਸਾਈਫਰਟ ਨੇ ਸਿਰਫ਼ 23 ਗੇਂਦਾਂ 'ਤੇ ਆਪਣੀ ਅੱਧੀ ਸੈਂਚਰੀ ਪੂਰੀ ਕੀਤੀ ਅਤੇ ਨਿਊਜ਼ੀਲੈਂਡ 7 ਓਵਰਾਂ ਬਾਅਦ 68/3 ਬਣਾਏ। ਮਾਰਕ ਚੈਪਮੈਨ 8 ਗੇਂਦਾਂ 'ਤੇ 3 ਦੌੜਾਂ ਬਣਾ ਕੇ ਹਾਰਦਿਕ ਪੰਡਿਆ ਦਾ ਸ਼ਿਕਾਰ ਹੋਇਆ। ਅਠਵੇਂ ਓਵਰ ਤੱਕ ਨਿਊਜ਼ੀਲੈਂਡ ਦਾ ਸਕੋਰ 72/4 'ਤੇ ਸੀ ਜੋ ਕਿ 12ਵੇਂ ਓਵਰ ’ਚ 119/5 ਹੋ ਗਿਆ। 15ਵੇਂ ਓਵਰ ਤਕ ਉਸਦੇ 6 ਖਿਲਾੜੀ ਆਊਟ ਹੋ ਚੁਕੇ ਸੀ ਅਤੇ ਜਿੱਤ ਲਈ 30 ਗੇਂਦਾ ਤੇ 117 ਰਨ ਬਣਾਉਣੇ ਸੀ। ਅਭਿਸ਼ੇਕ ਸ਼ਰਮਾ ਨੇ ਨਿਊਜ਼ੀਲੈਂਡ ਦੀ ਆਖਰੀ ਵਿਕੇਟ ਚਟਖਾ ਕੇ ਪੂਰੀ ਟੀਮ 159 ਤੇ ਪੈਵੇਲਿਅਨ ਭੇਜ ਦਿੱਤਾ। ਜਸਪ੍ਰੀਤ ਬੁਮਰਾਹ 'ਪਲੇਅਰ ਆਫ਼ ਦ ਮੈਚ' ਅਤੇ ਸੰਜੂ ਸੈਮਸਨ 'ਪਲੇਅਰ ਆਫ਼ ਦ ਸੀਰੀਜ਼' ਐਲਾਨੇ ਗਏ।

# ਮੁੱਕੇਬਾਜ਼ੀ: ਰਾਧਾਮਨੀ ਤੇ ਸਾਹਿਲ ਦੂਹਨ ਜਿੱਤੇ



ਇੱਥੇ ਵਰਲਡ ਬਾਕਸਿੰਗ ਫਿਊਚਰ ਕੱਪ ਵਿੱਚ ਭਾਰਤੀ ਮੁੱਕੇਬਾਜ਼ੀ ਟੀਮ ਲਈ ਅੱਜ ਰਲਿਆ-ਮਿਲਿਆ ਦਿਨ ਰਿਹਾ ਜਿੱਥੇ ਰਾਧਾਮਨੀ ਲੋਂਗਜਾਮ ਤੇ ਸਾਹਿਲ ਦੂਹਨ ਨੇ ਜਿੱਤ ਦਰਜ ਕੀਤੀ ਜਦਕਿ ਊਧਮ ਸਿੰਘ ਟੂਰਨਾਮੈਂਟ ’ਚੋਂ ਬਾਹਰ ਹੋ ਗਿਆ। ਔਰਤਾਂ ਦੇ 57 ਕਿੱਲੋ ਭਾਰ ਵਰਗ ਵਿੱਚ ਰਾਧਾਮਨੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਉਜ਼ਬੇਕਿਸਤਾਨ ਦੀ ਮੁੱਕੇਬਾਜ਼ ਨੂੰ ਹਰਾਇਆ। ਰਾਧਾਮਨੀ ਨੇ ਤੀਜੇ ਰਾਊਂਡ ਵਿੱਚ ਰੈਫਰੀ ਵੱਲੋਂ ਮੁਕਾਬਲਾ ਰੋਕਣ (ਆਰ ਐੱਸ ਸੀ) ਦੇ ਆਧਾਰ ’ਤੇ ਜਿੱਤ ਦਰਜ ਕੀਤੀ। ਟੂਰਨਾਮੈਂਟ ’ਚ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦਿਆਂ ਸਾਹਿਲ ਨੇ ਪੁਰਸ਼ਾਂ ਦੇ 60 ਕਿੱਲੋ ਭਾਰ ਵਰਗ ਵਿੱਚ ਤੁਰਕਮੇਨਿਸਤਾਨ ਦੇ ਮੁੱਕੇਬਾਜ਼ ਨੂੰ 5-0 ਨਾਲ ਹਰਾਇਆ। ਇਸ ਦੌਰਾਨ ਪੁਰਸ਼ਾਂ ਦੇ 55 ਕਿੱਲੋ ਭਾਰ ਵਰਗ ’ਚ ਊਧਮ ਸਿੰਘ ਨੂੰ ਸਖਤ ਮੁਕਾਬਲੇ ’ਚ ਜਾਪਾਨੀ ਮੁੱਕੇਬਾਜ਼ ਤੋਂ 2-3 ਅੰਕਾਂ ਦੇ ਫਰਕ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

# 28 ਮਾਰਚ ਤੋਂ ਸ਼ੁਰੂ ਹੋਵੇਗਾ IPL 2026




ਆਈਪੀਐਲ 2026 28 ਮਾਰਚ ਨੂੰ ਸ਼ੁਰੂ ਹੋਵੇਗਾ। ਇਸ ਦਾ ਐਲਾਨ ਐਤਵਾਰ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਭਾਰਤ-ਨਿਊਜ਼ੀਲੈਂਡ ਟੀ-20 ਵਿਸ਼ਵ ਕੱਪ ਫਾਈਨਲ ਤੋਂ ਪਹਿਲਾਂ ਕੀਤਾ ਗਿਆ। ਇਹ ਟੂਰਨਾਮੈਂਟ ਅਸਲ ਵਿੱਚ 26 ਮਾਰਚ ਨੂੰ ਸ਼ੁਰੂ ਹੋਣਾ ਸੀ, ਪਰ ਤਾਮਿਲਨਾਡੂ, ਕੇਰਲ, ਅਸਾਮ, ਪੱਛਮੀ ਬੰਗਾਲ ਅਤੇ ਪੁਡੂਚੇਰੀ ਵਿੱਚ ਚੋਣਾਂ ਕਾਰਨ ਸ਼ਡਿਊਲ ਬਦਲ ਦਿੱਤਾ ਗਿਆ ਸੀ। ਹਾਲਾਂਕਿ, ਆਈਪੀਐਲ ਨੇ ਅਜੇ ਤੱਕ ਪੂਰਾ ਸ਼ਡਿਊਲ ਜਾਰੀ ਨਹੀਂ ਕੀਤਾ ਹੈ।

ਵਿਧਾਨ ਸਭਾ ਚੋਣਾਂ ਵਾਲੇ ਰਾਜਾਂ ਵਿੱਚ ਤਿੰਨ ਵੱਡੇ ਸਟੇਡੀਅਮ ਹਨ ਜਿਨ੍ਹਾਂ ਨੂੰ ਆਈਪੀਐਲ ਸਥਾਨਾਂ ਵਜੋਂ ਵਰਤਿਆ ਗਿਆ ਹੈ। ਤਾਮਿਲਨਾਡੂ ਦੇ ਚੇਨਈ ਵਿੱਚ ਐਮਏ ਚਿਦੰਬਰਮ ਸਟੇਡੀਅਮ (ਚੇਪਕ) ਚੇਨਈ ਸੁਪਰ ਕਿੰਗਜ਼ ਦਾ ਘਰੇਲੂ ਮੈਦਾਨ ਹੈ। ਪੱਛਮੀ ਬੰਗਾਲ ਦੇ ਕੋਲਕਾਤਾ ਵਿੱਚ ਈਡਨ ਗਾਰਡਨ, ਕੋਲਕਾਤਾ ਨਾਈਟ ਰਾਈਡਰਜ਼ ਦਾ ਘਰੇਲੂ ਮੈਦਾਨ ਹੈ, ਜਦੋਂ ਕਿ ਅਸਾਮ ਦੇ ਗੁਹਾਟੀ ਵਿੱਚ ਬਾਰਸਾਪਾਰਾ ਕ੍ਰਿਕਟ ਸਟੇਡੀਅਮ, ਰਾਜਸਥਾਨ ਰਾਇਲਜ਼ ਦਾ ਦੂਜਾ ਘਰੇਲੂ ਮੈਦਾਨ ਰਿਹਾ ਹੈ।

# ਤਜਿੰਦਰਪਾਲ ਸਿੰਘ ਤੂਰ ਨੇ 20 ਮੀਟਰ ਤੋਂ ਵੱਧ ਗੋਲਾ ਸੁੱਟ ਕੇ ਸੋਨਾ ਜਿੱਤਿਆ




ਪਟਿਆਲਾ, ਏਸ਼ੀਆਈ ਖੇਡਾਂ ਦੇ ਸੋਨੇ ਦੇ ਤਗਮੇ ਜੇਤੂ ਅਤੇ ਰਾਸ਼ਟਰੀ ਰਿਕਾਰਡ ਧਾਰਕ ਤਜਿੰਦਰਪਾਲ ਸਿੰਘ ਤੂਰ ਨੇ ਸ਼ਨੀਵਾਰ ਨੂੰ ‘ਇੰਡੀਆਨ ਓਪਨ ਥ੍ਰੋ’ ਮੁਕਾਬਲੇ ਦੇ ਪਹਿਲੇ ਦਿਨ ਗੋਲਾ ਫੈਂਕ (ਸ਼ਾਟ ਪੁੱਟ) ਪ੍ਰਤੀਯੋਗਿਤਾ ਵਿੱਚ 20 ਮੀਟਰ ਤੋਂ ਵੱਧ ਦਾ ਥ੍ਰੋ ਕਰਕੇ ਸੋਨੇ ਦਾ ਤਗਮਾ ਜਿੱਤਿਆ। ਪੰਜਾਬ ਦੇ 31 ਸਾਲਾ ਐਥਲੀਟ ਨੇ ਸੈਸ਼ਨ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਦੇ ਹੋਏ 20.51 ਮੀਟਰ ਦੀ ਦੂਰੀ ਦੇ ਥ੍ਰੋ ਨਾਲ ਸੋਨਾ ਹਾਸਲ ਕੀਤਾ। ਪਟਿਆਲਾ ਸਥਿਤ ਰਾਸ਼ਟਰੀ ਖੇਡ ਸੰਸਥਾਨ ਪ੍ਰੰਗਣ ਵਿੱਚ ਦੋ ਦਿਨੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਤੋਂ ਬਾਅਦ ਤੂਰ ਨੇ ਕਿਹਾ, “ਮੈਂ ਆਪਣੇ ਪ੍ਰਦਰਸ਼ਨ ਨਾਲ ਸੰਤੁਸ਼ਟ ਹਾਂ।”

ਤੂਰ ਨੇ ਹੋਰ ਦੋ ਪ੍ਰਯਾਸਾਂ (20.02 ਮੀਟਰ ਅਤੇ 20.07 ਮੀਟਰ) ਵਿੱਚ ਵੀ 20 ਮੀਟਰ ਦਾ ਅੰਕੜਾ ਪਾਰ ਕੀਤਾ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਦਾ ਟ੍ਰੇਨਿੰਗ ਸੈਸ਼ਨ ਚੰਗਾ ਚੱਲ ਰਿਹਾ ਸੀ। ਤੂਰ ਦਾ ਰਾਸ਼ਟਰੀ ਰਿਕਾਰਡ 21.17 ਮੀਟਰ ਜੂਨ 2023 ਵਿੱਚ ਬਣਿਆ ਸੀ। ਇਸ ਸੈਸ਼ਨ ਵਿੱਚ ਉਨ੍ਹਾਂ ਦਾ ਮੁੱਖ ਲਕਸ਼ ਜਪਾਨ ਦੇ ਆਇਚੀ-ਨਾਗੋਆ ਏਸ਼ੀਆਈ ਖੇਡਾਂ ਵਿੱਚ ਆਪਣੇ ਖਿਤਾਬ ਨੂੰ ਬਰਕਰਾਰ ਰੱਖਣ ਲਈ ਸਾਲ ਦੇ ਅੰਤ ਤੱਕ ਸਭ ਤੋਂ ਵਧੀਆ ਪ੍ਰਦਰਸ਼ਨ ਕਰਨਾ ਹੈ। ਪਟਿਆਲਾ ਵਿੱਚ ਸ਼ਨੀਵਾਰ ਨੂੰ ਹੋਏ ਹੈਮਰ ਥ੍ਰੋ ਮੁਕਾਬਲੇ ਵਿੱਚ ਰਿਲਾਇੰਸ ਦਾ ਪ੍ਰਤੀਨਿਧਿਤਾ ਕਰਨ ਵਾਲੇ ਸੋਨੇ ਦੇ ਤਗਮੇ ਜੇਤੂ ਦਮਨੀਤ ਸਿੰਘ ‘ਤੇ ਵੀ ਸਭ ਦੀਆਂ ਨਿਗਾਹਾਂ ਟਿਕੀਆਂ ਸਨ। ਉਨ੍ਹਾਂ ਦਾ ਸਭ ਤੋਂ ਵਧੀਆ ਥ੍ਰੋ 70.64 ਮੀਟਰ ਰਿਹਾ ਜੋ ਰਾਸ਼ਟਰੀ ਰਿਕਾਰਡ 70.73 ਮੀਟਰ ਤੋਂ ਘੱਟ ਸੀ।

# ਸਵਿਸ ਓਪਨ ’ਚ ਨਹੀਂ ਖੇਡੇਗੀ ਸਿੰਧੂ

ਦੋ ਓਲੰਪਿਕ ਤਗ਼ਮੇ ਜੇਤੂ ਭਾਰਤੀ ਬੈਡਮਿੰਟਨ ਖਿਡਾਰਨ ਪੀ ਵੀ ਸਿੰਧੂ ਦੁਬਈ ਵਿੱਚ ਤਿੰਨ ਦਿਨ ਫਸੇ ਰਹਿਣ ਦੇ ਤਣਾਅ ’ਚੋਂ ਹਾਲੇ ਵੀ ਨਹੀਂ ਉੱਭਰੀ, ਜਿਸ ਕਾਰਨ ਉਹ ਸਵਿਸ ਓਪਨ ’ਚ ਨਹੀਂ ਖੇਡੇਗੀ। ਹੁਣ ਐੱਚ ਐੱਸ ਪ੍ਰਣੌਏ ਅਤੇ ਕਿਦਾਂਬੀ ਸ੍ਰੀਕਾਂਤ ਮੰਗਲਵਾਰ ਤੋਂ ਸ਼ੁਰੂ ਹੋ ਰਹੇ 250,000 ਡਾਲਰ ਇਨਾਮੀ ਰਾਸ਼ੀ ਵਾਲੇ ਟੂਰਨਾਮੈਂਟ ’ਚ ਭਾਰਤੀ ਚੁਣੌਤੀ ਪੇਸ਼ ਕਰਨਗੇ। ਇਰਾਨ ’ਤੇ ਅਮਰੀਕਾ ਤੇ ਇਜ਼ਰਾਈਲ ਦੇ ਹਮਲੇ ਤੇ ਇਰਾਨ ਦੀ ਜਵਾਬੀ ਕਾਰਵਾਈ ਦੇ ਚੱਲਦਿਆਂ ਖਾੜੀ ’ਚ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਸਿੰਧੂ ਤਿੰਨ ਦਿਨ ਦੁਬਈ ’ਚ ਫਸੀ ਅਤੇ ਉਸ ਨੂੰ ਆਲ ਇੰਗਲੈਂਡ ਚੈਂਪੀਅਨਸ਼ਿਪ ਵਿਚੋਂ ਨਾਮ ਵਾਪਸ ਲੈਣਾ ਪਿਆ ਸੀ।

ਭਾਰਤੀ ਬੈਡਮਿੰਟਨ ਐਸੋਸੀਏਸ਼ਨ (ਬੀ ਏ ਆਈ) ਦੇ ਸੈਕਟਰੀ ਸੰਜੈ ਮਿਸ਼ਰਾ ਨੇ ਕਿਹਾ, ‘‘ਸਿੰਧੂ ਸਵਿਸ ਓਪਨ ਨਹੀਂ ਖੇਡੇਗੀ। ਸਾਨੂੰ ਪਤਾ ਹੈ ਕਿ ਦੁਬਈ ’ਚ ਫਸਣ ਦਾ ਉਸ ਦਾ ਤਜਰਬਾ ਕਿਵੇਂ ਦਾ ਰਿਹਾ ਹੈ। ਉਹ ਬਰਮਿੰਘਮ ਨਹੀਂ ਜਾ ਸਕੀ ਸੀ। ਉਸ ਨੂੰ ਇਸ ਵਿੱਚੋਂ ਉੱਭਰਨ ਵਿੱਚ ਕੁਝ ਸਮਾਂ ਲੱਗੇਗਾ।’’ ਹੁਣ ਉਹ ਅਪਰੈਲ ਵਿੱਚ ਬੈਡਮਿੰਟਨ ਏਸ਼ੀਆ ਚੈਂਪੀਅਨਸ਼ਿਪ ਰਾਹੀਂ ਵਾਪਸੀ ਕਰੇਗੀ। ਸਵਿਸ ਓਪਨ ਟੂਰਨਾਮੈਂਟ ਦੌਰਾਨ ਪੁਰਸ਼ ਸਿੰਗਲਜ਼ ’ਚ ਸ੍ਰੀਕਾਂਤ, ਪ੍ਰਣੌਏ ਤੋਂ ਇਲਾਵਾ ਤਰੁਨ ਮੰਨੇਪੱਲੀ, ਆਯੂਸ਼ ਸ਼ੈੱਟੀ ਤੇ ਕਿਰਨ ਜੌਰਜ ਚੁਣੌਤੀ ਦੇਣਗੇ। ਪੁਰਸ਼ ਡਬਲਜ਼ ’ਚ ਸਾਤਵਿਕਸਾਈਰਾਜ ਰੰਕੀਰੈੱਡੀ ਅਤੇ ਚਿਰਾਗ ਸ਼ੈੱਟੀ, ਹਰੀਹਰਨ ਏ ਅਤੇ ਐੱਮ ਆਰ ਅਰਜੁਨ ਜਦਕਿ ਮਹਿਲਾ ਸਿੰਗਲਜ਼ ਉੱਨਤੀ ਹੁੱਡਾ ਤੇ ਮਾਲਵਿਕਾ ਬੰਸੋੜ ਚੁਣੌਤੀ ਦੇਵੇਗੀ।










